ੴ ਸਤਿਗੁਰ ਪ੍ਰਸਾਦਿ ॥

# 300 ਸਾਲ
# ਸਿੱਖ ਇਤਿਹਾਸ ਦੇ ਨਾਲ

(ਚੋਣਵੀਆਂ ਸਾਖੀਆਂ)

ਪ੍ਰਕਾਸ਼ਕ :-

ਮਾਤਾ ਕੌਲਾਂ ਜੀ ਭਲਾਈ ਕੇਂਦਰ ਟਰੱਸਟ

ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ।

ਦਾਸ : ਭਾਈ ਗੁਰਇਕਬਾਲ ਸਿੰਘ ਅਤੇ ਸਹਿਯੋਗੀ

ਪ੍ਰਕਾਸ਼ਕ :-
ਮਾਤਾ ਕੌਲਾਂ ਜੀ ਭਲਾਈ ਕੇਂਦਰ ਟਰੱਸਟ
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ।
ਫੋਨ ਨੰਬਰ : 098765-25829, 098765-25830
ਦਾਸ : ਭਾਈ ਗੁਰਇਕਬਾਲ ਸਿੰਘ ਅਤੇ ਸਹਿਯੋਗੀ

# ਸੰਦੇਸ਼

ਧੰਨ ਗੁਰੂ ਨਾਨਕ ਸਾਹਿਬ ਜੀ ਦੀ ਅਪਾਰ ਕਿਰਪਾ ਅਤੇ ਧੰਨ ਧੰਨ ਬਾਬਾ ਨੰਦ ਸਿੰਘ ਜੀ, ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਤੇ ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਦੀਆਂ ਭਰਪੂਰ ਅਸੀਸਾਂ ਲੈਂਦੇ ਹੋਏ ਭਾਈ ਗੁਰਇਕਬਾਲ ਸਿੰਘ ਜੀ ਜਿਥੇ ਨਿਸ਼ਕਾਮ ਕੀਰਤਨ ਦੇ ਨਾਲ-ਨਾਲ ਸਕੂਲਾਂ, ਹਸਪਤਾਲਾਂ ਅਤੇ ਸਰਾਵਾਂ ਰਾਹੀਂ ਲੋਕਾਈ ਦੀ ਸੇਵਾ ਕਰ ਰਹੇ ਹਨ, ਉਥੇ ਪੰਥ ਦਾ ਦਰਦ ਸੀਨੇ ਵਿਚ ਰੱਖਦੇ ਹੋਏ ਵੱਖਰੀਆਂ-ਵੱਖਰੀਆਂ ਧਾਰਮਿਕ ਲਹਿਰਾਂ ਚਲਾ ਕੇ ਸਿੱਖ ਬੱਚੇ-ਬੱਚੀਆਂ, ਨੌਜਵਾਨਾਂ ਨੂੰ ਸਿੱਖੀ ਵਿਰਸੇ ਨਾਲ ਅਤੇ ਗੁਰਬਾਣੀ ਨਾਲ ਜੋੜ ਕੇ ਬੜੀ ਵੱਡੀ ਸੇਵਾ ਨਿਭਾ ਰਹੇ ਹਨ।

ਇਹਨਾਂ ਧਾਰਮਿਕ ਲਹਿਰਾਂ ਦੇ ਸਮੁੰਦਰ ਵਿਚੋਂ ਨਿਕਲੀ ਇਕ ਹੋਰ ਨਿਵੇਕਲੀ ਲਹਿਰ **300 ਸਾਲ ਸਿੱਖ ਇਤਿਹਾਸ ਦੇ ਨਾਲ** ਜਿਥੇ ਇਤਿਹਾਸ ਤੋਂ ਭੁੱਲੇ ਅਤੇ ਭਟਕੇ ਵੀਰਾਂ-ਭੈਣਾਂ ਨੂੰ ਆਪਣੇ ਮਾਣ-ਮੱਤੇ, ਅਨਮੋਲ ਅਤੇ ਕੀਮਤੀ ਇਤਿਹਾਸ ਨਾਲ ਜੋੜੇਗੀ, ਉਥੇ ਬਜ਼ੁਰਗਾਂ ਨੂੰ ਵੀ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਵਾਏਗੀ।

ਨਾਨਕਸਰ ਸੰਪਰਦਾ ਵੱਲੋਂ ਦਾਸ ਭਾਈ ਸਾਹਿਬ ਜੀ ਨੂੰ '300 ਸਾਲ ਸਿੱਖ ਇਤਿਹਾਸ ਦੇ ਨਾਲ' ਦੀ ਇਹ ਸਾਖੀਆਂ ਦੀ ਪੁਸਤਕ ਵਾਸਤੇ ਵਧਾਈ ਦਿੰਦਾ ਹੈ ਅਤੇ ਬੇਨਤੀ ਕਰਦਾ ਹੈ ਕਿ ਅੱਗੇ ਤੋਂ ਵੀ ਐਸੀਆ ਲਹਿਰਾਂ ਚਲਾਉਂਦੇ ਰਹਿਣ, ਜਿਸ ਨਾਲ ਸਿੱਖੀ ਵਿਰਸੇ ਨੂੰ ਸੰਭਾਲਿਆ ਜਾ ਸਕੇ।

ਵੱਲੋਂ ਬਾਬਾ ਕੁੰਦਨ ਸਿੰਘ ਜੀ ਦੇ ਸੇਵਾਦਾਰ
ਦਾਸ ਬਾਬਾ ਹਰਭਜਨ ਸਿੰਘ
(ਨਾਨਕਸਰ ਕਲੇਰਾਂ)

# ਸੰਦੇਸ਼

ਅੱਜ ਦੇ ਆਧੁਨਿਕ ਯੁੱਗ ਵਿਚ ਜਿਥੇ ਸਿੱਖ ਵੀਰ/ਭੈਣਾਂ/ਬਜ਼ੁਰਗ ਸਿੱਖ ਇਤਿਹਾਸ ਦੇ ਆਪਣੇ ਅਣਮੁੱਲੇ ਖ਼ਜ਼ਾਨੇ ਦੀਆਂ ਕਦਰਾਂ ਕੀਮਤਾਂ ਨੂੰ ਅਣਜਾਣੇ ਵਿਚ ਆਪਣੇ ਦਿਲ ਦਿਮਾਗ ਤੋਂ ਖ਼ਤਮ ਕਰ ਰਹੇ ਹਨ, ਉਥੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨੇ ਗੁਰੂ ਸਾਹਿਬ ਦੀ ਕਿਰਪਾ ਸਦਕਾ ਇਹ ਚੌਥੀ ਲਹਿਰ 300 ਸਾਲ ਸਿੱਖ ਇਤਿਹਾਸ ਦੇ ਨਾਲ ਚਲਾ ਕੇ ਇਹਨਾਂ ਦੇ ਦਿਲ ਦਿਮਾਗ ਅਤੇ ਮਨਾਂ ਨੂੰ ਹਿਲਾ ਕੇ ਜਗਾਇਆ ਹੈ ਕਿ ਉਠੋ ਪੰਥ ਦੇ ਵਾਰਸੋ! ਸੰਭਾਲੋ ਗੁਰਬਾਣੀ ਅਤੇ ਇਤਿਹਾਸ ਦੇ ਇਸ ਅਨਮੁੱਲੇ ਖ਼ਜ਼ਾਨੇ ਨੂੰ ਅਤੇ ਸਿੱਖੀ ਦੇ ਅਮੀਰ ਵਿਰਸੇ ਨੂੰ ਪਛਾਣੋ।

ਭਾਈ ਸਾਹਿਬ ਸਿਰਫ ਨਿਸ਼ਕਾਮ ਕੀਰਤਨੀਏ ਹੀ ਨਹੀਂ ਸਗੋਂ ਲੋਕਾਂ ਦੀ ਅਤੇ ਸਿੱਖੀ ਦੀ ਸੇਵਾ ਲਈ ਹਰ ਵੇਲੇ ਮੋਹਰੀ ਕਤਾਰ ਵਿਚ ਖੜ੍ਹਦੇ ਹਨ।

ਸਤਿਗੁਰਾਂ ਅੱਗੇ ਅਰਦਾਸ ਹੈ ਕਿ ਭਾਈ ਸਾਹਿਬ ਜੀ ਦੇ ਸਿੱਖੀ ਲਈ ਇਹ ਉਪਰਾਲੇ ਨਿਰੰਤਰ ਜਾਰੀ ਰਹਿਣ।

ਹਾਰਦਿਕ ਵਧਾਈਆਂ ਸਹਿਤ।

ਦਾਸ: ਸਿੰਘ ਸਾਹਿਬ ਗਿ. ਜਸਵਿੰਦਰ ਸਿੰਘ
ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ,
ਸ੍ਰੀ ਅੰਮ੍ਰਿਤਸਰ।

# ਭੂਮਿਕਾ

ਇਤਿਹਾਸ ਆਪਣੇ ਆਪ ਵਿਚ ਇਕ ਐਸਾ ਸੰਪੂਰਨ ਲਫਜ਼ ਹੈ ਜੋ "ਗਾਗਰ ਵਿਚ ਸਾਗਰ" ਵਾਂਗ ਆਪਣੇ ਆਪ ਵਿਚ ਬਹੁਤ ਕੁਝ ਸੰਭਾਲ ਕੇ ਬੈਠਾ ਹੁੰਦਾ ਹੈ। ਆਪਣੇ ਪੁਰਖਾਂ ਵੱਲੋਂ ਕੀਤੇ ਮਹਾਨ ਕੰਮਾਂ ਨੂੰ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਅਤੇ ਅਗਲੀਆਂ ਪੀੜ੍ਹੀਆਂ ਤਕ, ਪਹੁੰਚਾਉਣ ਦਾ ਕੰਮ ਇਤਿਹਾਸ ਹੀ ਕਰਦਾ ਹੈ।

ਇਤਿਹਾਸਕਾਰਾਂ ਦਾ ਕਥਨ ਹੈ ਕਿ ਜਿਹੜੀ ਕੌਮ ਆਪਣੇ ਇਤਿਹਾਸ ਨੂੰ ਭੁੱਲ ਜਾਂਦੀ ਹੈ ਉਸਦਾ ਪਤਨ ਹੋਣਾ ਸ਼ੁਰੂ ਹੋ ਜਾਂਦਾ ਹੈ। ਇਤਿਹਾਸ ਕੌਮ ਦਾ ਸਰਮਾਇਆ ਹੁੰਦਾ ਹੈ।

ਇਕ ਛੋਟਾ ਬੱਚਾ ਉਹੀ ਕਰਦਾ ਹੈ ਜੋ ਉਸਦੇ ਮਾਂ-ਬਾਪ ਉਸਨੂੰ ਸਿਖਾਉਂਦੇ ਹਨ। ਇਸੇ ਤਰ੍ਹਾਂ ਕੌਮ ਵਿਚ ਵੱਡਿਆਂ ਦੇ ਪਾਏ ਪੂਰਨਿਆਂ ਤੋਂ ਹੀ ਅਗਲੀਆਂ ਪੀੜ੍ਹੀਆਂ ਰਸਤਾ ਲੈਂਦੀਆਂ ਹਨ।

ਸਿੱਖ ਕੌਮ ਗੁਰੂਆਂ, ਭਗਤਾਂ, ਸੂਰਬੀਰ ਅਤੇ ਸ਼ਹੀਦਾਂ ਦੀ ਕੌਮ ਹੈ। ਪਰ ਅਫਸੋਸ ਇਸਦੇ ਲਹੂ-ਭਿੱਜੇ ਅਨਮੋਲ ਖ਼ਜ਼ਾਨੇ ਨੂੰ ਅੱਜ ਸਿੱਖ ਬੱਚੇ/ਵੀਰ/ਭੈਣਾਂ/ਬਜ਼ੁਰਗ ਸੰਭਾਲਣ ਤੋਂ ਅਸਮਰੱਥ ਹੋ ਕੇ ਬੈਠੇ ਹਨ। ਇਹਨਾਂ ਦਾ ਦੋਸ਼ ਨਹੀਂ, ਦੋਸ਼ ਸਾਡਾ ਆਪਣਾ ਹੈ ਕਿ ਅਸੀਂ ਆਪਣੀ ਕੌਮ ਦੇ ਇਹਨਾਂ ਵਾਰਸਾਂ ਨੂੰ ਅਤੇ ਬਜ਼ੁਰਗਾਂ ਨੂੰ ਸਹੀ ਅਤੇ ਸੌਖੇ ਢੰਗ ਨਾਲ ਇਤਿਹਾਸ ਦੇ ਅਣਮੁੱਲੇ ਖਜ਼ਾਨੇ ਤੋਂ ਜਾਣੂ ਹੀ ਨਹੀਂ ਕਰਵਾ ਸਕੇ।

'300 ਸਾਲ ਸਿੱਖ ਇਤਿਹਾਸ ਦੇ ਨਾਲ' ਲਹਿਰ ਦੁਆਰਾ ਗੁਰੂ ਦੀ ਕਿਰਪਾ ਸਦਕਾ ਇਸੇ ਦੂਰੀ ਨੂੰ ਮਿਟਾਉਣ ਵਾਸਤੇ ਇਕ ਛੋਟਾ ਜਿਹਾ ਯਤਨ ਹੈ, ਤਾਂਕਿ ਅਸੀਂ ਆਪਣੀਆਂ ਫੁੱਟ ਰਹੀਆਂ ਕਰੂੰਬਲਾਂ ਵਰਗੇ ਛੋਟੇ ਬੱਚਿਆਂ ਨੂੰ ਜਵਾਨ ਵੇਲਾਂ ਵਰਗੇ ਵੀਰਾਂ, ਭੈਣਾਂ ਨੂੰ ਅਤੇ ਠੰਢੀ ਛਾਂ ਬਣ ਰਹੇ ਬਜ਼ੁਰਗਾਂ ਨੂੰ ਉਸ ਇਤਿਹਾਸ ਨਾਲ ਮੁੜ ਮਿਲਾਈਏ ਜਿਸਨੂੰ ਉਹ ਮਨੋਂ ਵਿਸਾਰੀ ਬੈਠੇ ਹਨ।

ਇਹ ਲਹਿਰ ਅਤੇ ਇਹ ਕਿਤਾਬ ਇਸ ਆਸ਼ੇ ਦਾ ਛੋਟਾ ਜਿਹਾ ਯਤਨ ਹੈ, ਤਾਂਕਿ ਆਉਣ ਵਾਲੀ ਪੀੜ੍ਹੀ ਆਪਣੇ ਇਤਿਹਾਸ ਨੂੰ ਚੜ੍ਹਦੇ ਸੂਰਜ ਵਾਂਗ ਵੇਖ ਸਕੇ।

ਇਤਿਹਾਸ ਨੂੰ ਪ੍ਰਸ਼ਨ-ਉੱਤਰ ਜਾਂ ਸਾਖੀਆਂ ਦੇ ਰੂਪ ਵਿਚ ਸੰਗਤਾਂ ਤਕ ਪਹੁੰਚਾਉਣ ਵਿਚ ਕਈ ਗਲਤੀਆਂ ਰਹਿ ਗਈਆਂ ਹੋਣਗੀਆਂ, ਸੰਗਤ ਬਖਸ਼ਣ ਯੋਗ ਹੈ। ਆਸ ਕਰਦੇ ਹਾਂ ਕਿ ਗਲਤੀਆਂ ਨੂੰ ਨਾ ਚਿਤਾਰਦੇ ਹੋਏ ਖਿਮਾਂ ਕਰੋਗੇ।

ਧੰਨਵਾਦ ਸਹਿਤ

ਦਾਸ : ਭਾਈ ਗੁਰਇਕਬਾਲ ਸਿੰਘ

# ਤਤਕਰਾ


| | |
|---|---|
| ਜਨਮ ਤੋਂ 2 ਸਾਲ ਤੱਕ ਦੀ ਉਮਰ ਦੇ ਬੱਚਿਆਂ ਲਈ ਸਿਲੇਬਸ | 11 |
| 2 ਤੋਂ 4 ਸਾਲ ਤੱਕ ਦੀ ਉਮਰ ਦੇ ਬੱਚਿਆਂ ਲਈ ਸਿਲੇਬਸ | 12-13 |
| 4 ਸਾਲ ਤੋਂ 7 ਸਾਲ ਤੱਕ ਦੀ ਉਮਰ ਦੇ ਬੱਚਿਆਂ ਲਈ ਸਿਲੇਬਸ | 14-16 |
| 7 ਸਾਲ ਤੋਂ 14 ਸਾਲ ਤੱਕ ਦੀ ਉਮਰ ਦੇ ਬੱਚਿਆਂ ਲਈ ਸਿਲੇਬਸ | 17-25 |
| 14 ਸਾਲ ਤੋਂ 25 ਸਾਲ ਤੱਕ ਦੀ ਉਮਰ ਦੇ ਬੱਚਿਆਂ ਲਈ ਸਿਲੇਬਸ | 26-44 |
| 25 ਸਾਲ ਤੋਂ 110 ਸਾਲ ਤੱਕ ਦੀ ਉਮਰ ਵਾਲਿਆਂ ਲਈ ਸਿਲੇਬਸ | 45-65 |

ਸਿਲੇਬਸ ਤੋਂ ਇਲਾਵਾ 15 ਹੋਰ ਸਾਖੀਆਂ

ਪੰਨਾ 66-96

ਗੁਰੂ ਸਾਹਿਬ ਜੀ ਦੀ ਕ੍ਰਿਪਾ ਸਦਕਾ ਚੌਥੀ ਲਹਿਰ

## 300 ਸਾਲ ਸਿੱਖ ਇਤਿਹਾਸ ਦੇ ਨਾਲ

ਪੂਰੇ ਭਾਰਤ ਵਿਚ ਹਰ ਧਰਮ ਦੇ ਜਨਮ ਤੋਂ ਲੈ ਕੇ 110 ਸਾਲ ਤਕ ਦੇ ਬੱਚੇ, ਨੌਜਵਾਨ, ਬਜ਼ੁਰਗ, ਸਾਰੇ ਹੀ ਇਸ ਲਹਿਰ ਵਿਚ ਭਾਗ ਲੈ ਸਕਦੇ ਹਨ।

21-22 ਅਗਸਤ 2010 ਨੂੰ ਬਣਾਏ 350 ਜ਼ੋਨਾਂ ਤੋਂ ਆਪਣੀ ਉਮਰ ਮੁਤਾਬਕ ਦਿੱਤੇ ਹੋਏ ਸਿਲੇਬਸ ਅਨੁਸਾਰ ਸਾਖੀਆਂ ਅਤੇ ਪ੍ਰਸ਼ਨ-ਉੱਤਰ ਜ਼ੁਬਾਨੀ ਸੁਣਾ ਕੇ ਸਰਟੀਫਿਕੇਟ ਉਸੇ ਵੇਲੇ ਪ੍ਰਾਪਤ ਕਰੋ, ਅਤੇ ਇਕ ਸਿੱਖ ਇਤਿਹਾਸ ਕੂਪਨ ਪ੍ਰਾਪਤ ਕਰਕੇ ਦਿੱਤੇ ਜਾ ਰਹੇ 29 ਅਗਸਤ 2010 ਨੂੰ 113 ਲੱਖ ਰੁਪਏ ਦੇ ਹੇਠ ਲਿਖੇ ਇਨਾਮਾਂ ਦੇ ਹੱਕਦਾਰ ਬਣ ਸਕਦੇ ਹਨ।

ਇਨਾਮਾਂ ਦਾ ਵੇਰਵਾ

8 ਏ. ਸੀ. ਮਰੂਤੀ ਕਾਰਾਂ (800 ਸੀ.ਸੀ.),
84 ਕੰਪਿਊਟਰ,
84 ਕਲਰ ਟੀ. ਵੀ. (S.V.L. 14 ਇੰਚ),
32 ਹੈਂਡੀਕੈਮ (ਵੀਡੀਓ ਕੈਮਰੇ) ਅਤੇ
26000 ਹੋਰ ਛੋਟੇ ਇਨਾਮ ਵੀ ਦਿੱਤੇ ਜਾਣਗੇ।

ਇਹ ਸਾਰੇ ਇਨਾਮ 29 ਅਗਸਤ 2010 ਨੂੰ ਮਾਤਾ ਕੌਲਾਂ ਜੀ ਭਲਾਈ ਕੇਂਦਰ ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ ਵਿਖੇ ਕੱਢੇ ਜਾਣਗੇ।
ਜਿਸ ਦਾ PTC (ਪੰਜਾਬੀ) ਚੈਨਲ ਤੋਂ ਸਿੱਧਾ ਪ੍ਰਸਾਰਣ ਕੀਤਾ ਜਾਵੇਗਾ ਅਤੇ **http://www.Baani.Net** ਤੇ ਸਿੱਧਾ **Internet** ਪ੍ਰਸਾਰਣ ਕੀਤਾ ਜਾਵੇਗਾ।

ਨੋਟ : ਟਰੱਸਟ ਵਲੋਂ ਤਿਆਰ ਕੀਤੀ "ਸਿੱਖ ਇਤਿਹਾਸ ਦੀਆਂ ਚੋਣਵੀਆਂ ਸਾਖੀਆਂ" ਦੇ ਸਿਲੇਬਸ ਰੂਪੀ ਕਿਤਾਬ ਆਪ ਜੀ ਆਪਣੇ ਨਜ਼ਦੀਕੀ ਜ਼ੋਨ ਤੋਂ ਜਾਂ ਮਾਤਾ ਕੌਲਾਂ ਜੀ ਭਲਾਈ ਕੇਂਦਰ, ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ ਤੋਂ ਮੁਫ਼ਤ ਪ੍ਰਾਪਤ ਕਰ ਸਕਦੇ ਹੋ।

*ਪੂਰਨ ਸਹਿਯੋਗ* :- ਸੰਤ ਬਾਬਾ ਹਰਭਜਨ ਸਿੰਘ ਜੀ ਨਾਨਕਸਰ,
ਸ਼੍ਰੋ. ਗੁ. ਪ੍ਰ. ਕਮੇਟੀ, ਦਿੱਲੀ ਸਿੱਖ ਗੁ. ਪ੍ਰਬੰਧਕ ਕਮੇਟੀ, ਸਮੂੰਹ ਸਿੱਖ ਸੰਸਥਾਵਾਂ
ਅਤੇ ਜੱਥੇਬੰਦੀਆਂ।

ਵੱਲੋਂ :- ਮਾਤਾ ਕੌਲਾਂ ਜੀ ਭਲਾਈ ਕੇਂਦਰ ਟਰੱਸਟ
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ
ਦਾਸ ਭਾਈ ਗੁਰਇਕਬਾਲ ਸਿੰਘ ਅਤੇ ਸਹਿਯੋਗੀ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
ਫੋਨ : 098765-25829, 098765-25830

# ਜ਼ਰੂਰੀ ਧਿਆਨ ਯੋਗ ਬੇਨਤੀਆਂ

1. ਜਿਹੜਾ ਬੱਚਾ/ਬੱਚੀ/ਵੀਰ/ਭੈਣ ਦਿੱਤੇ ਹੋਏ ਆਪਣੀ ਉਮਰ ਦੇ ਸਿਲੇਬਸ ਤੋਂ ਅਗਲੀ ਉਮਰ ਦੇ ਸਿਲੇਬਸ ਨੂੰ ਵੀ ਯਾਦ ਕਰਕੇ ਸੁਣਾ ਦਿੰਦਾ/ਦਿੰਦੀ ਹੈ ਉਸ ਨੂੰ ਸਿੱਖ ਇਤਿਹਾਸ ਕੂਪਨ ਤੋਂ ਇਲਾਵਾ 5 ਵਾਈਟ ਕੂਪਨ ਵੱਖਰੇ ਦਿੱਤੇ ਜਾਣਗੇ, ਜਿਸਦੇ ਅਲੱਗ ਇਨਾਮ ਨਿਕਲਣਗੇ।

2. ਇਸ ਕਿਤਾਬ ਵਿਚ ਜਨਮ ਤੋਂ ਲੈ ਕੇ 110 ਸਾਲ ਤਕ ਦਾ ਸਿਲੇਬਸ ਜੋ ਆਪ ਜੀ ਨੂੰ ਦਿੱਤਾ ਗਿਆ ਹੈ। ਇਸ ਸਿਲੇਬਸ ਤੋਂ ਇਲਾਵਾ ਕਿਤਾਬ ਦੇ ਅਖੀਰ ਤੇ ਹੋਰ 15 ਸਾਖੀਆਂ ਵੱਖਰੀਆਂ ਦਿੱਤੀਆਂ ਗਈਆਂ ਹਨ, ਤੁਸੀਂ ਆਪਣੇ ਸਿਲੇਬਸ ਤੋਂ ਬਾਅਦ ਇਹਨਾਂ 15 ਸਾਖੀਆਂ ਵਿੱਚੋਂ ਜਿਤਨੀਆਂ ਸਾਖੀਆਂ ਜ਼ਬਾਨੀ ਯਾਦ ਕਰਕੇ ਸੁਣਾਉਗੇ ਉਤਨੇ ਹੀ ਵਾਈਟ ਕੂਪਨ ਆਪ ਜੀ ਨੂੰ ਪ੍ਰਾਪਤ ਹੋਣਗੇ। ਇਹਨਾਂ ਵਾਈਟ ਕੂਪਨਾਂ ਦੇ ਵੱਖਰੇ ਇਨਾਮ ਵੀ ਨਿਕਲਣਗੇ।

ਇਸ ਕਿਤਾਬ ਵਿਚ ਅੰਕਿਤ ਸਾਖੀਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਇਲਾਵਾ ਹੇਠ ਲਿਖੇ ਧਾਰਮਿਕ ਗ੍ਰੰਥਾਂ ਦੀਆਂ ਪੰਕਤੀਆਂ ਦਾ ਹਵਾਲਾ ਵੀ ਦਿੱਤਾ ਗਿਆ ਹੈ। ਉਹਨਾਂ ਪੰਕਤੀਆਂ ਨੂੰ ਯਾਦ ਕਰਨ ਦੀ ਪਾਬੰਦੀ ਨਹੀਂ ਹੈ।

- ❐ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ
- ❐ ਮਹਿਮਾ ਪ੍ਰਕਾਸ਼
- ❐ ਪੰਥ ਪ੍ਰਕਾਸ਼
- ❐ ਸਰਬ ਲੋਹ ਗ੍ਰੰਥ
- ❐ ਤਵਾਰੀਖ਼ ਗੁਰੂ ਖ਼ਾਲਸਾ
- ❐ ਵਾਰ ਭਾਈ ਗੁਰਦਾਸ ਜੀ
- ❐ ਨਾਨਕ ਪ੍ਰਕਾਸ਼

# ਜਨਮ ਤੋਂ 2 ਸਾਲ ਤੱਕ ਦੀ ਉਮਰ ਦੇ ਬੱਚਿਆਂ ਲਈ ਸਿਲੇਬਸ

ਇਸ ਸਿਲੇਬਸ ਅਨੁਸਾਰ ਜਨਮ ਤੋਂ 2 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਮਾਤਾ ਪਿਤਾ ਹੇਠ ਲਿਖੇ 7 ਪ੍ਰਸ਼ਨ-ਉੱਤਰ ਜ਼ੁਬਾਨੀ ਯਾਦ ਕਰਵਾਉਣ। ਇਹਨਾ ਵਿੱਚੋਂ ਕੋਈ 4 ਪ੍ਰਸ਼ਨ ਉੱਤਰ ਸੁਣੇ ਜਾਣਗੇ।

1. ਪ੍ਰਸ਼ਨ :- ਅੰਮ੍ਰਿਤ ਛਕਾਉਣ ਵੇਲੇ ਪੰਜ ਪਿਆਰੇ ਕੀ ਗੁਰਮੰਤਰ ਦੇਂਦੇ ਹਨ ?
   ਉੱਤਰ :- ਵਾਹਿਗੁਰੂ।
2. ਪ੍ਰਸ਼ਨ :- ਪਹਿਲੀ ਪਾਤਸ਼ਾਹੀ ਦਾ ਕੀ ਨਾਮ ਹੈ ?
   ਉੱਤਰ :- ਸ੍ਰੀ ਗੁਰੂ ਨਾਨਕ ਦੇਵ ਜੀ।
3. ਪ੍ਰਸ਼ਨ :- ਜਦ ਸਿੱਖ ਦੂਜੇ ਸਿੱਖ ਨੂੰ ਮਿਲੇ ਤਾਂ ਕੀ ਬੁਲਾਉਂਦਾ ਹੈ ?
   ਉੱਤਰ :- ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
4. ਪ੍ਰਸ਼ਨ :- ਜੈਕਾਰਾ ਬੋਲ ਕੇ ਸੁਣਾਉ ਜੀ।
   ਉੱਤਰ :- ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।
5. ਪ੍ਰਸ਼ਨ :- ਇਸ ਸਮੇਂ ਸਾਡੇ ਮੌਜੂਦਾ ਗੁਰੂ ਕੌਣ ਹਨ ?
   ਉੱਤਰ :- ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
6. ਪ੍ਰਸ਼ਨ :- ਸਿੱਖ ਧਰਮ ਦਾ ਕੇਂਦਰੀ ਅਸਥਾਨ ਕਿਹੜਾ ਹੈ ?
   ਉੱਤਰ :- ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ)
7. ਪ੍ਰਸ਼ਨ :- ਸਿੱਖ ਬਾਂਹ ਵਿਚ ਕੀ ਪਾਉਂਦਾ ਹੈ ?
   ਉੱਤਰ :- ਕੜਾ।

❖ ❖ ❖

# 2 ਤੋਂ 4 ਸਾਲ ਤੱਕ ਦੀ ਉਮਰ ਦੇ ਬੱਚਿਆਂ ਲਈ ਸਿਲੇਬਸ

ਇਸ ਸਿਲੇਬਸ ਅਨੁਸਾਰ ਜਨਮ ਤੋਂ 2 ਤੋਂ 4 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਮਾਤਾ ਪਿਤਾ ਹੇਠ ਲਿਖੇ 10 ਪ੍ਰਸ਼ਨ-ਉੱਤਰ ਜ਼ੁਬਾਨੀ ਯਾਦ ਕਰਵਾਉਣ। ਇਸ ਵਿੱਚੋਂ ਕੋਈ 5 ਪ੍ਰਸ਼ਨ-ਉੱਤਰ ਸੁਣੇ ਜਾਣਗੇ।

1. ਪ੍ਰਸ਼ਨ :- ਸ੍ਰੀ ਜਪੁਜੀ ਸਾਹਿਬ ਵਿਚ ੧ਓ ਤੋਂ ਨਾਨਕ ਹੋਸੀ ਭੀ ਸਚੁ ਤੱਕ ਸੁਣਾਓ।
   ਉੱਤਰ :- ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥
2. ਪ੍ਰਸ਼ਨ :- ਪੰਜ ਪਿਆਰਿਆਂ ਦੇ ਨਾਮ ਦੱਸੋ।
   ਉੱਤਰ :- ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ।
3. ਪ੍ਰਸ਼ਨ :- ਗੁਰੂ ਗੋਬਿੰਦ ਸਿੰਘ ਜੀ ਨੇ ਜੰਗਾਂ ਕਿਉਂ ਲੜੀਆਂ ?
   ਉੱਤਰ :- ਧਰਮ ਦੀ ਖਾਤਰ ਅਤੇ ਜ਼ੁਲਮ ਨੂੰ ਰੋਕਣ ਲਈ।
4. ਪ੍ਰਸ਼ਨ :- ਮਹਾਰਾਜਾ ਰਣਜੀਤ ਸਿੰਘ ਜੀ ਨੇ ਸੋਨਾ ਕਿਥੇ-ਕਿਥੇ ਲਗਵਾਇਆ ?
   ਉੱਤਰ :- ਗੁਰਦੁਆਰਿਆਂ 'ਤੇ, ਮੰਦਰਾਂ 'ਤੇ, ਮਸੀਤਾਂ 'ਤੇ, ਗਿਰਜ਼ੇ ਘਰਾਂ 'ਤੇ।
5. ਪ੍ਰਸ਼ਨ :- ਕਿਸ ਸਿੱਖ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ ?
   ਉੱਤਰ :- ਭਾਈ ਮਤੀ ਦਾਸ ਜੀ ਨੂੰ।
6. ਪ੍ਰਸ਼ਨ :- ਕਿਸ ਸਿੱਖ ਨੂੰ ਖੋਪਰੀ ਉਤਾਰ ਕੇ ਸ਼ਹੀਦ ਕੀਤਾ ਗਿਆ ?
   ਉੱਤਰ :- ਭਾਈ ਤਾਰੂ ਸਿੰਘ ਜੀ ਨੂੰ।
7. ਪ੍ਰਸ਼ਨ :- ਚਾਰ ਸਾਹਿਬਜ਼ਾਦਿਆਂ ਦੇ ਨਾਮ ਦੱਸੋ।
   ਉੱਤਰ :- ਸਾਹਿਬਜ਼ਾਦਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਜੁਝਾਰ ਸਿੰਘ ਜੀ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ, ਸਾਹਿਬਜ਼ਾਦਾ ਫਤਹਿ ਸਿੰਘ ਜੀ।
8. ਪ੍ਰਸ਼ਨ :- ਪੰਜਵੇਂ ਪਾਤਸ਼ਾਹ ਦਾ ਕੀ ਨਾਮ ਸੀ ਅਤੇ ਉਹਨਾਂ ਨੂੰ ਕਿਵੇਂ ਸ਼ਹੀਦ ਕੀਤਾ

ਗਿਆ ?

ਉੱਤਰ :- ਸ੍ਰੀ ਗੁਰੂ ਅਰਜਨ ਦੇਵ ਜੀ, ਉਨ੍ਹਾਂ ਨੂੰ ਤੱਤੀ ਤੱਵੀ ’ਤੇ ਬਿਠਾ ਕੇ ਸੀਸ ’ਤੇ ਗਰਮ ਰੇਤਾ ਪਾ ਕੇ ਸ਼ਹੀਦ ਕੀਤਾ ਗਿਆ।

9. ਪ੍ਰਸ਼ਨ :- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁਲ ਕਿੰਨੇ ਅੰਗ ਹਨ ?

ਉੱਤਰ :- 1430 ਅੰਗ।

10. ਪ੍ਰਸ਼ਨ :- ਸ਼ਾਮ ਵੇਲੇ ਸਿੱਖ ਕਿਹੜੀ ਬਾਣੀ ਦਾ ਪਾਠ ਕਰਦੇ ਹਨ ?

ਉੱਤਰ :- ਸ੍ਰੀ ਰਹਰਾਸਿ ਸਾਹਿਬ।

❖ ❖ ❖

# 4 ਸਾਲ ਤੋਂ 7 ਸਾਲ ਤੱਕ ਦੀ ਉਮਰ ਦੇ ਬੱਚਿਆਂ ਲਈ ਸਿਲੇਬਸ

ਇਸ ਸਿਲੇਬਸ ਅਨੁਸਾਰ 4 ਸਾਲ ਤੋਂ 7 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਮਾਤਾ ਪਿਤਾ ਹੇਠ ਲਿਖੇ 15 ਪ੍ਰਸ਼ਨ-ਉੱਤਰ ਜ਼ੁਬਾਨੀ ਯਾਦ ਕਰਵਾਉਣ। ਇਹਨਾ ਵਿੱਚੋਂ ਕੋਈ 5 ਪ੍ਰਸ਼ਨ ਉੱਤਰ ਸੁਣੇ ਜਾਣਗੇ।

1. ਪ੍ਰਸ਼ਨ :- ਦਸ ਪਾਤਸ਼ਾਹੀਆਂ ਦੇ ਨਾਮ ਦੱਸੋ।

   ਉੱਤਰ :- ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਏ ਸਾਹਿਬ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ।

2. ਪ੍ਰਸ਼ਨ :- ਤਰਨਤਾਰਨ ਸਾਹਿਬ ਜੀ ਦੇ ਸਰੋਵਰ ਦੀ ਰਚਨਾ ਕਿਹੜੇ ਗੁਰੂ ਸਾਹਿਬ ਜੀ ਨੇ ਕੀਤੀ ਤੇ ਕੀ ਵਰ ਦਿੱਤਾ?

   ਉੱਤਰ :- ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਚਨਾ ਕੀਤੀ ਅਤੇ ਵਰ ਦਿੱਤਾ ਕਿ ਬਾਣੀ ਪੜ੍ਹ ਕੇ ਜਿਹੜਾ ਵਿਅਕਤੀ ਵੀ ਸ਼ਰਧਾ ਨਾਲ ਇਸ਼ਨਾਨ ਕਰੇਗਾ ਉਸ ਦੇ ਚਮੜੀ ਦੇ ਰੋਗ ਰਾਜ਼ੀ ਹੋਣਗੇ।

3. ਪ੍ਰਸ਼ਨ :- ਗੁਰੂ ਅਰਜਨ ਦੇਵ ਜੀ ਨੇ ਆਪਣੀ ਸੁਪਤਨੀ ਮਾਤਾ ਗੰਗਾ ਜੀ ਨੂੰ ਪੁੱਤਰ ਦਾ ਵਰ ਲੈਣ ਲਈ ਕਿਸ ਕੋਲ ਭੇਜਿਆ?

   ਉੱਤਰ :- ਬਾਬਾ ਬੁੱਢਾ ਸਾਹਿਬ ਜੀ ਕੋਲ।

4. ਪ੍ਰਸ਼ਨ :- ਪੰਜ ਬਾਣੀਆਂ ਦੇ ਨਾਮ ਦੱਸੋ ਜੋ ਹਰ ਸਿੱਖ ਲਈ ਅੰਮ੍ਰਿਤ ਵੇਲੇ ਜ਼ਰੂਰੀ ਹਨ।

   ਉੱਤਰ :- ਜਪੁਜੀ ਸਾਹਿਬ, ਜਾਪੁ ਸਾਹਿਬ, ਤ੍ਵਪ੍ਰਸਾਦਿ ਸਵੱਯੇ, ਚੌਪਈ ਸਾਹਿਬ, ਸੰਪੂਰਨ ਅਨੰਦ ਸਾਹਿਬ।

5. ਪ੍ਰਸ਼ਨ :- ਸ੍ਰੀ ਹਰਿਮੰਦਰ ਸਾਹਿਬ ਜੀ ਦੇ ਚਾਰ ਦਰਵਾਜ਼ੇ ਕਿਉਂ ਰੱਖੇ ਗਏ?

   ਉੱਤਰ :- ਇਹ ਸਭ ਦਾ ਸਾਂਝਾ ਅਸਥਾਨ ਹੈ। ਇਥੇ ਚਾਰੇ ਦਿਸ਼ਾਵਾਂ ਤੋਂ ਲੋਕ ਆ ਸਕਦੇ ਹਨ।

6. ਪ੍ਰਸ਼ਨ :- ਕਿਹੜੇ ਸ਼ਹੀਦ ਸਿੰਘ ਹੋਏ ਜਿਨ੍ਹਾਂ ਨੇ ਆਪਣਾ ਸੀਸ ਤਲੀ 'ਤੇ ਰੱਖ ਕੇ ਜੰਗ ਕੀਤੀ ?

ਉੱਤਰ :- ਧੰਨ ਧੰਨ ਬਾਬਾ ਦੀਪ ਸਿੰਘ ਜੀ।

7. ਪ੍ਰਸ਼ਨ :- ਪੰਜ ਕਕਾਰਾਂ ਦੇ ਨਾਮ ਦੱਸੋ।

ਉੱਤਰ :- ਕੇਸ, ਕੰਘਾ, ਕੜਾ, ਕ੍ਰਿਪਾਨ, ਕਛਹਿਰਾ।

8. ਪ੍ਰਸ਼ਨ :- ਉਹਨਾਂ ਦੋ ਸਿੱਖਾਂ ਦੇ ਨਾਮ ਦੱਸੋ ਜਿਹੜੇ ਉਦਾਸੀਆਂ ਸਮੇਂ ਗੁਰੂ ਨਾਨਕ ਸਾਹਿਬ ਜੀ ਨਾਲ ਸਨ।

ਉੱਤਰ :- ਭਾਈ ਬਾਲਾ ਜੀ ਅਤੇ ਭਾਈ ਮਰਦਾਨਾ ਜੀ।

9. ਪ੍ਰਸ਼ਨ :- ਬਾਬਾ ਦੀਪ ਸਿੰਘ ਜੀ ਦੀ ਅਬਦਾਲੀ ਨਾਲ ਪਹਿਲੀ ਜੰਗ ਦਾ ਕੀ ਕਾਰਨ ਸੀ ?

ਉੱਤਰ :- ਅਬਦਾਲੀ ਹਿੰਦੋਸਤਾਨ ਦੀਆਂ ਬਹੁ-ਬੇਟੀਆਂ ਨੂੰ ਗੁਲਾਮ ਬਣਾ ਕੇ ਗਲਤ ਨੀਅਤ ਨਾਲ ਲਿਜਾ ਰਿਹਾ ਸੀ, ਉਹਨਾਂ ਬਹੁ-ਬੇਟੀਆਂ ਨੂੰ ਛੁਡਵਾਉਣ ਲਈ ਬਾਬਾ ਜੀ ਨੇ ਪਹਿਲੀ ਜੰਗ ਲੜੀ ਅਤੇ ਉਹਨਾਂ ਬੱਚੀਆਂ ਨੂੰ ਛੁਡਵਾ ਕੇ ਘਰੋ-ਘਰੀਂ ਪਹੁੰਚਾਇਆ।

10. ਪ੍ਰਸ਼ਨ :- ਬਾਬਾ ਦੀਪ ਸਿੰਘ ਜੀ ਦੀ ਅਬਦਾਲੀ ਨਾਲ ਦੂਸਰੀ ਜੰਗ ਕਰਨ ਦਾ ਕੀ ਕਾਰਨ ਸੀ ?

ਉੱਤਰ :- ਕਿਉਂਕਿ ਅਬਦਾਲੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਕਰ ਰਿਹਾ ਸੀ।

11. ਪ੍ਰਸ਼ਨ :- ਬਾਬਾ ਬੁੱਢਾ ਸਾਹਿਬ ਜੀ ਨੇ ਅਖੀਰਲੇ ਸਮੇਂ ਸਿੱਖ ਸੰਗਤਾਂ ਨੂੰ ਕੀ ਉਪਦੇਸ਼ ਦਿੱਤਾ ?

ਉੱਤਰ :- ਸਿੱਖ ਬਾਣੀ ਵੀ ਪੜ੍ਹੇ, ਸਿਮਰਨ ਵੀ ਕਰੇ, ਨਾਮ ਵੀ ਜਪੇ, ਸੇਵਾ ਵੀ ਕਰੇ, ਪਰ ਸਭ ਕੁਝ ਕਰਦਿਆਂ ਆਸਰਾ ਗੁਰੂ ਨਾਨਕ ਦਾ ਹੀ ਰੱਖੇ।

12. ਪ੍ਰਸ਼ਨ :- ਗੁਰੂ ਗੋਬਿੰਦ ਸਿੰਘ ਜੀ ਵੱਲੋਂ ਜੰਗ ਦੇ ਮੈਦਾਨ ਵਿਚ ਕਿਹੜੇ 7 ਅਸੂਲ ਕਾਇਮ ਕੀਤੇ ਗਏ ਸਨ ?

ਉੱਤਰ :- 1. ਔਰਤ 'ਤੇ ਵਾਰ ਨਹੀਂ ਕਰਨਾ।
2. ਬੱਚੇ 'ਤੇ ਵਾਰ ਨਹੀਂ ਕਰਨਾ।
3. ਬਜ਼ੁਰਗ 'ਤੇ ਵਾਰ ਨਹੀਂ ਕਰਨਾ।
4. ਸੁੱਤੇ 'ਤੇ ਵਾਰ ਨਹੀਂ ਕਰਨਾ।

5. ਨਿਹੱਥੇ 'ਤੇ ਵਾਰ ਨਹੀਂ ਕਰਨਾ।

6. ਪਿੱਠ ਪਿੱਛੇ ਵਾਰ ਨਹੀਂ ਕਰਨਾ।

7. ਸ਼ਰਨ ਆਏ 'ਤੇ ਵਾਰ ਨਹੀਂ ਕਰਨਾ।

(ਆਖੋ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ)

13. ਪ੍ਰਸ਼ਨ :- ਭਾਈ ਘਨ੍ਹਈਆ ਜੀ ਕੀ ਸੇਵਾ ਕਰਦੇ ਸਨ ਅਤੇ ਕਿਸ ਭਾਵਨਾ ਨਾਲ ਸੇਵਾ ਕਰਦੇ ਸਨ ?

ਉੱਤਰ :- ਭਾਈ ਘਨ੍ਹਈਆ ਜੀ ਜਲ ਛਕਾਉਣ ਤੇ ਮੱਲ੍ਹਮ ਪੱਟੀ ਦੀ ਸੇਵਾ ਕਰਦੇ ਸਨ, ਅਤੇ ਮੁਸਲਮਾਨ, ਹਿੰਦੂ, ਸਿੱਖ ਸਭ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਰੂਪ ਸਮਝ ਕੇ ਸੇਵਾ ਕਰਦੇ ਸਨ।

14. ਪ੍ਰਸਨ :- ਛੇਵੇਂ ਪਾਤਿਸ਼ਾਹ ਨੂੰ ਬੰਦੀ-ਛੋੜ ਕਿਉਂ ਕਿਹਾ ਜਾਂਦਾ ਹੈ ?

ਉੱਤਰ :- ਕਿਉਂਕਿ ਉਹਨਾਂ ਨੇ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਰਾਜਿਆਂ ਨੂੰ ਰਿਹਾਅ ਕਰਵਾਇਆ ਸੀ।

15. ਪ੍ਰਸ਼ਨ :- ਸ੍ਰੀ ਹਜ਼ੂਰ ਸਾਹਿਬ (ਨੰਦੇੜ) ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਸੱਚਖੰਡ ਜਾਣ ਸਮੇਂ ਸਿੱਖਾਂ ਨੂੰ ਕਿਸ ਦੇ ਲੜ ਲਾਇਆ ?

ਉੱਤਰ :- ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ।

ਆਗਿਆ ਭਈ ਅਕਾਲ ਕੀ ਤਬੇ ਚਲਾਇਓ ਪੰਥ।
ਸਭਿ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।

❖ ❖ ❖

# 7 ਸਾਲ ਤੋਂ 14 ਸਾਲ ਤੱਕ ਦੀ ਉਮਰ ਦੇ ਬੱਚਿਆਂ ਲਈ ਸਿਲੇਬਸ

ਇਸ ਸਿਲੇਬਸ ਅਨੁਸਾਰ 7 ਤੋਂ 14 ਸਾਲ ਤੱਕ ਦੇ ਬੱਚਿਆਂ ਨੂੰ ਮਾਤਾ ਪਿਤਾ ਹੇਠ ਲਿਖੇ 6 ਸਾਖੀਆਂ ਅਤੇ 10 ਪ੍ਰਸ਼ਨ-ਉੱਤਰ ਜ਼ੁਬਾਨੀ ਯਾਦ ਕਰਵਾਉਣ। ਇਹਨਾਂ ਵਿਚੋਂ ਕੋਈ 3 ਸਾਖੀਆਂ ਅਤੇ 5 ਪ੍ਰਸ਼ਨ-ਉੱਤਰ ਸੁਣੇ ਜਾਣਗੇ।

## 6 ਸਾਖੀਆਂ ਹੇਠ ਲਿਖੇ ਪ੍ਰਕਾਰ ਹਨ :-

# ਸਾਖੀ ਪਹਿਲੀ—ਮਰਦਾਨਾ ਜੀ ਨੂੰ ਬਚਨ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ ਭਾਈ ਮਰਦਾਨਾ ਜੀ ਨੂੰ ਸਾਥੀ ਬਣਾਉਣ ਬਾਰੇ ਸੋਚਿਆ ਤਾਂ ਭਾਈ ਮਰਦਾਨਾ ਜੀ ਨੂੰ ਕਿਹਾ ਕਿ ਜੇਕਰ ਸਾਡੇ ਨਾਲ ਰਹਿਣਾ ਹੈ ਤਾਂ ਤੈਨੂੰ ਤਿੰਨ ਬਚਨ ਮੰਨਣੇ ਪੈਣਗੇ। ਉਹ ਤਿੰਨ ਬਚਨ ਇਸ ਪ੍ਰਕਾਰ ਹਨ-

1. ਕੇਸ ਨਹੀਂ ਕਟਾਉਣੇ।
2. ਨਿੱਤ ਅੰਮ੍ਰਿਤ ਵੇਲੇ ਜਾਗਣਾ ਹੈ।
3. ਕਿਸੇ ਸਾਧੂ ਸੰਤ-ਮਹਾਤਮਾਂ ਦੀ ਨਿੰਦਿਆ ਨਹੀਂ ਕਰਨੀ।

ਸਿੱਖਿਆ :- ਭਾਈ ਮਰਦਾਨਾ ਜੀ ਨੇ ਇਹ ਤਿੰਨੇ ਬਚਨ ਮੰਨੇ ਅਤੇ ਗੁਰੂ ਨਾਨਕ ਸਾਹਿਬ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

# ਸਾਖੀ ਦੂਜੀ—ਗੁਰੂ ਜੀ ਨੇ ਕੌੜੇ ਰੀਠੇ ਮਿੱਠੇ ਕਰਨੇ

ਨਾਨਕ ਮਤਾ ਸਾਹਿਬ ਤੋਂ ਗੁਰੂ ਜੀ ਹਿਮਾਲਿਆ ਪਰਬਤ ਵੱਲ ਤੁਰ ਪਏ। ਨੈਨੀਤਾਲ ਤੋਂ ਹੁੰਦੇ ਹੋਏ ਗੁਰੂ ਨਾਨਕ ਦੇਵ ਜੀ ਸਿੱਧਾਂ ਦੀ ਬਸਤੀ ਵਿਚ ਪੁੱਜੇ। ਜਦੋਂ ਮਰਦਾਨਾ ਜੀ ਨੂੰ ਭੁੱਖ ਲੱਗੀ ਪਰ ਸਿੱਧਾਂ ਦੀ ਬਸਤੀ ਤੋਂ ਕੁਝ ਨਾ ਮਿਲਣ ਤੇ ਉਨ੍ਹਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ। ਗੁਰੂ ਜੀ ਨੇ ਸਾਹਮਣੇ ਲਗੇ ਰੀਠੇ ਦੇ ਰੁੱਖ ਵੱਲ ਕ੍ਰਿਪਾ-ਦ੍ਰਿਸ਼ਟੀ ਕਰਦੇ ਹੋਏ ਇਸ਼ਾਰਾ ਕਰਕੇ ਬਚਨ ਕੀਤਾ ਕਿ ਰੁੱਖ ਤੋਂ ਰੀਠੇ ਤੋੜ ਲਿਆਉ। ਮਰਦਾਨਾ ਜੀ ਸਤਿ ਬਚਨ ਕਹਿ ਕੇ ਰੀਠੇ ਦੇ ਬਿਰਖ ਤੋਂ ਰੀਠੇ ਤੋੜ ਕੇ ਗੁਰੂ ਜੀ ਕੋਲ ਲਿਆਏ ਅਤੇ ਗੁਰੂ ਜੀ ਨਾਲ ਮਿਲਕੇ ਛੱਕਣ ਲੱਗੇ। ਉਹ ਜ਼ਹਿਰ ਵਰਗੇ ਕੌੜੇ ਰੀਠੇ ਗੁਰੂ ਸਾਹਿਬ ਜੀ ਦੀ ਨਦਰਿ ਸਦਕੇ ਛੁਹਾਰੇ ਵਾਂਗੂੰ ਮਿੱਠੇ ਹੋ ਗਏ ਜਿਨ੍ਹਾਂ ਉੱਪਰ ਗੁਰੂ ਜੀ ਨੇ ਆਪਣੀ ਮਿਹਰ ਦੀ ਨਿਗਾਹ ਕੀਤੀ (ਅੱਖਾਂ ਨਾਲ ਦੇਖਿਆ) ਇਹ ਕੌਤਕ ਵੇਖ ਸਾਰੇ ਸਿੱਧ ਹੈਰਾਨ ਹੋ ਗਏ। ਫਿਰ ਮਰਦਾਨਾ ਜੀ ਨੇ ਰੁੱਖ ਦੇ ਦੂਸਰੇ ਪਾਸੇ ਰੀਠੇ ਤੋੜੇ ਉਹ ਕੌੜੇ ਹੀ ਨਿਕਲੇ। ਜਿਸ ਪਾਸੇ ਵੱਲ ਗੁਰੂ ਨਾਨਕ ਦੇਵ ਜੀ ਨੇ ਨਿਗਾਹ ਕੀਤੀ, ਉਹ ਰੀਠੇ ਅੱਜ ਵੀ ਮਿੱਠੇ ਹਨ ਅਤੇ ਦੂਜੇ ਪਾਸੇ ਵਾਲੇ ਰੀਠੇ ਕੌੜੇ ਹਨ।

ਸਿੱਖਿਆ : ਗੁਰੂ ਨਾਨਕ ਦੇਵ ਜੀ ਕਿਤਨੇ ਸਮਰੱਥ ਹਨ, ਇਕ ਬਨਸਪਤੀ ਤੇ ਵੀ ਨਦਰਿ ਪੈ ਜਾਵੇ ਉਹ ਵੀ ਆਪਣਾ ਸੁਭਾਅ ਬਦਲ ਲੈਂਦੀ ਹੈ।

# ਸਾਖੀ ਤੀਜੀ—ਸ਼ੀਹਾ ਉਪਲ ਨੂੰ ਉਪਦੇਸ਼

ਇਕ ਦਿਨ ਸ੍ਰੀ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਤੋਂ ਗੋਇੰਦਵਾਲ ਨੂੰ ਜਾ ਰਹੇ ਸਨ ਰਸਤੇ ਵਿਚ ਗੁਰੂ ਜੀ ਨੂੰ ਸ਼ੀਹਾ ਉਪਲ ਨਾਮ ਦਾ ਸਿੱਖ ਮਿਲਿਆ, ਦਰਸ਼ਨ ਕਰਦੇ ਸਾਰ ਗੁਰੂ ਜੀ ਨੂੰ ਨਮਸ਼ਕਾਰ ਕੀਤੀ। ਸ਼ੀਹਾ ਉਪਲ ਦੇ ਹੱਥਾਂ ਵਿਚ ਦੋ ਬੱਕਰੇ ਫੜੇ ਦੇਖ ਗੁਰੂ ਜੀ ਨੇ ਪੁੱਛਿਆ "ਸਿੱਖਾ ਇਹ ਬੱਕਰੇ ਕੀ ਕਰਨੇ ਹਨ ? " ਤਾਂ ਸ਼ੀਹਾ ਉਪਲ ਨੇ ਆਖਿਆ ਸਤਿਗੁਰੂ ਜੀ ਮੇਰੇ ਘਰ ਪੁੱਤਰ ਨੇ ਜਨਮ ਲਿਆ ਹੈ, ਅੱਜ ਸ਼ਾਮ ਨੂੰ ਰੀਤ ਰਿਵਾਜ਼ ਅਨੁਸਾਰ ਉਸਦੇ ਮੁੰਢਨ (ਭਾਵ ਕੇਸ ਕੱਟਣੇ) ਹਨ। ਇਸ ਲਈ ਆਏ ਰਿਸ਼ਤੇਦਾਰਾਂ ਦੇ ਛਕਣ ਵਾਸਤੇ ਇਨ੍ਹਾਂ ਬੱਕਰਿਆਂ ਨੂੰ ਮਾਰ ਕੇ ਮੀਟ ਦੀ ਸਬਜ਼ੀ ਤਿਆਰ ਕਰਨੀ ਹੈ। ਘਰ ਗੀਤ ਨਾਚ ਟਾਪ ਹੋਵੇਗਾ। ਇਹ ਸੁਣ ਗੁਰੂ ਜੀ ਨੇ ਆਖਿਆ "ਸ਼ੀਹਾ ਤੂੰ ਗੁਰੂ ਦਾ ਸਿੱਖ ਹੈਂ। ਤੈਨੂੰ ਗੁਰੂ ਨਾਨਕ ਦੇ ਘਰ ਤੋਂ ਸਿੱਖਿਆ ਹੈ" :-

1. ਬੱਚਿਆਂ ਦੇ ਕੇਸਾਂ ਦਾ ਮੁੰਡਨ ਨਹੀਂ ਗੁੰਦਨ ਕਰਨੇ ਹਨ। ਕੱਟਣੇ ਨਹੀਂ ਸੋਹਣੇ

ਢੰਗ ਨਾਲ ਸਵਾਰ ਕੇ ਗੁੰਦਨਾ ਜੂੜਾ ਕਰਨਾ ਹੈ।

2. ਬੱਚੇ ਨੇ ਜਨਮ ਲਿਆ ਚੰਗੀ ਗੱਲ ਹੈ ਪਰ ਐਸੇ ਸਮੇਂ ਬੱਕਰੇ ਮਾਰ ਕੇ ਮੀਟ ਤਿਆਰ ਕਰਨਾ, ਰਿਸ਼ਤੇਦਾਰਾਂ ਨੂੰ ਖੁਆਉਣਾ, ਜੀਵ ਹੱਤਿਆ ਕਰਨੀ ਚੰਗਾ ਨਹੀਂ ਹੈ। ਖਾਣਗੇ ਤੇਰੇ ਰਿਸ਼ਤੇਦਾਰ ਪਰ ਲੇਖਾ ਤੈਨੂੰ ਦੇਣਾ ਪਵੇਗਾ। (ਛਕਾਉਣਾ ਹੈ ਤਾਂ ਸ਼ਰਧਾ ਨਾਲ ਗੁਰੂ ਦਾ ਲੰਗਰ ਬਣਾ ਕੇ ਛਕਾਓ)।
3. ਖ਼ੁਸ਼ੀਆਂ ਸਮੇਂ ਗੀਤ ਗਾਣੇ ਨਾਚ ਟਾਪ ਨਹੀਂ ਕਰਨਾ ਚਾਹੀਦਾ, ਇਸ ਨਾਲ ਪਾਪਾਂ ਦੇ ਭਾਗੀ ਬਣੀਦਾ ਹੈ, ਬਲਕਿ ਸ਼ੁਕਰਾਨੇ ਵਿਚ ਗੁਰਬਾਣੀ ਗਾਇਨ ਕਰਨੀ ਚਾਹੀਦੀ ਹੈ ਜਿਸ ਨਾਲ ਪੁੰਨ ਬਣਦੇ ਹਨ ਤੇ ਮਿਲੀ ਦਾਤ ਨੂੰ ਵਾੜ ਲੱਗਦੀ ਹੈ।

ਸਿੱਖਿਆ :- ਇਹ ਤਿੰਨੇ ਸਿੱਖਿਆਵਾਂ ਸਾਨੂੰ ਵੀ ਆਪਣੇ ਘਰਾਂ ਵਿਚ ਖ਼ੁਸ਼ੀ ਦੇ ਕਾਰਜ ਵਿਚ ਮੰਨਣੀਆਂ ਚਾਹੀਦੀਆਂ ਹਨ।

# ਸਾਖੀ ਚੌਥੀ—ਗ਼ਰੀਬ ਘਾਹੀ ਸਿੱਖ

ਪੂਰਨ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਸ਼ਰਧਾ ਨਾਲ ਸਿੱਖ ਸੱਚੇ ਪਾਤਸ਼ਾਹ ਜੀ ਕਹਿ ਕੇ ਸਤਿਕਾਰ ਦਿੰਦੇ ਸਨ। ਬਾਦਸ਼ਾਹ ਜਹਾਂਗੀਰ ਨੂੰ ਇਹ ਗੱਲ ਚੰਗੀ ਨਹੀਂ ਲੱਗਦੀ ਸੀ।

"ਸੱਭ ਸੰਗਤ ਜਿਸ ਦਰਸਨ ਕੋ ਆਵੈ। ਸਚੇ ਪਾਤਸਾਹ ਕਹਿ ਕੈ ਬੁਲਾਵੈ।"

(ਮਹਿਮਾ ਪ੍ਰਕਾਸ਼)

ਇਕ ਵਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਜਹਾਂਗੀਰ ਬਾਦਸ਼ਾਹ ਸੈਰ ਕਰਨ ਗਏ ਤਾਂ ਜਿਥੇ ਟਿਕਾਣਾ ਕੀਤਾ, ਗੁਰੂ ਜੀ ਤੇ ਬਾਦਸ਼ਾਹ ਦਾ ਡੇਰਾ ਕੋਲੋਂ-ਕੋਲ ਸੀ। ਇਕ ਗ਼ਰੀਬ ਘਾਹੀ ਸਿੱਖ ਭੁਲੇਖੇ ਨਾਲ ਬਾਦਸ਼ਾਹ ਜਹਾਂਗੀਰ ਦੇ ਤੰਬੂ ਵਿਚ ਚਲਾ ਗਿਆ ਤੇ ਟਕਾ ਅਤੇ ਘਾਹ ਦੀ ਪੰਡ ਰੱਖ ਕੇ ਬਾਦਸ਼ਾਹ ਨੂੰ ਕਿਹਾ, "ਸੱਚੇ ਪਾਤਸ਼ਾਹ ! ਜਮਾਂ ਤੋਂ ਬਚਾਉਣਾ। ਮੇਰਾ ਜਨਮ ਮਰਨ ਕੱਟਣਾ ਜੀ। ਕਿਰਪਾ ਕਰਨੀ।" ਸੁਣ ਕੇ ਬਾਦਸ਼ਾਹ ਨੂੰ ਅੰਦਰੋਂ ਕੁਝ ਮਹਿਸੂਸ ਹੋਣ ਲੱਗਾ ਕਿ ਛੇਵੇਂ ਪਾਤਸ਼ਾਹ ਨੂੰ ਸੱਚੇ ਪਾਤਸ਼ਾਹ ਕਿਉਂ ਆਖਦੇ ਹਨ। ਬਾਦਸ਼ਾਹ ਕਹਿੰਦਾ ਹੈ, "ਸਿੱਖਾ, ਮੈਂ ਜਮਾਂ ਤੋਂ ਨਹੀਂ ਬਚਾ ਸਕਦਾ। ਜਨਮ ਮਰਨ ਨਹੀਂ ਕੱਟ ਸਕਦਾ, ਐਸੀ ਕਿਰਪਾ ਕਰਨ ਵਾਲੇ ਸੱਚੇ ਪਾਤਸ਼ਾਹ ਦਾ ਡੇਰਾ ਅੱਗੇ ਹੈ। ਮੈਂ ਤਾਂ ਕੇਵਲ ਇਸ ਦੁਨੀਆਂ ਦੇ ਪਦਾਰਥ ਦੇ ਸਕਦਾ ਹਾਂ।" ਇਹ ਸੁਣ ਕੇ ਬੇਪਰਵਾਹ ਸਿੱਖ ਨੇ ਟਕਾ ਅਤੇ ਘਾਹ ਦੀ ਪੰਡ ਚੁੱਕ ਲਈ ਅਤੇ ਗੁਰੂ ਜੀ ਦੇ ਤੰਬੂ ਵਿਚ ਚਲਾ ਗਿਆ। ਟਕਾ ਤੇ ਘਾਹ ਦੀ ਪੰਡ ਅੱਗੇ ਰੱਖ ਕੇ ਮੱਥਾ ਟੇਕਿਆ ਅਤੇ ਕਿਹਾ, "ਸੱਚੇ ਪਾਤਸ਼ਾਹ ! ਜਮਾਂ

ਤੋਂ ਬਚਾਉਣਾ, ਜਨਮ ਮਰਨ ਕੱਟਣਾ ਜੀ।" ਹਜ਼ੂਰ ਨੇ ਕਿਹਾ, "ਸਿੱਖਾ, ਨਾਮ ਜਪਿਆ ਕਰ, ਗੁਰੂ ਨਾਨਕ ਤੇਰੀ ਰੱਖਿਆ ਕਰਨਗੇ।" ਜਹਾਂਗੀਰ ਨੂੰ ਵੀ ਅੱਜ ਪਤਾ ਲੱਗਾ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸੱਚਾ ਪਾਤਸ਼ਾਹ ਕਿਉਂ ਕਹਿੰਦੇ ਹਨ, ਉਹ ਇਸ ਲੋਕ ਦੀਆਂ ਖੁਸ਼ੀਆਂ ਵੀ ਦਿੰਦੇ ਹਨ ਤੇ ਜਨਮ ਮਰਨ ਵੀ ਕੱਟਦੇ ਹਨ।

ਸਿੱਖਿਆ : ਦੁਨੀਆਵੀ ਬਾਦਸ਼ਾਹ ਧਨ, ਦੌਲਤ, ਰਾਜ-ਭਾਗ ਆਦਿ ਦੇ ਸਕਦਾ ਹੈ ਪਰ ਜਮਾਂ ਤੋਂ ਰਾਖੀ ਨਹੀਂ ਕਰ ਸਕਦਾ। ਜਮਾਂ ਤੋਂ ਰਾਖੀ ਤਾਂ ਸੱਚਾ ਪਾਤਸ਼ਾਹ ਹੀ ਕਰ ਸਕਦਾ ਹੈ। ਸਾਨੂੰ ਸੱਚੇ ਪਾਤਸ਼ਾਹ ਅੱਗੇ ਹੀ ਝੋਲੀ ਅੱਡਣੀ ਚਾਹੀਦੀ ਹੈ। ਜਿਹੜਾ ਲੋਕ ਦੇ ਸੁੱਖ ਵੀ ਦੇ ਸਕਦਾ ਹੈ ਤੇ ਪਰਲੋਕ ਦੀਆਂ ਦਾਤਾਂ ਵੀ ਦੇ ਸਕਦਾ ਹੈ।

## ਸਾਖੀ ਪੰਜਵੀਂ—ਮਾਤਾ ਜਮਨਾ ਦੇਵੀ ਜੀ ਦੀ ਸ਼ਰਧਾ

ਸੰਨ 1671 ਈ: ਵਿਚ ਸਾਹਿਬਜ਼ਾਦਾ ਬਾਲ ਗੋਬਿੰਦ ਰਾਏ ਜੀ, ਗੁਰੂ ਤੇਗ਼ ਬਹਾਦਰ ਜੀ ਦਾ ਸੁਨੇਹਾ ਪੁੱਜਣ ਤੇ ਮਾਤਾ ਗੁਜਰੀ ਜੀ ਨਾਲ ਪਟਨਾ ਸਾਹਿਬ ਦੀ ਧਰਤੀ ਤੋਂ ਅਨੰਦਪੁਰ ਸਾਹਿਬ ਨੂੰ ਚਾਲੇ ਪਾਏ। ਪਟਨਾ ਸਾਹਿਬ ਦੀਆਂ ਸੰਗਤਾਂ ਦਾ ਸਾਹਿਬਜ਼ਾਦੇ ਨਾਲ ਅਥਾਹ ਪਿਆਰ ਸੀ। ਅਨੰਦਪੁਰ ਸਾਹਿਬ ਭੇਜਣ ਲਈ ਕਿਸੇ ਦਾ ਵੀ ਦਿਲ ਨਹੀਂ ਸੀ ਕਰਦਾ, ਸਭ ਦੀਆਂ ਅੱਖਾਂ ਵਿਚ ਪਿਆਰ ਦੇ ਹੰਝੂ ਸਨ। ਸੰਗਤਾਂ ਵਿਦਾਇਗੀ ਦੇਣ ਵਾਸਤੇ ਪਟਨਾ ਸਾਹਿਬ ਤੋਂ ਤਕਰੀਬਨ 13 ਕਿਲੋਮੀਟਰ ਦੀ ਦੂਰੀ ਪਿੰਡ ਦਾਨਾਪੁਰ ਤਕ ਨਾਲ ਆਈਆਂ। ਇਥੇ ਪਹੁੰਚਣ ਸਮੇਂ ਸ਼ਾਮ ਪੈਣ ਤੇ ਗੋਬਿੰਦ ਰਾਏ ਜੀ, ਮਾਤਾ ਗੁਜਰੀ ਜੀ ਅਤੇ ਪਟਨਾ ਸਾਹਿਬ ਤੋਂ ਨਾਲ ਆਈਆਂ ਸੰਗਤਾਂ ਨੇ ਰਾਤ ਬਿਸਰਾਮ ਕੀਤਾ। ਦਾਨਾਪੁਰ ਵਿਚ ਰਹਿਣ ਵਾਲੀ ਇਕ ਬੁੱਢੀ ਔਰਤ ਮਾਤਾ ਜਮਨਾ ਦੇਵੀ ਜੋ ਗੁਰੂ ਘਰ ਉੱਪਰ ਅਥਾਹ ਸ਼ਰਧਾ ਰੱਖਦੀ ਸੀ, ਪਰ ਉਮਰ ਵੱਡੀ ਹੋਣ ਕਾਰਨ ਇਧਰ-ਉਧਰ ਜਾ ਨਹੀਂ ਸਕਦੀ ਸੀ। ਜਿਸ ਵੇਲੇ ਉਸ ਨੂੰ ਪਤਾ ਲੱਗਾ ਕਿ ਦਾਨਾਪੁਰ ਵਿਚ ਸੰਗਤਾਂ ਸਮੇਤ ਗੋਬਿੰਦ ਰਾਏ ਜੀ ਆਏ ਹਨ ਤਾਂ ਉਸਨੇ ਬੜੇ ਪਿਆਰ ਅਤੇ ਸਤਿਕਾਰ ਨਾਲ ਹਾਂਡੀ ਵਿਚ ਖਿੱਚੜੀ ਬਣਾ ਕੇ ਲਿਆਂਦੀ। ਸਤਿਗੁਰੂ ਜੀ ਨੂੰ ਛੱਕਣ ਵਾਸਤੇ ਬੇਨਤੀ ਕੀਤੀ। ਮਾਈ ਅੰਦਰ ਬਹੁਤ ਪ੍ਰੇਮ ਸੀ, ਦੂਜਾ ਸਾਹਿਬਜ਼ਾਦੇ ਦੇ ਦਰਸ਼ਨ ਕਰਕੇ ਉਸ ਨੂੰ ਕੋਈ ਸੁੱਧ ਨਾ ਰਹੀ ਤੇ ਉਸਨੇ ਥਾਲ ਪਰੋਸ ਕੇ ਨਹੀਂ ਦਿੱਤਾ ਬਲਕਿ ਹਾਂਡੀ ਹੀ ਗੋਬਿੰਦ ਰਾਏ ਜੀ ਅੱਗੇ ਰੱਖ ਦਿੱਤੀ। ਗੋਬਿੰਦ ਰਾਏ ਜੀ ਨੇ ਉਸ ਮਾਈ ਦੇ ਪ੍ਰੇਮ ਵਜੋਂ ਬਣਾਈ ਖਿੱਚੜੀ ਸੰਗਤਾਂ ਵਿਚ ਵਰਤਾਈ ਤੇ ਆਪ ਵੀ ਛੱਕੀ। ਰਾਤ ਬਿਸਰਾਮ ਕਰਨ ਪਿਛੋਂ ਸਵੇਰੇ ਜਦ ਅਨੰਦਪੁਰ ਲਈ ਗੋਬਿੰਦ ਰਾਏ

ਚਲਣ ਲੱਗੇ ਤਾਂ ਮਾਈ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਉਹ ਇਥੋਂ ਕਿਤੇ ਵੀ ਨਾ ਜਾਣ ਤੇ ਇਥੇ ਹੀ ਮੈਨੂੰ ਦਰਸ਼ਨ ਦੇਂਦੇ ਹੋਏ ਪਾਸ ਰਹਿਣ। ਗੋਬਿੰਦ ਰਾਏ ਜੀ ਨੇ ਕਿਹਾ "ਦਾਦੀ ਮਾਂ ਮੈਂ ਸਦਾ ਆਪ ਜੀ ਦੇ ਪਾਸ ਹੀ ਹੋਵਾਂਗਾ, ਜਦ ਮੇਰੇ ਦਰਸ਼ਨ ਕਰਨੇ ਹੋਣ ਇੰਝ ਹੀ ਪਿਆਰ ਨਾਲ ਖਿੱਚੜੀ ਬਣਾ ਕੇ ਸੰਗਤਾਂ ਅਤੇ ਗ਼ਰੀਬ ਲੋੜਵੰਦਾਂ ਨੂੰ ਛਕਾਉਣਾ, ਮੈਂ ਉਨ੍ਹਾਂ ਵਿਚੋਂ ਹੀ ਤੁਹਾਨੂੰ ਇੰਝ ਬੈਠਾ ਨਜ਼ਰ ਆਵਾਂਗਾ।"

ਮਾਤਾ ਜਮਨਾ ਦੇਵੀ ਦੇ ਦਿਲ ਵਿਚ ਜਦੋਂ ਵੀ ਗੋਬਿੰਦ ਰਾਏ ਦੇ ਦਰਸ਼ਨ ਕਰਨ ਦੀ ਉਮੰਗ ਪੈਦਾ ਹੁੰਦੀ ਤਾਂ ਉਹ ਖਿੱਚੜੀ ਤਿਆਰ ਕਰਕੇ ਸੰਗਤਾਂ ਨੂੰ ਖੁਆ ਆਉਂਦੀ ਤਾਂ ਉਸਨੂੰ ਪ੍ਰਤੱਖ ਗੋਬਿੰਦ ਰਾਏ ਜੀ ਦੇ ਦਰਸ਼ਨ ਹੋ ਜਾਂਦੇ। ਇਸ ਤਰ੍ਹਾਂ ਮਾਈ ਅਖੀਰਲੇ ਸਵਾਸਾਂ ਤੱਕ ਗੋਬਿੰਦ ਰਾਏ ਜੀ ਦੇ ਦਰਸ਼ਨ ਕਰਕੇ ਨਿਹਾਲ ਹੁੰਦੀ ਰਹੀ।

ਉਹ ਹਾਂਡੀ, ਜਿਸ ਵਿਚ ਮਾਈ ਨੇ ਗੋਬਿੰਦ ਰਾਏ ਜੀ ਲਈ ਖਿੱਚੜੀ ਤਿਆਰ ਕੀਤੀ ਉਥੇ ਹੁਣ ਗੁਰਦੁਆਰਾ ਹਾਂਡੀ ਸਾਹਿਬ ਹੈ। ਉਹ ਹਾਂਡੀ ਵੀ ਮੌਜੂਦ ਹੈ ਤੇ ਅੱਜ ਵੀ ਉਥੇ ਖਿੱਚੜੀ ਦਾ ਲੰਗਰ ਚੱਲਦਾ ਹੈ।

ਸਿੱਖਿਆ : ਇਸ ਸਾਖੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਜੇ ਅਸੀਂ ਸੰਗਤ ਦੀ ਖ਼ੁਸ਼ੀ ਲੈ ਲਈਏ ਤਾਂ ਗੁਰੂ ਦੀ ਖ਼ੁਸ਼ੀ ਆਪੇ ਮਿਲ ਜਾਂਦੀ ਹੈ।

# ਸਾਖੀ ਛੇਵੀਂ–ਸ਼ਹੀਦ ਭਾਈ ਤਾਰੂ ਸਿੰਘ ਜੀ

ਭਾਈ ਤਾਰੂ ਸਿੰਘ ਜੀ ਪਿੰਡ ਪੂਹਲੇ (ਅੰਮ੍ਰਿਤਸਰ) ਦੇ ਵਸਨੀਕ ਸਨ। ਭਾਈ ਸਾਹਿਬ ਜੀ ਰੋਜ਼ ਅੰਮ੍ਰਿਤ ਵੇਲੇ 21 ਪਾਠ ਜਾਪੁ ਸਾਹਿਬ ਦੇ ਕਰ ਕੇ ਫੇਰ ਕੁਝ ਛੱਕਦੇ ਸਨ। ਖੇਤੀ-ਬਾੜੀ ਦਾ ਕੰਮ ਕਰਦੇ ਸਨ। ਆਏ ਗਏ ਗੁਰਸਿੱਖ ਦੇ ਰਹਿਣ ਲਈ ਪ੍ਰਬੰਧ ਕਰਦੇ। ਜੰਗਲਾਂ ਵਿਚ ਰਹਿੰਦੇ ਸਿੰਘਾਂ ਲਈ ਲੰਗਰ ਤਿਆਰ ਕਰਕੇ ਛਕਾਉਣ ਦੀ ਸੇਵਾ ਕਰਦੇ ਸਨ। ਉਹਨਾਂ ਦਿਨਾਂ ਵਿਚ ਲਾਹੌਰ ਦਾ ਗਵਰਨਰ ਜ਼ਕਰੀਆ ਖ਼ਾਂ ਸੀ ਜੋ ਸਿੱਖਾਂ 'ਤੇ ਬੜਾ ਜ਼ੁਲਮ ਕਰਦਾ ਸੀ। ਸਿਖਾਂ ਨੂੰ ਖ਼ਤਮ ਕਰਨ ਦਾ ਇਸ ਨੇ ਫ਼ੈਸਲਾ ਕੀਤਾ ਹੋਇਆ ਸੀ। ਸਿੱਖਾਂ ਨੂੰ ਚੁਣ-ਚੁਣ ਕੇ ਖ਼ਤਮ ਕੀਤਾ ਜਾ ਰਿਹਾ ਸੀ। ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖੇ ਗਏ ਸਨ। ਇਨਾਮ ਦੇ ਲਾਲਚ ਵਿਚ ਕਿਸੇ ਦੋਖੀ ਨੇ ਭਾਈ ਤਾਰੂ ਸਿੰਘ ਜੀ ਵਿਰੁਧ ਸ਼ਿਕਾਇਤ ਕਰ ਦਿੱਤੀ।

ਭਾਈ ਸਾਹਿਬ ਜੀ ਨੂੰ ਗ੍ਰਿਫ਼ਤਾਰ ਕਰਨ ਲਈ ਜਦੋਂ ਸਿਪਾਹੀ ਉਨ੍ਹਾਂ ਦੇ ਘਰ ਪਹੁੰਚੇ ਤਾਂ ਭਾਈ ਸਾਹਿਬ ਜੀ ਘਰ ਨਹੀਂ ਸਨ। ਭਾਈ ਸਾਹਿਬ ਜੀ ਦੇ ਮਾਤਾ ਜੀ ਕਹਿਣ ਲੱਗੇ, "ਪਹਿਲਾਂ ਪ੍ਰਸ਼ਾਦਾ ਛੱਕ ਲਵੋ।" ਸਿਪਾਹੀਆਂ ਨੇ ਪ੍ਰਸ਼ਾਦਾ ਛਕਿਆ ਤੇ ਮੁੱਖ ਵਿਚੋਂ

ਕਿਹਾ ਸਿੱਖ ਇਤਨੇ ਨਿਰਵੈਰ ਹਨ ! ਇੰਨੇ ਨੂੰ ਭਾਈ ਤਾਰੂ ਸਿੰਘ ਜੀ ਵੀ ਪਹੁੰਚ ਗਏ ਤੇ ਸਿਪਾਹੀਆਂ ਨੇ ਭਾਈ ਸਾਹਿਬ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਭਾਈ ਸਾਹਿਬ ਜੀ ਨੂੰ ਕਿਹਾ ਗਿਆ ਕਿ ਉਹ ਸਿੱਖੀ ਛੱਡ ਦੇਣ। ਪਰ ਭਾਈ ਸਾਹਿਬ ਜੀ ਨੂੰ ਸਿੱਖੀ ਜਾਨ ਨਾਲੋਂ ਵੀ ਵੱਧ ਪਿਆਰੀ ਸੀ, ਇਸ ਲਈ ਉਹਨਾਂ ਨੇ ਸਾਫ਼ ਇਨਕਾਰ ਕਰ ਦਿੱਤਾ। ਭਾਈ ਸਾਹਿਬ ਜੀ ਨੂੰ ਬੜੇ ਲਾਲਚ ਵੀ ਦਿੱਤੇ ਗਏ ਤੇ ਡਰਾਵੇ ਵੀ, ਪਰ ਭਾਈ ਸਾਹਿਬ ਜੀ ਰਤਾ ਨਾ ਡੋਲੇ।

ਜ਼ਕਰੀਆ ਖ਼ਾਂ ਨੇ ਚਲਾਕੀ ਵਰਤੀ ਤੇ ਭਾਈ ਸਾਹਿਬ ਜੀ ਨੂੰ ਕਿਹਾ ਕਿ ਮੈਂ ਸੁਣਿਆ ਹੈ ਤੁਹਾਡੇ ਗੁਰੂ ਕੋਲੋਂ ਅਤੇ ਗੁਰੂ ਕੇ ਸਿੰਘਾਂ ਕੋਲੋਂ ਜੋ ਮੰਗੀਏ ਉਹ ਮਿਲਦਾ ਹੈ। ਮੈਂ ਵੀ ਤੁਹਾਡੇ ਕੋਲੋਂ ਇਕ ਚੀਜ਼ ਦੀ ਮੰਗ ਕਰਦਾ ਹਾਂ ਕਿ ਮੈਨੂੰ ਤੁਹਾਡੇ ਕੇਸ ਚਾਹੀਦੇ ਹਨ। ਤਾਂ ਭਾਈ ਸਾਹਿਬ ਜੀ ਨੇ ਜਵਾਬ ਦਿੱਤਾ, "ਕੇਸ ਦੇਵਾਂਗਾ ਜ਼ਰੂਰ ਪਰ ਕੱਟ ਕੇ ਨਹੀਂ ਖੋਪਰੀ ਸਮੇਤ ਦੇਵਾਂਗਾ।" ਜ਼ਕਰੀਆ ਖ਼ਾਂ ਦੇ ਹੁਕਮ ਤੇ ਜਲਾਦ ਜਦੋਂ ਰੰਬੀ ਨਾਲ ਭਾਈ ਸਾਹਿਬ ਜੀ ਦੀ ਖੋਪਰੀ ਉਤਾਰਨ ਲੱਗਾ ਤਾਂ ਹੰਕਾਰ ਵਿਚ ਜ਼ਕਰੀਆ ਖਾਂ ਬਹੁਤ ਹੱਸਿਆ। ਭਾਈ ਤਾਰੂ ਸਿੰਘ ਜੀ ਦੇ ਮੁੱਖ ਵਿਚੋਂ ਸਹਿਜ-ਸੁਭਾਅ ਬਚਨ ਨਿਕਲਿਆ, "ਬਹੁਤਾ ਹੱਸ ਨਾ ਤੈਨੂੰ ਅੱਗੇ ਲਾ ਕੇ ਜੁੱਤੀਆਂ ਮਾਰ ਕੇ ਨਰਕਾਂ ਵਿਚ ਪਹਿਲਾਂ ਭੇਜਾਂਗੇ, ਅਸੀਂ ਦਰਗਾਹ ਵਿਚ ਬਾਅਦ ਵਿਚ ਜਾਵਾਂਗੇ।" ਭਾਈ ਤਾਰੂ ਸਿੰਘ ਜੀ ਦੀ ਰੰਬੀ ਨਾਲ ਖੋਪਰੀ ਉਤਾਰ ਦਿੱਤੀ ਗਈ, ਪਰ ਗੁਰੂ ਦੇ ਸਿੱਖ ਦਾ ਬਚਨ ਸੱਚ ਹੋਇਆ। ਜ਼ਕਰੀਆਂ ਖਾਂ ਦਾ ਪਿਸ਼ਾਬ ਰੁਕ ਗਿਆ, ਉਹ ਬਹੁਤ ਦੁਖੀ ਹੋਇਆ। ਉਸ ਦੇ ਅਹਿਲਕਾਰ ਭਾਈ ਤਾਰੂ ਸਿੰਘ ਜੀ ਦਾ ਜੋੜਾ ਉਸ ਦੇ ਸਿਰ 'ਤੇ ਮਾਰਦੇ ਤਾਂ ਉਸ ਨੂੰ ਪਿਸ਼ਾਬ ਆਉਂਦਾ। ਇਸ ਰੋਗ ਨਾਲ ਜ਼ਕਰੀਆ ਖਾਂ ਦੀ ਮੌਤ ਪਹਿਲਾਂ ਹੋਈ ਪਰ ਭਾਈ ਤਾਰੂ ਸਿੰਘ ਜੀ, ਜਿਨ੍ਹਾਂ ਦੀ ਖੋਪਰੀ ਉੱਤਰੀ ਹੋਈ ਸੀ ਅਤੇ ਫ਼ਿਰ ਵੀ 22 ਦਿਨ ਜਿਊਂਦੇ ਰਹੇ ਅਤੇ ਦਰਗਾਹ ਵਿਚ ਗਏ।

ਸਾਰੇ ਆਖੋ : ਧੰਨ ਗੁਰੂ, ਧੰਨ ਗੁਰੂ ਦੇ ਪਿਆਰੇ।

ਸਿੱਖਿਆ : ਸਿੱਖ ਕੇਸਾਂ ਨੂੰ ਜਾਨ ਤੋਂ ਵੀ ਪਿਆਰਾ ਰੱਖਦਾ ਹੈ।

❖ ❖ ❖

## 10 ਪ੍ਰਸ਼ਨ–ਉੱਤਰ ਇਸ ਪ੍ਰਕਾਰ ਹਨ :

1. ਪ੍ਰਸ਼ਨ :– ਜਦ ਮਾਤਾ ਜੀਉਣੀ ਜੀ ਨੇ ਬਾਬਾ ਦੀਪ ਸਿੰਘ ਜੀ ਨੂੰ ਘਰ ਲਿਜਾਣਾ ਚਾਹਿਆ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਕਿਹਾ ?

   ਉੱਤਰ :– ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਇਸ ਨੂੰ ਇਥੇ ਸੇਵਾ ਵਿਚ ਰਹਿਣ ਦਿਉ, ਇਸ ਨੇ ਆਪਣੇ ਨਾਮ ਦੀਪ ਮੁਤਾਬਕ ਕਈ ਬੁਝੇ ਦੀਪ ਜਗਾਉਣੇ ਹਨ ਅਤੇ ਟੁੱਟਿਆਂ ਹੋਇਆਂ ਨੂੰ ਗੁਰੂ ਘਰ ਨਾਲ ਜੋੜਨਾ ਹੈ।

2. ਪ੍ਰਸ਼ਨ :– ਗੁਰੂ ਗੋਬਿੰਦ ਸਿੰਘ ਜੀ ਨੂੰ ਅਸਾਮ ਦੇ ਰਾਜੇ ਰਤਨ ਰਾਏ ਨੇ ਕਿਹੜੀਆਂ 5 ਵਸਤੂਆਂ ਭੇਟ ਕੀਤੀਆਂ ?

   ਉੱਤਰ :– 1. ਪ੍ਰਸਾਦੀ ਹਾਥੀ, 2. ਪੰਚ ਕਲਾਂ ਸ਼ਸਤਰ, 3. ਚੰਦਨ ਦੀ ਚੌਂਕੀ, 4. ਹੀਰਿਆਂ ਨਾਲ ਜੜਿਆ ਚੰਦੋਆ, 5. ਕੀਮਤੀ ਨਸਲ ਦੇ ਘੋੜੇ।

3. ਪ੍ਰਸ਼ਨ :– ਗੁਰੂ ਕੀ ਕਾਂਸ਼ੀ ਕਿਸ ਨੂੰ ਤੇ ਕਿਉਂ ਕਿਹਾ ਜਾਂਦਾ ਹੈ ?

   ਉੱਤਰ :– ਸਾਬੋ ਕੀ ਤਲਵੰਡੀ (ਬਠਿੰਡਾ (ਪੰਜਾਬ) ਵਿਖੇ) ਅਸਥਾਨ ਦਮਦਮਾ ਸਾਹਿਬ ਨੂੰ ਗੁਰੂ ਕੀ ਕਾਂਸ਼ੀ ਕਿਹਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਥੇ ਵਰ ਦਿੱਤਾ ਸੀ ਕਿ ਇਸ ਅਸਥਾਨ ਤੋਂ ਵਿਦਵਾਨ ਤਿਆਰ ਹੋਇਆ ਕਰਨਗੇ।

4. ਪ੍ਰਸ਼ਨ :– ਕਲਗੀਧਰ ਪਾਤਸ਼ਾਹ ਨੇ ਦੱਖਣ ਜਾਣ ਤੋਂ ਪਹਿਲਾਂ ਬਾਬਾ ਦੀਪ ਸਿੰਘ ਜੀ ਨੂੰ ਕਿਹੜੇ 5 ਬਚਨ ਕਹੇ ?

   ਉੱਤਰ :– 1. ਅੰਮ੍ਰਿਤ ਛਕਾ ਕੇ ਸਿੰਘ ਸਜਾਉਂਦੇ ਰਹਿਣਾ।
   2. ਗਊ, ਗਰੀਬ ਦੀ ਰੱਖਿਆ ਕਰਨੀ।
   3. ਪੰਥ ਵਿਚ ਕੋਈ ਦੁਬਿਧਾ ਪੈਦਾ ਹੋਵੇ ਤਾਂ ਪ੍ਰੇਰਨਾ ਦੇ ਕੇ ਜਥੇਬੰਦ ਕਰਦੇ ਰਹਿਣਾ।
   4. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਲਿਖ ਕੇ ਯੋਗ ਅਸਥਾਨਾਂ ’ਤੇ ਪਹੁੰਚਾਂਦੇ ਰਹਿਣਾ।
   5. ਧੁਰ ਕੀ ਬਾਣੀ ਦਾ ਪ੍ਰਚਾਰ ਕਰਦੇ ਰਹਿਣਾ।

5. ਪ੍ਰਸ਼ਨ :– ਈਰਖਾ ਕਾਰਨ ਧੀਰਮੱਲ ਨੇ ਜਦ ਸਿੱਖਾਂ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਗੁਰੂ ਗੋਬਿੰਦ

ਸਿੰਘ ਜੀ ਨੇ ਕੀ ਕੀਤਾ ?

ਉੱਤਰ :– ਗੁਰੂ ਜੀ ਨੇ ਆਪਣੀ ਆਤਮਿਕ ਸ਼ਕਤੀ ਨਾਲ ਸਾਬੋ ਕੀ ਤਲਵੰਡੀ ਸ੍ਰੀ ਦਮਦਮਾ ਸਾਹਿਬ (ਜ਼ਿਲ੍ਹਾ ਬਠਿੰਡਾ–ਪੰਜਾਬ) ਵਿਖੇ 9 ਮਹੀਨੇ 9 ਦਿਨ 9 ਘੜੀਆਂ ਦੇ ਵਿਚ ਭਾਈ ਮਨੀ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਤੋਂ ਸੇਵਾ ਲੈ ਕੇ ਸਾਰੀ ਬਾਣੀ ਜ਼ੁਬਾਨੀ ਉਚਾਰਨ ਕੀਤੀ।

6. ਪ੍ਰਸ਼ਨ :– ਔਰੰਗਜ਼ੇਬ ਦੀ ਤਲਵਾਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾਨ ਵਿਚ ਕੀ ਫ਼ਰਕ ਹੈ ?

ਉੱਤਰ :– ਤਲਵਾਰ ਅਤੇ ਕ੍ਰਿਪਾਨ ਦੇਖਣ 'ਚ ਭਾਵੇਂ ਲੋਹੇ ਦਾ ਟੁੱਕੜਾ ਹੈ ਪਰ ਔਰੰਗਜ਼ੇਬ ਦੀ ਤਲਵਾਰ ਜ਼ੁਲਮ ਕਰਦੀ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾਨ ਜ਼ੁਲਮ ਰੋਕਦੀ ਹੈ। ਇਸ ਤਰ੍ਹਾਂ ਜ਼ਮੀਨ ਤੇ ਅਸਮਾਨ ਦਾ ਫ਼ਰਕ ਹੈ।

7. ਪ੍ਰਸ਼ਨ :– ਅੰਮ੍ਰਿਤਸਰ ਸਾਹਿਬ ਜੀ ਦੇ ਪੰਜ ਸਰੋਵਰਾਂ ਦਾ ਨਾਮ ਦੱਸੋ।

ਉੱਤਰ :– 1. ਸ੍ਰੀ ਹਰਿਮੰਦਰ ਸਾਹਿਬ
2. ਸ੍ਰੀ ਸੰਤੋਖਸਰ ਸਾਹਿਬ
3. ਸ੍ਰੀ ਰਾਮਸਰ ਸਾਹਿਬ
4. ਸ੍ਰੀ ਬਿਬੇਕਸਰ ਸਾਹਿਬ
5. ਸ੍ਰੀ ਕੌਲਸਰ ਸਾਹਿਬ।

8. ਪ੍ਰਸ਼ਨ :– ਗੁ: ਸੀਸ ਗੰਜ ਸਾਹਿਬ (ਦਿੱਲੀ) ਦਾ ਇਤਿਹਾਸ ਦੱਸੋ।

ਉੱਤਰ :– ਜਦੋਂ ਕਸ਼ਮੀਰ ਦੇ ਪੰਡਤਾਂ ਨੇ ਅਨੰਦਪੁਰ ਸਾਹਿਬ ਆ ਕੇ ਔਰੰਗਜ਼ੇਬ ਵਲੋਂ ਹਿੰਦੂ ਧਰਮ ਨੂੰ ਖ਼ਤਮ ਕਰਨ ਦੇ ਅਤਿਆਚਾਰ ਬਾਰੇ ਦੱਸਿਆ ਤਾਂ ਤਿਲਕ, ਜੰਞੂ ਦੀ ਰਾਖੀ ਲਈ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਚਾਂਦਨੀ ਚੌਂਕ ਜਾ ਕੇ ਸ਼ਹੀਦੀ ਦਿੱਤੀ। ਇਸ ਅਸਥਾਨ ਤੇ ਸ਼ੁਸ਼ੋਭਿਤ ਗੁਰਦੁਆਰਾ ਸਾਹਿਬ ਨੂੰ ਗੁ: ਸੀਸ ਗੰਜ ਸਾਹਿਬ ਕਿਹਾ ਜਾਂਦਾ ਹੈ।

9. ਪ੍ਰਸ਼ਨ :– ਪੰਜ ਤਖ਼ਤ ਸਾਹਿਬ ਜੀ ਦੇ ਨਾਮ ਦੱਸੋ।

ਉੱਤਰ :– 1. ਸ੍ਰੀ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ ਸਾਹਿਬ)
2. ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ)

3. ਤਖ਼ਤ ਸ੍ਰੀ ਪਟਨਾ ਸਾਹਿਬ (ਬਿਹਾਰ)

4. ਤਖ਼ਤ ਸ੍ਰੀ ਹਜ਼ੂਰ ਸਾਹਿਬ (ਨੰਦੇੜ)

5. ਤਖ਼ਤ ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ, ਬਠਿੰਡਾ)

10. ਪ੍ਰਸ਼ਨ :- ਭਾਈ ਡੱਲਾ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਜਦ ਦਰਗਾਹ ਵਿਚ ਬੈਠਣ ਲਈ ਪੀੜ੍ਹੀ ਜਿੰਨੀ ਜਗ੍ਹਾ ਮੰਗੀ ਤਾਂ ਗੁਰੂ ਜੀ ਨੇ ਕੀ ਕਿਹਾ ?

ਉੱਤਰ :- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, "ਡੱਲਿਆ ਜੇ ਦਰਗਾਹ ਵਿਚ ਜਗ੍ਹਾ ਚਾਹੁੰਦਾ ਹੈਂ ਤਾਂ ਫਿਰ ਤੈਨੂੰ ਗੁਰੂ ਵਾਲਾ ਬਣਨਾ ਪਵੇਗਾ" ਭਾਵ 'ਖੰਡੇ ਬਾਟੇ ਦੀ ਪਾਹੁਲ' ਅੰਮ੍ਰਿਤ ਛਕਣਾ ਪਵੇਗਾ, ਨਹੀਂ ਤਾਂ ਪੀੜ੍ਹੀ ਜਿੰਨੀ ਕੀ, ਸੂਈ ਜਿੰਨੀ ਜਗ੍ਹਾ ਵੀ ਨਹੀਂ ਮਿਲ ਸਕਦੀ।"

❖ ❖ ❖

# 14 ਸਾਲ ਤੋਂ 25 ਸਾਲ ਤੱਕ ਦੀ ਉਮਰ ਦੇ ਬੱਚਿਆਂ ਲਈ ਸਿਲੇਬਸ

ਇਸ ਸਿਲੇਬਸ ਅਨੁਸਾਰ 14 ਸਾਲ ਤੋਂ 25 ਸਾਲ ਤੱਕ ਦੇ ਬੱਚਿਆਂ ਨੂੰ ਮਾਤਾ ਪਿਤਾ ਹੇਠ ਲਿਖਿਆਂ 8 ਸਾਖੀਆਂ ਅਤੇ 10 ਪ੍ਰਸ਼ਨ-ਉੱਤਰ ਜ਼ੁਬਾਨੀ ਯਾਦ ਕਰਵਾਉਣ। ਜਿਹਨਾਂ ਵਿੱਚੋਂ ਕੋਈ 4 ਸਾਖੀਆਂ ਅਤੇ 5 ਪ੍ਰਸ਼ਨ-ਉੱਤਰ ਜ਼ਬਾਨੀ ਸੁਣੇ ਜਾਣਗੇ।

## 8 ਸਾਖੀਆਂ ਹੇਠ ਲਿਖੇ ਪ੍ਰਕਾਰ ਹਨ :

# ਸਾਖੀ ਪਹਿਲੀ
# ਗੁਰੂ ਨਾਨਕ ਦੇਵ ਜੀ ਦਾ ਮੱਕੇ ਜਾਣਾ।

ਇਕ ਦਿਨ ਭਾਈ ਮਰਦਾਨੇ ਨੇ ਗੁਰੂ ਜੀ ਨੂੰ ਬੇਨਤੀ ਕੀਤੀ, "ਤੁਸੀਂ ਮੈਨੂੰ ਜੰਗਲਾਂ ਵਿਚ, ਪਹਾੜਾਂ ਦੀਆਂ ਟੀਸੀਆਂ ਉੱਪਰ ਅਤੇ ਉਨ੍ਹਾਂ ਥਾਵਾਂ ਉੱਪਰ ਜਿਥੇ ਕੋਈ ਨਹੀਂ ਵੱਸਦਾ, ਲਈ ਫਿਰਦੇ ਹੋ। ਇਸਲਾਮ ਧਰਮ ਵਿਚ ਮੱਕੇ ਦੇ ਹੱਜ ਦੀ ਬਹੁਤ ਸਿਫ਼ਤ ਕੀਤੀ ਗਈ ਹੈ। ਤੁਸੀਂ ਮੈਨੂੰ ਮੱਕੇ ਦਾ ਹੱਜ ਕਰਵਾ ਦੇਵੋ।" ਗੁਰੂ ਜੀ ਭਾਈ ਮਰਦਾਨੇ ਦੀ ਬੇਨਤੀ ਮੰਨ ਕੇ, ਉਸਨੂੰ ਨਾਲ ਲੈ ਕੇ ਮੱਕੇ ਵੱਲ ਚਲ ਪਏ। ਰਸਤੇ ਵਿਚ ਉਨ੍ਹਾਂ ਨੂੰ ਕੁਝ ਹੋਰ ਹਾਜੀ ਮਿਲ ਗਏ ਜਿਹੜੇ ਇੱਧਰ-ਉੱਧਰ ਦੀਆਂ ਗੱਲਾਂ ਕਰਨ ਲੱਗੇ। ਗੁਰੂ ਜੀ ਨੇ ਕਿਹਾ, "ਭਾਈ ਮਰਦਾਨਿਆ, ਜਦੋਂ ਹੱਜ ਲਈ ਜਾਈਏ ਤਾਂ ਉਸ ਖ਼ੁਦਾ ਦੀ ਸਿਫ਼ਤ ਦੀ ਗੱਲ-ਬਾਤ ਹੋਣੀ ਚਾਹੀਦੀ ਹੈ। ਹੋਰ ਫਾਲਤੂ ਗੱਲਾਂ ਕਰਦੇ ਜਾਣਾ ਹਾਜੀਆਂ ਲਈ ਸ਼ੋਭਾ ਨਹੀਂ ਦਿੰਦਾ ਅਤੇ ਇਸ ਤਰ੍ਹਾਂ ਦਾ ਹੱਜ ਕਰਨ ਵਾਲੇ ਨੂੰ ਕੁਝ ਪ੍ਰਾਪਤ ਨਹੀਂ ਹੁੰਦਾ।"

ਗੁਰੂ ਜੀ ਅਤੇ ਭਾਈ ਮਰਦਾਨਾ ਨੇ ਉਨ੍ਹਾਂ ਹਾਜੀਆਂ ਦਾ ਸਾਥ ਛੱਡ ਦਿੱਤਾ ਅਤੇ ਪਰਮਾਤਮਾ ਦੀ ਸਿਫ਼ਤ-ਸਲਾਹ ਕਰਦੇ ਮੱਕੇ ਦੇ ਨੇੜੇ ਪੁੱਜੇ, ਜਿੱਥੇ ਉਨ੍ਹਾਂ ਹਾਜੀਆਂ ਵਾਲਾ ਨੀਲਾ ਬਾਣਾ ਪਹਿਨ ਲਿਆ ਅਤੇ ਗੁਰੂ ਜੀ ਨੇ ਬਗ਼ਲ ਵਿਚ ਆਪਣੀ ਬਾਣੀ ਦੀ ਕਿਤਾਬ ਰੱਖ ਲਈ। ਇਸ ਤਰ੍ਹਾਂ ਦੇ ਪਹਿਰਾਵੇ ਵਿਚ ਉਹ ਮੱਕੇ ਦੀ ਮਸੀਤ ਅੰਦਰ ਚਲੇ ਗਏ। ਸਾਰਾ ਦਿਨ ਖ਼ੁਦਾ ਦੇ ਗੁਣ ਗਾਉਂਦਿਆਂ ਗੁਜ਼ਾਰ ਦਿੱਤਾ ਅਤੇ ਰਾਤ ਨੂੰ ਆਰਾਮ ਕਰਨ ਗਏ। ਸਵੇਰੇ ਸਵੇਰੇ ਭਾਰਤ ਤੋਂ ਗਿਆ ਇਕ ਹਾਜੀ ਮੁੱਲਾ, ਜਿਸ ਦਾ ਨਾਂ ਇਤਿਹਾਸ ਵਿਚ ਜੀਵਨ ਆਇਆ ਹੈ, ਉਹ ਸੁੱਤੇ ਪਏ ਹਾਜੀਆਂ ਵਿਚੋਂ ਦੀ ਲੰਘ ਰਿਹਾ ਸੀ, ਉਸਦੀ ਨਿਗਾਹ ਗੁਰੂ ਜੀ ਦੇ ਪੈਰਾਂ ਉੱਪਰ ਪਈ ਜਿਹੜੇ ਕਾਅਬੇ ਵੱਲ ਸਨ। ਉਸਨੂੰ ਇਹ ਦੇਖ ਕੇ ਬਹੁਤ ਗੁੱਸਾ ਆਇਆ। ਉਸਨੇ ਗੁਰੂ ਜੀ ਦੀ ਪਿੱਠ ਵਿਚ ਲੱਤ ਮਾਰ ਕੇ ਕਿਹਾ, "ਓ ਕਾਫ਼ਰ, ਤੈਨੂੰ ਨਜ਼ਰ ਨਹੀਂ ਆਉਂਦਾ ਕਿ ਤੂੰ ਖ਼ੁਦਾ ਦੇ ਘਰ ਵੱਲ ਪੈਰ ਕੀਤੇ ਹੋਏ ਹਨ।" ਗੁਰੂ ਜੀ ਨੇ ਅੱਗੋਂ ਬੜੀ ਹਲੀਮੀ ਨਾਲ ਉੱਤਰ ਦਿੱਤਾ, "ਮੁੱਲਾ ਜੀ, ਮੇਰੇ ਪਾਸੋਂ ਭੁੱਲ ਹੋ ਗਈ। ਮੈਨੂੰ ਨਹੀਂ ਸੀ ਪਤਾ ਕਿ ਸਿਰਫ਼ ਇਸ ਪਾਸੇ ਹੀ ਖ਼ੁਦਾ ਦਾ ਘਰ ਹੈ। ਤੁਸੀਂ ਮੇਰੇ ਪੈਰ ਉਸ ਪਾਸੇ ਕਰ ਦੇਵੋ ਜਿਸ ਪਾਸੇ ਖ਼ੁਦਾ ਨਹੀਂ ਰਹਿੰਦਾ।"

ਇਹ ਸੁਣ ਕੇ ਮੁੱਲਾ ਜੀਵਨ ਦਾ ਗ਼ੁੱਸਾ ਹੋਰ ਵੀ ਵੱਧ ਗਿਆ। ਉਸਨੇ ਬੜੀ ਬੇਦਰਦੀ ਨਾਲ ਗੁਰੂ ਜੀ ਦੀਆਂ ਲੱਤਾਂ ਫੜੀਆਂ ਅਤੇ ਘਸੀਟ ਕੇ ਦੂਜੇ ਪਾਸੇ ਕਰ ਦਿੱਤੀਆਂ। ਗੁਰੂ ਜੀ ਨੇ ਕਿਹਾ, "ਮੁੱਲਾ ਜੀ, ਕੀ ਇਸ ਪਾਸੇ ਖ਼ੁਦਾ ਦਾ ਘਰ ਨਹੀਂ?" ਮੁੱਲਾ ਜੀਵਨ ਨੇ ਜਦੋਂ ਉਸ ਪਾਸੇ ਤੱਕਿਆ ਤਾਂ ਉਸ ਨੂੰ ਮੱਕਾ ਉਸ ਪਾਸੇ ਵੀ ਨਜ਼ਰ ਆਇਆ। ਮੁੱਲਾ ਜੀਵਨ, ਗੁੱਸੇ ਵਿਚ ਜਿਸ ਪਾਸੇ ਗੁਰੂ ਜੀ ਦੀਆਂ ਲੱਤਾਂ ਨੂੰ ਕਰੇ ਉਸੇ ਪਾਸੇ ਉਸਨੂੰ ਮੱਕਾ ਨਜ਼ਰ ਆਵੇ। ਉਸਨੇ ਇਹ ਦੇਖ ਕੇ ਰੌਲਾ ਪਾ ਦਿੱਤਾ। ਸਾਰੇ ਹਾਜੀ ਜਾਗ ਪਏ। ਤੇ ਇਹ ਕੌਤਕ ਦੇਖ ਹੈਰਾਨ ਹੋਣ ਲੱਗੇ, ਜਿਸ ਦਾ ਕਥਨ ਪ੍ਰਤੱਖ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਮਿਲਦਾ ਹੈः-

ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।
ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।
ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜਾਰੀ।
ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਰਾਬੇ ਪਾਇ ਪਸਾਰੀ।
ਜੀਵਣਿ ਮਾਰੀ ਲਤਿ ਦੀ, ਕੇਹੜਾ ਸੁਤਾ ਕੁਫਰ ਕੁਫਾਰੀ।
ਲਤਾ ਵਲਿ ਖੁਦਾਇ ਦੇ ਕਿਉ ਕਰਿ ਪਇਆ ਹੁਇ ਬਜਿਗਾਰੀ।
ਟੰਗੋਂ ਪਕੜਿ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ।
ਹੋਇ ਹੈਰਾਨੁ ਕਰੇਨਿ ਜੁਹਾਨੀ ॥ ੩੨ ॥

(ਵਾਰ ੧-੩੨)

ਸਾਰੇ ਹਾਜੀਆਂ ਵਿਚੋਂ ਇਕ ਰੁਕਨਦੀਨ ਨਾਂ ਦੇ ਕਾਜ਼ੀ ਨੇ ਪੁੱਛਿਆ ਤੁਹਾਡੀ ਇਸ ਕਿਤਾਬ ਵਿਚ ਕੀ ਹੈ ? ਤਾਂ ਗੁਰੂ ਜੀ ਨੇ ਉੱਤਰ ਦਿੱਤਾ, ਖ਼ੁਦਾ ਦੀ ਉਸਤਤਿ ਤੇ ਮਨੁੱਖਤਾ ਦਾ ਸਿਧਾਂਤ। ਰੁਕਨਦੀਨ ਨੇ ਕਿਹਾ ਦੱਸੋ ਵੱਡਾ ਕੌਣ ਹੈ ਹਿੰਦੂ ਕਿ ਮੁਸਲਮਾਨ ? ਗੁਰੂ ਜੀ ਨੇ ਉੱਤਰ ਦਿੱਤਾ, "ਖ਼ੁਦਾ ਦੇ ਦਰ ਉੱਪਰ ਨੇਕ ਕਰਮ ਪ੍ਰਵਾਨ ਹਨ। ਉਸਦੇ ਦਰਬਾਰ ਵਿੱਚ ਨੇਕ ਕਰਮਾਂ ਬਿਨਾਂ ਨਾ ਹਿੰਦੂ ਲਈ ਕੋਈ ਥਾਂ ਹੈ ਅਤੇ ਨਾ ਹੀ ਮੁਸਲਮਾਨ ਲਈ।" ਇਹ ਉੱਤਰ ਸੁਣ ਕੇ ਹਾਜੀਆਂ ਨੇ ਗੁਰੂ ਜੀ ਨੂੰ ਹੋਰ ਵੀ ਬਹੁਤ ਸਵਾਲ ਕੀਤੇ। ਗੁਰੂ ਜੀ ਨੇ ਉਨ੍ਹਾਂ ਸਾਰਿਆਂ ਦੇ ਮਨਾਂ ਦੇ ਸ਼ੰਕੇ ਦੂਰ ਕੀਤੇ। ਜਦੋਂ ਗੁਰੂ ਜੀ ਮਦੀਨੇ ਵੱਲ ਜਾਣ ਲਈ ਤਿਆਰ ਹੋਏ ਤਾਂ ਕਾਜ਼ੀ ਰੁਕਨਦੀਨ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਮੱਕੇ ਵਿਖੇ, ਆਪਣੇ ਆਉਣ ਦੀ ਯਾਦ ਵਿੱਚ ਕੋਈ ਨਿਸ਼ਾਨੀ ਛੱਡ ਜਾਣ। ਗੁਰੂ ਜੀ ਨੇ ਬੇਨਤੀ ਪ੍ਰਵਾਨ ਕਰ ਕੇ ਆਪਣੇ ਖੜਾਂਵ ਕਾਜ਼ੀ ਰੁਕਨਦੀਨ ਨੂੰ ਦੇ ਦਿੱਤੇ।

ਉਨ੍ਹਾਂ ਸਤਿਕਾਰ ਸਹਿਤ ਇਨ੍ਹਾਂ ਖੜਾਂਵਾਂ ਨੂੰ ਸੁਸ਼ੋਭਿਤ ਕੀਤਾ, ਜਿਸ ਦਾ ਵੇਰਵਾ ਸਾਨੂੰ ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਮਿਲਦਾ ਹੈ —

"ਧਰੀ ਨੀਸਾਨੀ ਕਉਸਿ ਦੀ ਮੱਕੇ ਅੰਦਰਿ ਪੂਜ ਕਰਾਈ।"

ਅੱਜ ਤੱਕ ਜਦੋਂ ਮੁਸਲਮਾਨ ਵੀਰ ਮੱਕੇ ਜਾਂਦੇ ਹਨ ਤਾਂ ਇਨ੍ਹਾਂ ਖੜਾਂਵਾਂ ਦੇ ਦਰਸ਼ਨ ਵੀ ਕਰਦੇ ਹਨ ਤਾਂ ਆਪਣੀ ਯਾਤਰਾ ਸਫਲ ਸਮਝਦੇ ਹਨ।

ਸਿੱਖਿਆ — ਗੁਰੂ ਨਾਨਕ ਦੇਵ ਜੀ ਨੇ ਕਾਜ਼ੀਆਂ, ਮੌਲਵੀਆਂ ਦੀ ਕੱਟੜਤਾ ਨੂੰ ਤੋੜਿਆ ਸੀ ਕਿ ਰੱਬ ਮੱਕੇ 'ਚ ਵੀ ਹੈ ਤੇ ਸਭੇ ਪਾਸੇ ਵੀ ਹੈ। (ਹਰ ਧਰਮ ਦਾ ਸਤਿਕਾਰ ਕਰੀਏ)।

# ਸਾਖੀ ਦੂਜੀ—ਡਿਗੀ ਵਾਲੇ ਵਪਾਰੀ ਦੀ

ਪਰਮ ਕ੍ਰਿਪਾਲੂ ਸ੍ਰੀ ਗੁਰੂ ਨਾਨਕ ਦੇਵ ਜੀ ਕਲਯੁੱਗੀ ਜੀਆਂ ਨੂੰ ਤਾਰਦੇ ਹੋਏ ਭਾਈ ਬਾਲੇ ਅਤੇ ਮਰਦਾਨੇ ਸਮੇਤ ਰਸਤੇ ਵਿੱਚ ਤੁਰੇ ਜਾ ਰਹੇ ਸਨ ਤਾਂ ਰਸਤੇ ਵਿੱਚ ਅੱਗੋਂ ਆ ਰਿਹਾ ਇੱਕ ਵਪਾਰੀ ਮਿਲਿਆ, ਜੋ ਮੋਢੇ ਉੱਪਰ ਡਿੱਗੀ (ਗੱਠੜੀ) ਚੁੱਕ ਕੇ ਪਿੰਡਾਂ-ਪਿੰਡਾਂ ਵਿੱਚ ਜਾ ਕੇ ਸੌਦਾ ਵੇਚ ਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਤੋਰਦਾ ਸੀ। ਉਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੇਖ ਕੇ ਸਾਧੂ ਜਾਣ ਕਰ ਮਸਤਕ ਝੁਕਾਇਆ। ਹਜ਼ੂਰ ਨੇ ਪੁੱਛਿਆ, ਭਾਈ ਗੱਠੜੀ ਵਿੱਚ ਕੀ ਹੈ, ਖੋਲ੍ਹ ਕੇ ਵਿਖਾ ?" ਤਾਂ ਉਸ ਨੇ ਗੱਠੜੀ ਖੋਲ੍ਹੀ। ਦੱਸਣ ਲੱਗਾ, ਜੀ ਇਹ ਲੂਣ ਹੈ, ਇਹ ਹਲਦੀ ਹੈ ਅਤੇ ਇਹ ਮਿਰਚਾਂ ਹਨ"

ਵਪਾਰੀ ਨੂੰ ਪਾਤਸ਼ਾਹ ਜੀ ਨੇ ਗੱਠੜੀ ਵਿੱਚ ਪਏ ਵੱਟਿਆਂ ਵੱਲ ਇਸ਼ਾਰਾ ਕਰਕੇ ਪੁੱਛਿਆ ਕਿ ਇਹ ਕੀ ਹੈ ? ਤਾਂ ਉਸ ਨੇ ਦੱਸਿਆ ਜੀ ਵੱਟੇ ਹਨ ਭਾਰ ਤੋਲਣ ਵਾਸਤੇ। ਪਹਿਲਾ ਵੱਟਾ ਕੱਢਿਆ, ਸਤਿਗੁਰੂ ਜੀ ਕਹਿੰਦੇ ਇਸ ਦਾ ਕੀ ਨਾਮ ਹੈ ? ਇੱਕ ਸੇਰ, ਦੂਜਾ ਵੱਟਾ ਕੱਢਿਆ। ਸਤਿਗੁਰੂ ਜੀ ਕਹਿੰਦੇ ਇਸ ਦਾ ਨਾਮ ਕੀ ਹੈ। ਵਪਾਰੀ ਕਹਿੰਦਾ ਦੋ ਸੇਰ, ਤੀਜਾ ਵੱਟਾ ਕੱਢਿਆ ਕਹਿੰਦਾ ਪੰਜ ਸੇਰ। ਅੱਧਾ ਸੇਰ, ਅਖੀਰ ਵੱਟਾ ਕੱਢਿਆ ਗੁਰ ਜੀ ਕਹਿੰਦੇ ਇਸ ਦਾ ਨਾਮ ਕੀ ਹੈ ? ਕਹਿੰਦਾ ਇਸ ਦਾ ਨਾਮ ਪਾਈਆ ਹੈ। ਹਜ਼ੂਰ ਨੇ ਕਿਹਾ "ਧੰਨ ਇਹ ਪਾਉ ਜਿਨ ਆਪਨਾ ਲਘ ਨਾਮ ਰਖਾਉ ॥" ਅਸਾਂ ਤਾਂ ਭਾਈ ਇਹ ਛੋਟਾ ਹੀ ਸਤਿਕਾਰ ਯੋਗ ਜਾਣਿਆ ਹੈ ਜਿਸ ਨੇ ਆਪਣਾ ਨਾਮ ਛੋਟਾ ਰਖਾਇਆ ਹੈ। ਇਸ ਕਰਕੇ ਭਾਈ ਤੂੰ ਵੀ ਪਾਈਆ ਬਣ ਜਾ ਭਾਵ ਚਰਨਾਂ ਦੀ ਧੂੜੀ ਬਣ ਜਾ। ਤੇਰੀ ਕਿਰਤ ਸ਼ੁੱਧ ਹੈ ਜਿਸ ਕਰਕੇ ਸਾਡਾ ਤੇਰੇ ਨਾਲ ਮੇਲ ਹੋਇਆ। ਬਸ ਇੱਕ ਘਾਟ ਹੈ ਤੈਨੂੰ ਸ਼ੁੱਧ ਕਿਰਤ ਕਰਨ ਦੀ ਹਉਮੈ ਬੜੀ ਹੈ। ਹਊਮੈ ਨਾਲ ਗਤੀ ਨਹੀਂ ਹੁੰਦੀ, ਕੀਤਾ ਡੁੱਲ੍ਹ ਜਾਂਦਾ ਹੈ। ਇਸ ਕਰਕੇ ਤੂੰ ਪਾਈਆ (ਭਾਵ ਪੈਰਾਂ ਦੀ ਧੂੜੀ) ਬਣ ਜਾ, ਨਿਮਰਤਾ ਰੱਖ। ਇਹ ਬਚਨ ਕਹਿੰਦਿਆਂ ਵਪਾਰੀ ਉੱਪਰ ਐਸੀ ਦ੍ਰਿਸ਼ਟੀ ਪਾਈ ਕਿ ਉਸ ਨੂੰ ਨਦਰੀ ਨਦਰ ਨਿਹਾਲ ਕਰ ਦਿੱਤਾ।

ਤਤ ਛਿਨ ਖੁਲਿਗੇ ਬਿਕਟ ਕਪਾਟਾ। ਅਦਭੁਤ ਭਯੋ ਅਪਰ ਹੀ ਠਾਟਾ।
ਜਗਯੋ ਗਯਾਨ ਦੁਬਿਧਾ ਸਭ ਖੋਈ। ਤੀਨ ਲੋਕ ਕੀ ਸੋਝੀ ਉਰਿ ਹੋਈ॥'

ਇਹ ਵੇਖ ਕੇ ਭਾਈ ਬਾਲੇ ਨੇ ਪੁੱਛਿਆ, "ਜੀ ਇਸ ਨੇ ਨਾ ਕੋਈ ਸੇਵਾ ਕੀਤੀ, ਨਾ ਸਿਮਰਨ, ਸ਼ੀਘਰ ਹੀ ਇਸ ਨੂੰ ਤਾਰ ਦਿੱਤਾ ਜੇ।"

ਇਨ ਵੈਪਾਰੀ ਤਤ ਛਿਨ ਪਾਈ। ਕਛ ਚਿਰ ਕਾਲ ਨ ਸੇਵ ਕਮਾਈ।

ਹਜ਼ੂਰ ਨੇ ਕਿਹਾ ਕਿ ਭਾਈ! ਇਸਦੀ ਪੂਰਬਲੇ ਜਨਮ ਦੀ ਕਮਾਈ ਸੀ, ਇਸ ਦੀ ਕਿਰਤ ਸ਼ੁੱਧ ਸੀ ਜਿਸ ਸਦਕੇ ਕ੍ਰਿਪਾ ਹੋਈ ਹੈ। ਸ਼ੁੱਧ ਕਿਰਤ ਦੀ ਹਉਮੈ ਸੀ ਜੋ ਇਸ ਨੇ ਹੁਣ ਤਿਆਗ ਦਿੱਤੀ।

ਸਿੱਖਿਆ — ਸ਼ੁੱਧ ਕਿਰਤ ਕਰਨ ਵਾਲੇ 'ਤੇ ਗੁਰੂ ਜੀ ਦੀ ਪ੍ਰਸੰਨਤਾ ਹੁੰਦੀ ਹੈ। ਸਿੱਖ ਨੇ ਹਉਮੈ ਦੀ ਹਉਮੈ ਨੂੰ ਵੀ ਮਾਰਨਾ ਹੈ ਭਾਵ ਕੋਈ ਵੀ ਗੁਣ ਪੱਲੇ ਹੋਵੇ ਉਸ ਗੁਣ ਦੀ ਹਉਮੈ ਨਹੀਂ ਆਉਣ ਦੇਣੀ।

# ਸਾਖੀ ਤੀਜੀ — ਦੂਨੀ ਚੰਦ ਸ਼ਾਹੂਕਾਰ ਦੀ

ਜਗਤ ਜਲੰਦੇ ਨੂੰ ਤਾਰਦੇ ਧੰਨ ਗੁਰੂ ਨਾਨਕ ਦੇਵ ਜੀ ਜਦੋਂ ਲਾਹੌਰ ਪਹੁੰਚੇ ਤਾਂ ਗੁਰੂ ਜੀ ਨੇ ਵੇਖਿਆ ਕਿ ਬਹੁਤ ਸਾਰੇ ਮਨੁੱਖ ਜਿਨ੍ਹਾਂ ਨੇ ਕੱਚਾ ਤੇ ਝੂਠਾ ਧਨ ਇਕੱਠਾ ਕਰਨ ਅੰਦਰ ਮਨ ਲਾਇਆ ਹੋਇਆ ਸੀ, ਵਿਖਾਵੇ ਅਤੇ ਝੂਠੇ ਦਾਅਵਿਆਂ ਅੰਦਰ ਜੀਵਨ ਅਜਾਈਂ ਗੁਆ ਰਹੇ ਸਨ। ਇੱਕ ਪੁਰਾਤਨ ਰਿਵਾਜ ਸੀ ਕਿ ਇੱਕ ਲੱਖ ਰੁਪਏ ਦਾ ਮਾਲਕ ਮਨੁੱਖ ਆਪਣੇ ਚੁਬਾਰੇ ਉੱਪਰ ਇੱਕ ਝੰਡਾ ਗੱਢ ਦਿੰਦਾ ਸੀ। ਦੋ ਲੱਖ ਵਾਲਾ ਦੋ ਝੰਡੇ ਗੱਡ ਦਿੰਦਾ ਸੀ। ਇੰਞ ਦੁਨੀ ਚੰਦ ਸੇਠ ਨੇ ਸੱਤ ਝੰਡੇ ਲਗਾਏ ਹੋਏ ਸਨ। ਸਤਿਗੁਰੂ ਜੀ ਨੇ ਇਸ ਮਦਹੋਸ਼ ਮਨੁੱਖ ਨੂੰ ਜਗਾਣ ਵਾਸਤੇ ਇੱਕ ਸੂਈ ਦੀ ਚੋਭ ਲਗਾਈ ਸੀ, ਭਾਵ ਦੁਨੀ ਚੰਦ ਨੂੰ ਇੱਕ ਸੂਈ ਦਿੱਤੀ ਸੀ ਤੇ ਕਿਹਾ ਸੀ ਕਿ ਇਸ ਨੂੰ ਸਾਡੀ ਅਮਾਨਤ ਸਮਝ ਕੇ ਰੱਖ ਲੈ, ਪ੍ਰਲੋਕ ਵਿੱਚ ਲੈ ਲਵਾਂਗੇ। ਜਦੋਂ ਇਸਦੀ ਪਤਨੀ ਨੂੰ ਪਤਾ ਲੱਗਾ ਤਾਂ ਉਸ ਨੇ ਤੁਰੰਤ ਦੁਨੀ ਚੰਦ ਨੂੰ ਕਿਹਾ ਪਤੀ ਜੀ, ਪਰਲੋਕ ਵਿੱਚ ਕੁਝ ਵੀ ਨਾਲ ਨਹੀਂ ਜਾਂਦਾ। ਸੁਆਮੀ ਜੀ! ਕਾਹਨੂੰ ਵਚਨ ਦੇ ਕੇ ਆਏ ਹੋ? ਜਾਓ ਮੋੜ ਆਓ। ਵਾਪਸ ਦੁਨੀ ਚੰਦ ਗੁਰੂ ਜੀ ਪਾਸ ਆਇਆ ਤੇ ਸੂਈ ਵਾਪਸ ਲੈ ਲੈਣ ਦੀ ਬੇਨਤੀ ਕੀਤੀ। ਮਹਾਰਾਜ ਜੀ ਨੇ ਪੁੱਛਿਆ ਕਿ ਐ ਸੇਠ! ਸੂਈ ਕਿਉਂ ਵਾਪਸ ਕਰ ਰਿਹਾ ਏਂ? ਕਹਿੰਦਾ ਹੈ, ਮਹਾਰਾਜ! ਭੁੱਲ ਹੋ ਗਈ। ਬੰਦੇ ਦੇ ਨਾਲ ਤਾਂ ਪ੍ਰਲੋਕ ਵਿੱਚ ਦੁਨੀਆਂ ਦੀ ਕੋਈ ਵੀ ਚੀਜ਼ ਨਹੀਂ ਜਾਂਦੀ। ਇਹ ਸੂਈ ਮੈਂ ਕਿਸ ਤਰ੍ਹਾਂ ਲੈ ਕੇ ਜਾਵਾਂਗਾ ਤੇ ਤੁਹਾਨੂੰ ਦੇਵਾਂਗਾ। ਸਤਿਗੁਰੂ ਜੀ ਨੇ ਗਿਆਨ ਦਾ ਤੀਰ ਮਾਰਦੇ ਹੋਏ ਬਚਨ ਕੀਤਾ, "ਇਹ ਸੱਤ ਝੰਡਿਆਂ ਦਾ ਕੀ ਮਤਲਬ ਹੈ? ਐਨੀ ਮਾਇਆ ਇਕੱਠੀ ਕੀਤੀ ਹੈ ਕਿ ਸੱਤ ਝੰਡੇ ਲਗਾਏ ਹਨ। ਇਹ ਮਾਇਆ ਨੂੰ ਕਿਵੇਂ ਨਾਲ ਲੈ ਕੇ ਜਾਵੇਂਗਾ?" ਤਦ ਦੁਨੀ ਚੰਦ ਨੂੰ ਸਮਝ ਆਈ ਤੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਹਜ਼ੂਰ ਨੇ ਬਖਸ਼ਿਸ਼ ਕਰਕੇ ਨਿਹਾਲ ਕੀਤੇ ਤੇ ਇਹ ਧਨ ਭਲੇ ਕਾਰਜਾਂ 'ਤੇ ਲਾਉਣ ਦੀ ਪ੍ਰੇਰਨਾ ਦਿੱਤੀ। ਉਸ ਦਿਨ ਤੋਂ ਉਸ ਨੇ ਆਪਣੇ ਅੱਧੇ ਘਰ ਨੂੰ ਧਰਮਸ਼ਾਲਾ ਬਣਾਇਆ, ਆਪ ਜੁੜਿਆ ਤੇ ਹੋਰਨਾਂ ਨੂੰ ਜੋੜਨ ਵਾਲਾ ਬਣ ਗਿਆ।

ਸਿੱਖਿਆ — ਇਸ ਸਾਖੀ ਤੋਂ ਸਿੱਖਿਆ ਮਿਲਦੀ ਹੈ ਕਿ ਮਾਇਆ ਮਾੜੀ ਨਹੀਂ ਪਰ ਸਿੱਖ ਦੀ ਜੇਬ ਤੱਕ ਰਹੇ ਪਰਉਪਕਾਰ ਕਰੇ, ਭਲਾ ਕਰੇ ਇਹ ਮਾਇਆ ਹਿਰਦੇ ਤੇ ਨਾ ਬੈਠੇ, ਹਿਰਦੇ ਤੇ ਬੈਠਣ ਨਾਲ ਹਉਮੈ ਆ ਜਾਂਦੀ ਹੈ।

# ਸਾਖੀ ਚੌਥੀ—ਸੰਤੋਖਸਰ ਸਾਹਿਬ ਸਰੋਵਰ ਦੀ

ਗੁਰਦੁਆਰਾ ਟਾਹਲੀ ਸਾਹਿਬ ਸੰਤੋਖਸਰ ਇੱਕ ਬਹੁਤ ਹੀ ਇਕਾਂਤ ਤੇ ਮਨ ਮੋਹ ਲੈਣ ਵਾਲਾ ਧਾਰਮਿਕ ਅਸਥਾਨ ਹੈ। ਇਸ ਅਸਥਾਨ ਨੂੰ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਅਤੇ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਤਿਹਾਸ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਨੇ ਸੰਨ 1572 ਈ. ਵਿੱਚ ਗੋਇੰਦਵਾਲ ਸਾਹਿਬ ਤੋਂ ਅੰਮ੍ਰਿਤਸਰ ਆ ਕੇ ਇਸ ਪਹਿਲੇ ਅੰਮ੍ਰਿਤ ਸਰੋਵਰ ਦੀ ਖੁਦਾਈ ਦੀ ਸੇਵਾ ਆਰੰਭ ਕੀਤੀ। ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਨ 1588 ਈ. ਨੂੰ ਇਸ ਸਰੋਵਰ ਦੀ ਸੇਵਾ ਆਰੰਭ ਕੀਤੀ। ਸੈਂਕੜੇ ਸਿੱਖ ਸੇਵਾ ਕਰਨ ਲੱਗੇ। ਸੰਗਤਾਂ ਕਾਰ (ਮਿੱਟੀ) ਦੀਆਂ ਟੋਕਰੀਆਂ ਚੁੱਕਦੀਆਂ ਹੋਈਆਂ ਕਤਾਰਾਂ ਬਣਾ ਕੇ ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰਦੀਆਂ ਸੇਵਾ ਕਰਨ ਲੱਗ ਪਈਆਂ। ਸਰੋਵਰ ਦੀ ਸੇਵਾ ਕਰਦੇ ਹੋਏ ਹੇਠਾਂ ਇੱਕ ਮੱਠ ਨਿਕਲਿਆ, ਸਿੱਖਾਂ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਹੇਠਾਂ ਤੋਂ ਇੱਕ ਮੱਠ ਮਿਲਿਆ ਹੈ। ਮੱਠ ਨੰਗਾ ਕਰਵਾਇਆ ਗਿਆ। ਉਸ ਨੂੰ ਪੱਥਰ ਦੀ ਖਿੜਕੀ ਨਾਲ ਬੰਦ ਕੀਤਾ ਹੋਇਆ ਸੀ। ਉਸ ਖਿੜਕੀ ਨੂੰ ਖੋਲ੍ਹ ਕੇ ਵੇਖਿਆ ਤਾਂ ਅੰਦਰ ਇੱਕ ਬਹੁਤ ਲਿੱਸਾ, ਕਮਜ਼ੋਰ, ਹੱਡੀਆਂ ਦਾ ਢਾਂਚਾ, ਨਜ਼ਰੀਂ ਆਇਆ। ਇੰਞ ਜਾਪਦਾ ਸੀ ਕਿ ਕੋਈ ਜੋਗੀ ਚਿਰੰਕਾਲ ਤੋਂ ਸਮਾਧੀ ਲਾਈ ਬੈਠਾ ਹੈ। ਸਤਿਗੁਰੂ ਜੀ ਨੇ ਸਿੱਖਾਂ ਨੂੰ ਕਹਿ ਕੇ ਉਸ ਨੂੰ ਰੂੰ ਵਿੱਚ ਸੰਭਾਲਿਆ ਤੇ ਕਸਤੂਰੀ ਮੱਖਣ ਵਿੱਚ ਮਿਲਾ ਕੇ ਹੱਥਾਂ ਪੈਰਾਂ ਦੀ ਮਾਲਿਸ਼, ਤੇ ਦਸਮ ਦੁਆਰ ਵਾਲੀ ਜਗ੍ਹਾ ਸਿਰ ਦੀ ਮਾਲਿਸ਼ ਕਰਵਾਈ। ਯੋਗੀ ਦੇ ਪ੍ਰਾਣ ਪਰਤੇ। ਬੜੀ ਧੀਮੀ ਜਿਹੀ ਆਵਾਜ਼ ਵਿੱਚ ਬੋਲਿਆ, ਕਿ ਤੁਸੀਂ ਕੌਣ ਹੋ ? ਸਿੱਖਾਂ ਨੇ ਕਿਹਾ ਕਿ ਅਸੀਂ ਗੁਰੂ ਕੇ ਸਿੱਖ ਹਾਂ। ਪੁੱਛਿਆ ਯੁੱਗ ਕਿਹੜਾ ਹੈ ? ਸਿੱਖ ਨੇ ਕਿਹਾ, ਕਲਯੁੱਗ! ਹੇ ਯੋਗੀ! ਸਿੱਖਾਂ ਨੇ ਕਿਹਾ ਕਿ ਆਪ ਕਦੋਂ ਤੋਂ ਬੈਠੇ ਹੋ ? ਯੋਗੀ ਨੇ ਕਿਹਾ ਕਿ ਮੈਂ ਦੁਆਪਰ ਯੁੱਗ ਦਾ ਬੈਠਾ ਹਾਂ। ਮੇਰੇ ਗੁਰੂ ਨੇ ਮੈਨੂੰ ਪ੍ਰਾਣਾਯਾਮ ਭਾਵ ਦਸਮ ਦੁਆਰ ਸਵਾਸ ਚੜ੍ਹਾਉਣੇ ਸਿਖਾਲ ਦਿੱਤੇ ਸਨ। ਜਦੋਂ ਮੈਂ ਆਪਣੀ ਕਲਿਆਣ ਪੁੱਛੀ ਤਾਂ ਮੇਰੇ ਗੁਰੂ ਨੇ ਉੱਤਰ ਦਿੱਤਾ ਕਿ ਤੇਰੀ ਮੁਕਤੀ ਵਿੱਚ ਬਹੁਤੀ ਦੇਰੀ ਹੈ। ਕਲਯੁੱਗ ਵਿੱਚ ਪ੍ਰਮੇਸ਼ਰ ਦੇ ਅਵਤਾਰ ਗੁਰੂ ਨਾਨਕ ਦੇਵ ਜੀ ਹੋਣਗੇ। ਪੰਜਵੇਂ ਜਾਮੇ ਵਿੱਚ ਉਹਨਾਂ ਦਾ ਨਾਮ ਗੁਰੂ ਅਰਜਨ ਦੇਵ ਜੀ ਹੋਵੇਗਾ। ਉਹ ਤੇਰੀ ਕਲਿਆਣ ਕਰਨਗੇ।

ਸ੍ਰੀ ਗੁਰੂ ਅਰਜਨ ਹੁਇ ਅਵਿਤਾਰ॥ ਤੀਰਥ ਬਿਦਤਾਵਹਿ ਸੁਭ ਬਾਰਿ॥
ਜਬਿ ਖਨਿ ਹੈਂ ਇਸ ਥਲ ਕੋ ਆਇ। ਤੋਹਿ ਨਿਕਾਸਹਿਂ ਨਿਜ ਦਰਸਾਇ॥ ੫੬॥
ਅਪਨੋ ਪ੍ਰਸ਼ਨ ਠਾਨਿ ਤਿਨ ਪਾਹੀ॥ ਸੁਨਿ ਹੋ ਬਾਕ ਗਯਾਨ ਜਿਨ ਮਾਹੀ॥
ਤਬਿ ਤੇਰੋ ਹੋਇ ਹੈ ਕਲਯਾਨੁ॥ ਇਮ ਭਾਖਯੋ ਗੁਰੁ ਕਰੁਣਾ ਠਾਨਿ॥

(ਗੁਰ ਪ੍ਰਤਾਪ, ਰਾਸਿ ੨, ਅੰਸੂ ੩੪)

ਬਾਬਾ ਬੁੱਢਾ ਜੀ ਕਹਿਣ ਲੱਗੇ, "ਹੇ ਯੋਗੀ ਰਾਜਾ! ਉਹ ਸਮਾਂ ਆ ਪਹੁੰਚਿਆ ਹੈ।" ਬਾਬਾ ਬੁੱਢਾ ਜੀ ਨੇ ਦੱਸਿਆ, "ਉਹ ਸਾਹਮਣੇ ਬੈਠੇ ਹਨ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ, ਸੰਗਤਾਂ ਨੂੰ ਨਿਹਾਲ ਕਰ ਰਹੇ ਹਨ।" ਤਾਂ ਯੋਗੀ ਨੇ ਗੁਰੂ ਜੀ ਦੇ ਚਰਨ ਫੜੇ ਤੇ ਕਲਿਆਣ ਦੀ ਜਾਚਨਾ ਕੀਤੀ। ਤਾਂ ਸਤਿਗੁਰੂ ਜੀ ਨੇ ਆਪਣੇ ਮੁਖਾਰਬਿੰਦ ਵਿੱਚੋਂ ਸੂਹੀ ਰਾਗ ਵਿੱਚ ਇਹ ਸ਼ਬਦ ਉਚਾਰਨ ਕੀਤਾ—

ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥

(ਅੰਗ ੭੩੬)

ਇਸ ਸ਼ਬਦ ਵਿੱਚ ਸੰਸਾਰ ਨੂੰ ਇੱਕ ਬਾਜ਼ੀਗਰ ਦੀ ਬਾਜ਼ੀ ਦਰਸਾਇਆ ਤੇ ਸੰਤੋਖ ਨਾਮ ਦੇ ਇਸ ਯੋਗੀ ਦਾ ਇੰਨਾ ਸੰਤੋਖ ਵੇਖ ਕੇ ਇੰਨੇ ਯੁੱਗਾਂ ਤੋਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਦੀ ਉਮੰਗ ਲੈ ਕੇ ਸਵਾਸ ਚੜ੍ਹਾ ਕੇ ਬੈਠਾ ਹੈ, ਗੁਰੂ ਜੀ ਨੇ ਕਿਹਾ ਧੰਨ ਹੋ ਯੋਗੀ ਜੀ ਤੁਸੀਂ ਧੰਨ ਹੋ, ਸਤਿਗੁਰੂ ਜੀ ਨੇ ਮਿਹਰ ਕਰਕੇ ਉਸ ਯੋਗੀ ਦਾ ਕਲਿਆਣ ਕੀਤਾ। ਤੇ ਇਸ ਦੇ ਨਾਮ ਤੇ ਹੀ ਇਸ ਸਰੋਵਰ ਦਾ ਨਾਮ ਸੰਤੋਖਸਰ ਰੱਖਿਆ ਜਿੱਥੇ ਅੱਜ ਸਰੋਵਰ ਦੇ ਨਾਲ ਜਗਤ ਦੇ ਤਾਰਨ ਵਾਸਤੇ ਗੁ: ਸੰਤੋਖਸਰ ਸਾਹਿਬ ਸੁਸ਼ੋਭਿਤ ਹੈ। ਅਜੋਕੇ ਸਮੇਂ ਦੇ ਵਿਦਵਾਨਾਂ ਦਾ ਕਥਨ ਹੈ ਗੁਰੂ ਸਾਹਿਬ ਜੀ ਨੇ ਉਸ ਵੇਲੇ ਇਸ ਸਰੋਵਰ ਨੂੰ ਵਰ ਦਿੱਤਾ ਸੀ ਜੋ ਵੀ ਇੱਥੇ ਜਪੁਜੀ ਸਾਹਿਬ ਜੀ ਦੇ ਪਾਠ ਕਰਕੇ ਪੰਜ ਇਸ਼ਨਾਨ ਕਰੇਗਾ ਉਸਨੂੰ ਜ਼ਿੰਦਗੀ ਵਿੱਚ ਸੰਤੋਖ ਦੀ ਪ੍ਰਾਪਤੀ ਹੋਵੇਗੀ। ਇਸ ਤਰ੍ਹਾਂ ਸਤਿਗੁਰੂ ਜੀ ਨੇ ਮਿਹਰ ਕਰਕੇ ਉਸ ਯੋਗੀ ਦਾ ਕਲਿਆਣ ਕੀਤਾ ਅਤੇ ਜਗਤ ਨੂੰ ਤਾਰਨ ਵਾਸਤੇ ਇਸ ਅਸਥਾਨ ਤੇ ਬਖਸ਼ਿਸ਼ਾਂ ਕੀਤੀਆਂ।

ਸਿੱਖਿਆ — ਇਸ ਸਾਖੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਗੁਰੂ ਨਾਨਕ ਦੇਵ ਜੀ ਆਪ ਪ੍ਰਮੇਸ਼ਰ ਦਾ ਰੂਪ ਧਾਰ ਕੇ ਧਰਤੀ ਤੇ ਆਏ ਹਨ, ਸਾਨੂੰ ਵੀ ਐਸੀ ਸ਼ਰਧਾ ਦੀ ਪ੍ਰਾਪਤੀ ਹੋਵੇ।

# ਸਾਖੀ ਪੰਜਵੀਂ – ਸੁਬੇਗ ਸਿੰਘ ਸ਼ਾਹਬਾਜ਼ ਸਿੰਘ

ਸਰਦਾਰ ਸੁਬੇਗ ਸਿੰਘ ਅਤੇ ਸ਼ਾਹਬਾਜ਼ ਸਿੰਘ ਇੱਕ ਪਿਉ ਪੁੱਤਰ ਹੋਏ ਹਨ। ਸ਼ਾਹਬਾਜ਼ ਸਿੰਘ ਬੜਾ ਸੋਹਣਾ ਜਵਾਨ ਤੇ ਹੋਣਹਾਰ ਗੱਭਰੂ ਸੀ। ਉਹ ਇੱਕ ਮਦਰੱਸੇ ਵਿੱਚ ਕਾਜ਼ੀ ਪਾਸੋਂ ਫ਼ਾਰਸੀ ਪੜ੍ਹਿਆ ਕਰਦਾ ਸੀ। ਕਾਜ਼ੀ ਨੇ ਉਸ ਦੀ ਸਮਝ, ਲਿਆਕਤ ਤੇ ਡੀਲ-ਡੌਲ ਵੇਖ ਕੇ ਉਸ ਨੂੰ ਮੁਸਲਮਾਨ ਬਣਾਉਣਾ ਚਾਹਿਆ। ਲੜਕੇ ਨੇ ਨਾਂਹ ਕਰ ਦਿੱਤੀ। ਕਾਜ਼ੀ ਨੇ ਲਾਹੌਰ ਸ਼ਿਕਾਇਤ ਕਰ ਭੇਜੀ ਕਿ ਸ਼ਾਹਬਾਜ਼ ਸਿੰਘ ਨੇ ਦੀਨ-ਏ-ਇਸਲਾਮ ਦੀ ਨਿਰਾਦਰੀ ਕੀਤੀ ਹੈ ਤੇ ਹਜ਼ਰਤ ਸਾਹਿਬ ਦੇ ਵਿਰੁੱਧ ਨਜਾਇਜ਼ ਲਫਜ਼ ਕਹੇ ਹਨ। ਇਸ ਝੂਠੇ ਦੋਸ਼ ਦੇ ਆਧਾਰ 'ਤੇ ਸ਼ਾਹਬਾਜ਼ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਹਾਜ਼ਰ ਕੀਤਾ ਗਿਆ।

ਪੁੱਤਰ ਦੇ ਨਾਲ ਹੀ ਪਿਉ (ਸਰਦਾਰ ਸੁਬੇਗ ਸਿੰਘ ) ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਵਿਰੁੱਧ ਦੋਸ਼ ਇਹ ਸੀ ਕਿ ਇਹ ਸਰਕਾਰ ਦੇ ਵੈਰੀ ਹਨ।

ਇਨ੍ਹਾਂ ਦੋਹਾਂ ਦੇ ਫੜੇ ਜਾਣ ਮਗਰੋਂ ਛੇਤੀ ਹੀ ਸੰਨ 1745 ਈ. ਵਿੱਚ ਜ਼ਕਰੀਆ ਖ਼ਾਂ ਮਰ ਗਿਆ। ਉਨ੍ਹਾਂ ਦੋਹਾਂ ਨੂੰ ਕੁੱਝ ਨਾ ਕਿਹਾ ਗਿਆ। ਜ਼ਕਰੀਆ ਖ਼ਾਂ ਦਾ ਪੁੱਤਰ, ਯਹੀਆ ਖ਼ਾਂ ਪਿਉ ਨਾਲੋਂ ਵੀ ਵਧੇਰੇ ਕੱਟੜ ਸੀ। ਉਸ ਨੇ ਸਰਦਾਰ ਸੁਬੇਗ ਸਿੰਘ ਹੋਰਾਂ ਦੇ ਮਾਮਲੇ ਨੂੰ ਹੱਥ ਪਾਇਆ ਤੇ ਤੋੜ ਤੀਕ ਪਹੁੰਚਾਇਆ।

ਸਰਦਾਰ ਸੁਬੇਗ ਸਿੰਘ ਨੂੰ ਕਿਹਾ ਕਿ ਮੁਸਲਮਾਨ ਹੋ ਜਾਓ, ਨਹੀਂ ਤਾਂ ਮਾਰੇ ਜਾਉਗੇ। ਉਨ੍ਹਾਂ ਨੇ ਧਰਮ ਛੱਡਣੋਂ ਨਾਂਹ ਕਰ ਦਿੱਤੀ। ਕੁੱਝ ਕੁ ਨਿਕਟ-ਵਰਤੀਆਂ ਨੇ ਸ. ਸੁਬੇਗ ਸਿੰਘ ਜੀ ਨੂੰ ਕਿਹਾ, ਹੋਰ ਨਹੀਂ ਤਾਂ ਆਪਣੇ ਬੱਚੇ ਨੂੰ ਬਚਾਅ ਕੇ ਕੁਲ ਦਾ ਨਿਸ਼ਾਨ ਤਾਂ ਕਾਇਮ ਰੱਖ ਲਓ। ਤਾਂ ਭਾਈ ਸਾਹਿਬ ਨੇ ਡੱਟ ਕੇ ਜੁਆਬ ਦਿੱਤਾ–

ਸਿੱਖਨ ਕਾਜ ਸੁ ਗੁਰੂ ਹਮਾਰੇ। ਸੀਸ ਦੀਓ ਨਿਜ ਸਣ ਪਰਵਾਰੇ।
ਹਮ ਕਾਰਨ ਗੁਰ ਕੁਲਹਿ ਗਵਾਈ। ਹਮ ਕੁਲ ਰਾਖੈਂ ਕੌਣ ਬਡਾਈ॥ ੨੮॥

ਭਾਵ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸਾ ਪੰਥ ਜੀਉਂਦਾ ਰੱਖਣ ਹਿੱਤ ਆਪਣਾ ਸਾਰਾ ਪ੍ਰਵਾਰ ਕੁਰਬਾਨ ਕਰ ਦਿੱਤਾ ਤੇ ਮੈਂ ਆਪਣੀ ਕੁਲ ਦਾ ਨਿਸ਼ਾਨ ਬਚਾਉਣ ਲਈ ਪੁੱਤਰ ਨੂੰ ਧਰਮ ਤਿਆਗਣ ਲਈ ਕਹਾਂ, ਇਸ ਵਿੱਚ ਕੀ ਵਡਿਆਈ ਹੈ ?

ਪਰ ਦੂਜੇ ਪਾਸੇ ਸ਼ਾਹਬਾਜ਼ ਸਿੰਘ ਨੂੰ ਅਨੇਕਾਂ ਤਰ੍ਹਾਂ ਦੇ ਇਸਲਾਮ ਧਰਮ ਕਬੂਲ ਕਰਨ ਲਈ ਤਸੀਹੇ ਦਿੱਤੇ ਜਾ ਰਹੇ ਹਨ। ਛੋਟੀ ਉਮਰ ਹੋਣ ਕਰਕੇ ਅਤੇ ਬਹੁਤ ਕੁੱਟਮਾਰ ਤੇ ਉਨ੍ਹਾਂ ਜ਼ੁਲਮੀਆਂ ਵੱਲੋਂ ਮਿਲਦੇ ਭੋਜਨ ਦੇ ਅਸਰ ਨੇ ਆਖਰ ਸ਼ਾਹਬਾਜ਼ ਸਿੰਘ ਨੂੰ ਭੁਲਾ ਦਿੱਤਾ। ਤੇ ਸ਼ਾਹਬਾਜ਼ ਸਿੰਘ ਇਸਲਾਮ ਧਰਮ ਕਬੂਲ ਕਰਨ ਵਾਸਤੇ ਮੰਨ ਗਿਆ। ਹੁਣ ਸਿਪਾਹੀਆਂ ਨੇ ਸੋਚਿਆ ਪੁੱਤਰ ਮੰਨ ਗਿਆ ਇਹ ਗੱਲ ਸੁਬੇਗ ਸਿੰਘ ਨੂੰ ਦੱਸੀਏ, ਸ਼ਾਇਦ ਉਹ ਵੀ ਮੰਨ ਜਾਵੇ। ਜਿਸ ਵੇਲੇ ਇਹ ਗੱਲ ਜਾ ਕੇ ਦੱਸੀ ਤਾਂ ਸੁਬੇਗ ਸਿੰਘ ਦਾ ਮਨ ਭਰ ਆਇਆ,

ਇਹ ਕੀ ਕਾਰਾ ਵਰਤ ਗਿਆ, ਮੇਰਾ ਪੁੱਤਰ ਡੋਲ ਗਿਆ ਹੈ। ਉਸ ਨੇ ਨੀਤੀ ਵਰਤੀ ਤੇ ਸਿਪਾਹੀਆਂ ਨੂੰ ਕਿਹਾ, "ਮੈਂ ਵੀ ਇਸਲਾਮ ਧਰਮ ਕਬੂਲ ਕਰ ਲਵਾਂਗਾ ਪਰ ਮੇਰੀ ਸ਼ਰਤ ਕੁਝ ਘੰਟਿਆਂ ਲਈ ਪਹਿਲਾਂ ਮੇਰੇ ਪੁੱਤਰ ਨੂੰ ਮੇਰੇ ਨਾਲ ਮਿਲਾ ਦਿਓ, ਮੈਂ ਪੁੱਤਰ ਨੂੰ ਮਿਲਣਾ ਚਾਹੁੰਦਾ ਹਾਂ।" ਸਿਪਾਹੀਆਂ ਨੇ ਆਪਸ ਵਿੱਚ ਸਲਾਹ ਕਰਕੇ ਇਨ੍ਹਾਂ ਦੋਹਾਂ ਨੂੰ ਬੰਦ ਕਮਰੇ ਵਿੱਚ ਮਿਲਣ ਦਾ ਸਮਾਂ ਦੇ ਦਿੱਤਾ। ਪਿਤਾ ਨੇ ਪੁੱਤਰ ਨੂੰ ਕੁਝ ਨਾ ਪੁੱਛਿਆ ਕਿ ਪੁੱਤਰ ਤੂੰ ਇਸਲਾਮ ਕਬੂਲ ਕਰ ਰਿਹਾ ਹੈਂ, ਸਿਰਫ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰ ਕੇ ਚੌਕੜਾ ਮਾਰ ਅੱਖਾਂ ਵਿੱਚ ਅੱਖਾਂ ਪਾ ਕੇ ਦੋਨੇਂ ਹੱਥ ਸੁਬੇਗ ਸਿੰਘ ਨੇ ਸ਼ਾਹਬਾਜ਼ ਸਿੰਘ ਦੇ ਸਿਰ 'ਤੇ ਰੱਖ ਕੇ ਜਪੁਜੀ ਸਾਹਿਬ ਦਾ ਪਾਠ ਆਰੰਭ ਕੀਤਾ ਤੇ ਪਾਠ ਸਦਕਾ ਉਸ ਦੀ ਮੱਤ 'ਤੇ ਸਿੱਖੀ ਛੱਡਣ ਦਾ ਜੋ ਪੜਦਾ ਪਿਆ ਉਹ ਹੱਟ ਗਿਆ।

ਜਿਉਂ ਹੀ ਪਾਠ ਸਮਾਪਤ ਹੋਇਆ ਸੁਬੇਗ ਸਿੰਘ ਹੁਣ ਪੁੱਛਦਾ, "ਪੁੱਤਰ ਨੂੰ ਇਸਲਾਮ ਧਰਮ ਕਬੂਲ ਕਰ ਰਿਹਾ ਹੈਂ?" ਬਾਣੀ ਦੀ ਕਿਰਪਾ ਸ਼ਾਹਬਾਜ਼ ਸਿੰਘ ਬੋਲਿਆ, "ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ, ਮੈਨੂੰ ਜਿਤਨੇ ਮਰਜ਼ੀ ਤਸੀਹੇ ਦਿੱਤੇ ਜਾਣ ਮੈਂ ਝੱਲਣ ਲਈ ਤਿਆਰ ਹਾਂ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਸਿੱਖੀ ਨਹੀਂ ਤਿਆਗ ਸਕਦਾ।"

ਜਿਸ ਵੇਲੇ ਸਿਪਾਹੀਆਂ ਨੇ ਆ ਕੇ ਪੁੱਛਿਆ, "ਸੁਬੇਗ ਸਿੰਘ ਮਿਲ ਲਿਆ ਪੁੱਤਰ ਨੂੰ, ਚਲੋ ਆਓ ਤੇ ਕਰੋ ਇਸਲਾਮ ਧਰਮ ਕਬੂਲ।" ਤਾਂ ਸੁਬੇਗ ਸਿੰਘ ਜੀ ਕਹਿੰਦੇ ਪਹਿਲੇ ਮੇਰੇ ਪੁੱਤਰ ਦਾ ਜੁਆਬ ਸੁਣ ਲਵੋ। ਸਿਪਾਹੀਆਂ ਨੂੰ ਇਸਲਾਮ ਕਬੂਲ ਕਰਨ ਤੋਂ ਸ਼ਾਹਬਾਜ਼ ਸਿੰਘ ਨੇ ਨਾਂਹ ਕਰ ਦਿੱਤੀ।

ਸ੍ਰ. ਸੁਬੇਗ ਸਿੰਘ ਅਤੇ ਸ੍ਰ. ਸ਼ਾਹਬਜ਼ ਸਿੰਘ ਦੇ ਮੂੰਹੋਂ ਕੋਰਾ ਉੱਤਰ ਸੁਣ ਕੇ ਉਨ੍ਹਾਂ ਨੂੰ ਚਰਖੜੀ 'ਤੇ ਚਾੜ੍ਹ ਕੇ ਸ਼ਹੀਦ ਕਰਨ ਦਾ ਹੁਕਮ ਸੁਣਾ ਦਿੱਤਾ ਗਿਆ। ਉਨ੍ਹਾਂ ਨੂੰ ਚਰਖੜੀ ਉੱਤੇ ਚਾੜ੍ਹਿਆ ਗਿਆ ਤੇ ਚਰਖੜੀ ਨੂੰ ਗੇੜਿਆ ਗਿਆ। ਅੱਤ ਦਾ ਦੁੱਖ ਹੋਇਆ, ਪਰ ਸੁਬੇਗ ਸਿੰਘ ਸ਼ਾਹਬਾਜ਼ ਸਿੰਘ ਨੇ ਸਿਦਕ ਨਾ ਹਾਰਿਆ —

'ਚਰਖੜੀ ਚਾੜ੍ਹ ਫਿਰ ਬਹੁਤ ਘੁਮਾਯਾ।
ਵਾਹਿਗੁਰੂ ਤਿਨ ਨਾਂਹਿ ਭੁਲਾਯਾ।'

ਗੁਰੂ ਦੇ ਸਿੱਖ ਕਸ਼ਟ ਝੱਲਦੇ ਤੇ ਵਾਹਿਗੁਰੂ-ਵਾਹਿਗੁਰੂ ਕਹਿੰਦੇ ਰਹੇ। ਕੁਝ ਚਿਰ ਮਗਰੋਂ ਚਰਖੜੀਆਂ ਖਲਿਹਾਰ ਕੇ ਉਨ੍ਹਾਂ ਪਾਸੋਂ ਪੁੱਛਿਆ ਜਾਂਦਾ ਸੀ ਕਿ 'ਕਿ ਤੁਸੀਂ ਇਸਲਾਮ ਕਬੂਲ ਕਰਨ ਨੂੰ ਤਿਆਰ ਹੋ?" ਉਹ ਦੋਵੇਂ ਡਟ ਕੇ 'ਨਹੀਂ" ਕਹਿੰਦੇ ਰਹੇ। ਚੋਖਾ ਚਿਰ

ਇਉਂ ਹੁੰਦਾ ਰਿਹਾ। ਚਰਖੜੀਆਂ ਉਦਾਲੇ ਤਿੱਖੀਆਂ ਛੁਰੀਆਂ ਲੱਗੀਆਂ ਹੋਈਆਂ ਸਨ। ਉਹ ਗਿੜਦੀਆਂ ਗਈਆਂ, ਵਾਹਿਗੁਰੂ-ਵਾਹਿਗੁਰੂ ਦੀਆਂ ਆਵਾਜ਼ਾਂ ਸਹਿਜੇ-ਸਹਿਜੇ ਬੰਦ ਹੋ ਗਈਆਂ। ਦੋਵੇਂ ਪਿਉ ਪੁੱਤ ਸ੍ਰੀ ਕਲਗੀਧਰ ਪਿਤਾ ਦੀ ਗੋਦ ਵਿੱਚ ਜਾ ਬਿਰਾਜੇ। ਇਹ ਸਾਕਾ ਸੰਨ 1745 ਈ. ਦਾ ਹੈ।

ਸਿੱਖਿਆ — ਇਸ ਸਾਖੀ ਤੋਂ ਸਿੱਖਿਆ ਮਿਲਦੀ ਹੈ ਕਿ ਗੁਰਬਾਣੀ ਸ਼ਰਧਾ ਨਾਲ ਪੜ੍ਹੀ ਜਾਵੇ ਤਾਂ ਗ਼ਲਤ ਬੁੱਧੀ ਵੀ ਨਿਰਮਲ ਬੁੱਧੀ ਬਣ ਜਾਂਦੀ ਹੈ ਤੇ ਧਰਮ 'ਚ ਹੋਰ ਪੱਕਿਆਂ ਕਰਦੀ ਹੈ।

## ਸਾਖੀ ਛੇਵੀਂ — ਛੱਜੂ ਝੀਵਰ ਦੀ

ਜਿਸ ਵੇਲੇ ਸਾਹਿਬ ਸ੍ਰੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਦਿੱਲੀ ਨੂੰ ਜਾ ਰਹੇ ਸਨ। ਤਾਂ ਸਤਿਗੁਰੂ ਜੀ ਜਦੋਂ ਨਗਰ ਪੰਜੋਖਰੇ (ਅੰਬਾਲਾ ਸ਼ਹਿਰ) ਪਹੁੰਚੇ, ਉੱਥੇ ਨਗਰ ਤੋਂ ਬਾਹਰਵਾਰ ਉਤਾਰਾ ਕੀਤਾ। ਉੱਥੇ ਇੱਕ ਵਿੱਦਿਆ ਅਭਿਮਾਨੀ ਪੰਡਿਤ ਲਾਲ ਚੰਦ ਜਿਹੜਾ ਆਪਣੇ ਬਰਾਬਰ ਦੂਸਰੇ ਨੂੰ ਨਹੀਂ ਸੀ ਗਿਣਦਾ, ਇਸ ਵਿੱਚ ਦੋ ਅਭਿਮਾਨ ਇਕੱਠੇ ਸਨ, ਇੱਕ ਤਾਂ ਵਿਦਿਆ ਦਾ ਅਭਿਮਾਨ, ਦੂਜਾ ਜਾਤੀ ਅਭਿਮਾਨ ਕਿ ਮੈਂ ਬ੍ਰਾਹਮਣ ਹਾਂ। ਉਹ ਸੁਭਾਵਿਕ ਹੀ ਉੱਥੇ ਆ ਪਹੁੰਚਿਆ, ਜਿੱਥੇ ਸਤਿਗੁਰੂ ਜੀ ਦਾ ਡੇਰਾ ਲੱਗਿਆ ਹੋਇਆ ਸੀ। ਉਸ ਨੇ ਇੱਕ ਸਿੱਖ ਨੂੰ ਪੁੱਛਿਆ ਕਿ ਇੱਥੇ ਕੌਣ ਉਤਰਿਆ ਹੈ ? ਕਿੱਥੋਂ ਆਇਆ ਹੈ ? ਕਿੱਥੇ ਜਾ ਰਿਹਾ ਹੈ ? ਇਸਦਾ ਨਾਮ ਕੀ ਹੈ ?

ਤਾਂ ਸਿੱਖ ਨੇ ਜਵਾਬ ਦਿੱਤਾ ਕਿ ਗੁਰੂ ਨਾਨਕ ਜੀ ਦੀ ਅੱਠਵੀਂ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਕੀਰਤਪੁਰ ਤੋਂ ਆਏ ਨੇ ਤੇ ਦਿੱਲੀ ਜਾ ਰਹੇ ਹਨ।

ਇਹ ਸੁਣ ਕੇ ਪੰਡਿਤ ਸਤਿਗੁਰਾਂ ਦੀ ਵਡਿਆਈ ਸਹਿਣ ਨਾ ਕਰ ਸਕਿਆ। ਮਨ ਵਿੱਚ ਖੁਨਸਿਆ, ਹੰਕਾਰ ਦਾ ਅੰਨ੍ਹਾ ਕੀਤਾ ਹੋਇਆ ਕਹਿੰਦਾ ਕਿ ਦੁਆਪਰ ਵਿੱਚ ਈਸ਼ਵਰ ਅਵਤਾਰ ਭਗਵਾਨ ਜੀ ਹੋਏ ਹਨ, ਸਾਰਾ ਜੱਗ ਜਾਣਦਾ ਹੈ। ਨਾਮ ਭਗਵਾਨ ਕ੍ਰਿਸ਼ਨ ਤੋਂ ਵੀ ਵੱਡਾ ਰਖਾਇਆ ਹੈ। ਉਨ੍ਹਾਂ ਦਾ ਨਾਮ ਸ੍ਰੀ ਕ੍ਰਿਸ਼ਨ ਤੇ ਇਨ੍ਹਾਂ ਦਾ ਨਾਮ ਸ੍ਰੀ ਹਰਿਕ੍ਰਿਸ਼ਨ। ਭਗਵਾਨ ਕ੍ਰਿਸ਼ਨ ਨੇ ਗੀਤਾ ਨਾਮ ਦਾ ਗ੍ਰੰਥ ਬਣਾਇਆ ਹੈ, ਜਿਸ ਨੂੰ ਪੜ੍ਹ-ਸੁਣ ਕੇ ਲੋਕ ਗਿਆਨ ਦੇ ਰਸਤੇ ਚਲਦੇ ਹਨ। ਗੀਤਾ ਦੇ ਸਲੋਕ ਬੜੇ ਮਹਾਨ ਅਰਥ ਵਾਲੇ ਹਨ। ਬ੍ਰਾਹਮਣ ਸਿੱਖ ਨੂੰ ਕਹਿਣ ਲੱਗਾ ਕਿ ਵੱਡੇ-ਵੱਡੇ ਨਾਮ ਧਰਾਉਣੇ ਸੌਖੇ ਹਨ, ਭਗਵਾਨ ਕ੍ਰਿਸ਼ਨ ਦੇ ਉਚਾਰਨ ਕੀਤੇ ਗੀਤਾ ਦੇ ਸਲੋਕ, ਉਨ੍ਹਾਂ ਦੇ ਅਰਥ ਹੀ ਕਰਕੇ

ਵਿਖਾ ਦੇਣ, ਫਿਰ ਮੈਂ ਮੰਨ ਜਾਵਾਂਗਾ ਕਿ ਇਨ੍ਹਾਂ ਦਾ ਧਰਾਇਆ ਨਾਮ ਸਕਾਰਥ ਹੈ, ਨਹੀਂ ਤਾਂ ਨਾਮ ਧਰਾਉਣਾ ਝੂਠ ਹੀ ਹੈ। ਇਹ ਸੁਣ ਕੇ ਸਿੱਖ ਨੇ ਕਿਹਾ ਕਿ ਤੂੰ ਇੱਥੇ ਹੀ ਖੜਾ ਰਹਿ, ਮੈਂ ਹੁਣੇ ਹੀ ਸਤਿਗੁਰੂ ਜੀ ਤੋਂ ਉੱਤਰ ਲੈ ਕੇ ਆਉਂਦਾ ਹਾਂ। ਗੁਰੂ ਜੀ ਸਮਰੱਥ ਹਨ, ਤੇਰਾ ਉੱਤਰ ਜ਼ਰੂਰ ਦੇਣਗੇ। ਇਹ ਕਹਿ ਕੇ ਸਿੱਖ ਗੁਰੂ ਜੀ ਪਾਸ ਗਿਆ, ਸਿਰ ਨਿਵਾ ਕੇ ਬੇਨਤੀ ਕੀਤੀ ਕਿ ਹੰਕਾਰੀ ਬ੍ਰਾਹਮਣ ਆਪ ਜੀ 'ਤੇ ਸ਼ੰਕਾ ਕਰ ਰਿਹਾ ਹੈ। ਕਹਿੰਦਾ ਹੈ ਕਿ ਗੀਤਾ ਦੇ ਅਰਥ ਹੀ ਕਰਕੇ ਵਿਖਾ ਦੇਣ। ਮੁਸਕਰਾਉਂਦੇ ਹੋਏ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਬ੍ਰਾਹਮਣ ਨਿਸ਼ਰਧਕ ਹੈ, ਜੇ ਉੱਤਰ ਚਾਹੁੰਦਾ ਹੈ ਤਾਂ ਸਾਡੇ ਕੋਲ ਆ ਕੇ ਉੱਤਰ ਲਵੇ, ਜਿਵੇਂ ਚਾਹੁੰਦਾ ਹੈ ਉਸੇ ਤਰ੍ਹਾਂ ਉੱਤਰ ਦੇ ਦਿਆਂਗੇ। ਇਸਦੇ ਬੁੱਧ ਰੂਪ ਨੇਤਰਾਂ ਵਿੱਚ ਹੰਕਾਰ ਦਾ ਮੋਤੀਆ ਉਤਰਿਆ ਹੋਇਆ ਹੈ। ਇਸਦੀ ਦਵਾਈ ਗਿਆਨ ਦਾ ਸੁਰਮਾ ਪਾ ਕੇ ਬੁੱਧ ਰੂਪ ਨੇਤਰਾਂ 'ਚੋਂ ਹੰਕਾਰ ਦਾ ਮੋਤੀਆ ਦੂਰ ਕਰਨਾ ਹੈ। ਸਿੱਖ ਨੇ ਬ੍ਰਾਹਮਣ ਨੂੰ ਜਾ ਕੇ ਕਿਹਾ ਕਿ ਗੁਰੂ ਜੀ ਕੋਲ ਜਾ ਕੇ ਆਪਣਾ ਉੱਤਰ ਲੈ ਲਵੋ। ਉਤਸ਼ਾਹ ਨਾਲ ਚੱਲਿਆ, ਹੰਕਾਰ ਵਿੱਚ ਜਾ ਕੇ ਕੋਲ ਬੈਠ ਗਿਆ। ਇਸ ਨੂੰ ਦੇਖ ਕੇ ਸਤਿਗੁਰੂ ਜੀ ਬੋਲੇ ਕਿ ਹੇ ਬ੍ਰਾਹਮਣ ! ਕੀ ਜਾਣਨਾ ਚਾਹੁੰਦਾ ਹੈਂ ? ਬ੍ਰਾਹਮਣ ਨੇ ਉਹੀ ਗੱਲ ਦੁਹਰਾਈ, ਨਾਮ ਤਾਂ ਭਗਵਾਨ ਕ੍ਰਿਸ਼ਨ ਤੋਂ ਵੱਡਾ ਹਰਿਕ੍ਰਿਸ਼ਨ ਰਖਾਇਆ ਹੈ। ਸੋ ਭਗਵਾਨ ਜੀ ਨੇ ਤਾਂ ਗੀਤਾ ਗ੍ਰੰਥ ਉਚਾਰਨ ਕੀਤਾ ਤੁਸੀਂ ਗੀਤਾ ਦੇ ਸਲੋਕਾਂ ਦੇ ਅਰਥ ਕਰ ਕੇ ਵਿਖਾ ਦਿਓ ਤਾਂ ਮੈਂ ਸਮਝਾਂਗਾ ਕਿ ਤੁਹਾਡਾ ਹਰਿਕ੍ਰਿਸ਼ਨ ਨਾਮ ਧਰਾਇਆ ਸਫਲਾ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਬ੍ਰਾਹਮਣ ਦੀ ਗੱਲ ਸੁਣ ਕੇ ਕਿਹਾ ਕਿ ਜੇ ਅਸੀਂ ਤੈਨੂੰ ਗੀਤਾ ਦੇ ਅਰਥ ਕਰਕੇ ਸੁਣਾ ਦਿੱਤੇ ਤਾਂ ਤੇਰਾ ਸੰਸਾ ਨਵਿਰਤ ਨਹੀਂ ਹੋਵੇਗਾ, ਫੇਰ ਤੇਰੇ ਮਨ ਵਿੱਚ ਇਹ ਸੰਸਾ ਹੋਵੇਗਾ ਕਿ ਗੁਰੂ ਦੇ ਪੁੱਤਰ ਸਨ, ਕਿਸੇ ਵਿਦਵਾਨ ਬ੍ਰਾਹਮਣ ਤੋਂ ਗੀਤਾ ਦੇ ਅਰਥ ਬਚਪਨ ਵਿੱਚ ਹੀ ਪੜ੍ਹ ਲਏ ਹੋਣਗੇ। ਇਸ ਲਈ ਹੇ ਬ੍ਰਾਹਮਣ! ਜੇ ਤੂੰ ਗੀਤਾ ਦੇ ਅਰਥ ਦੀ ਗੱਲ ਕਰਦਾ ਹੈਂ ਅਸੀਂ ਕਰੀਏ ਤਾਂ ਅਨੰਦ ਨਹੀਂ ਹੈ। ਤੂੰ ਆਪਣੀ ਮਰਜ਼ੀ ਨਾਲ ਨਗਰ 'ਚੋਂ ਕਿਸੇ ਨੂੰ ਵੀ ਲੈ ਆ, ਅਸੀਂ ਉਸ ਤੋਂ ਹੀ ਗੁਰੂ ਨਾਨਕ ਦੀ ਬਖਸ਼ਿਸ਼ ਸਦਕਾ ਅਰਥ ਕਰਵਾ ਦਿਆਂਗੇ। ਇਹ ਸੁਣ ਕੇ ਬ੍ਰਾਹਮਣ ਆਪਣੇ ਨਗਰ ਵਿੱਚ ਗਿਆ। ਇੱਕ ਝੀਵਰ, ਛੱਜੂ ਨਾਮ ਦਾ ਦੇਖਿਆ, ਜਿਹੜਾ ਘਰ-ਘਰ ਵਿੱਚ ਪਾਣੀ ਢੋਣ ਦਾ ਕੰਮ ਕਰ ਰਿਹਾ ਸੀ, ਜਿਸ ਨੂੰ ਲੋਕ ਮਹਾਂਮੂਰਖ ਸਮਝਦੇ ਸਨ, ਤਨ 'ਤੇ ਬਸਤਰ ਪਾਟੇ ਹੋਏ ਸਨ, ਮੂੰਹ ਵਿੱਚੋਂ ਲਾਲਾਂ ਵੱਗ ਰਹੀਆਂ ਸਨ। ਉਸਨੇ ਆਪ ਤਾਂ ਕੀ ਪੜ੍ਹਨਾ ਸੀ, ਕਦੇ ਕਿਸੇ ਪੜ੍ਹਦੇ ਨੂੰ ਭੀ ਨਹੀਂ ਦੇਖਿਆ ਸੀ। ਪਸ਼ੂਆਂ ਦੀ ਤਰ੍ਹਾਂ ਇਸ ਦੀ ਬਿਰਤੀ ਸੀ। ਰੰਗ ਕਾਲਾ, ਜ਼ੁਬਾਨ ਤੋਂ ਗੂੰਗਾ। ਕੰਨਾਂ ਤੋਂ ਬਹਿਰਾ, ਕੇਵਲ ਇਸ਼ਾਰਾ ਥੋੜ੍ਹਾ ਬਹੁਤ ਸਮਝਦਾ ਸੀ। ਬ੍ਰਾਹਮਣ ਨੇ ਇਸ਼ਾਰਾ ਕੀਤਾ ਕਿ ਕੁਝ ਸਮਾਂ ਮੇਰੇ ਨਾਲ ਚੱਲ। ਸਤਿਗੁਰੂ ਜੀ ਕੋਲ ਲਿਜਾ ਕੇ ਬਿਠਾ ਦਿੱਤਾ। ਚਿੱਤ ਦੇ ਵਿੱਚ ਪ੍ਰਸ਼ਨ ਗੂੜ੍ਹੇ ਸੋਚ ਲਏ ਅਰ ਸੋਚਿਆ ਕਿ ਇਸ ਦਾ ਉੱਤਰ ਤਾਂ ਕੋਈ ਵਿਦਵਾਨ ਵੀ ਜਲਦੀ ਨਹੀਂ ਦੇ ਸਕਦਾ। ਇਹ ਕਿਵੇਂ ਦੇਵੇਗਾ। ਗੁਰੂ ਹਰਿਕ੍ਰਿਸ਼ਨ

ਜੀ ਨੇ ਉਸਦੇ ਮਨ ਦੀ ਜਾਣ ਕੇ ਉਸ ਮੂਰਖ ਝੀਵਰ ਦੇ ਸਿਰ 'ਤੇ ਛੜੀ ਰੱਖ ਦਿੱਤੀ ਅਰ ਹੁਕਮ ਕੀਤਾ ਕਿ ਪੰਡਿਤ ਦੇ ਸਵਾਲਾਂ ਦਾ ਉੱਤਰ ਦਿਓ। ਇਹ ਬਚਨ ਕਹਿਣ ਦੀ ਦੇਰ ਸੀ ਕਿ ਕੰਨਾਂ ਨੂੰ ਆਵਾਜ਼ ਸੁਣਨ ਲੱਗ ਪਈ, ਜੀਭ ਦਾ ਗੂੰਗਾਪਨ ਦੂਰ ਹੋ ਗਿਆ। ਚਾਰੇ ਬੇਦਾਂ ਦਾ ਬਕਤਾ ਗੁਰੂ ਜੀ ਨੇ ਬਣਾ ਦਿੱਤਾ ਅਰ ਉਸਨੇ ਕਿਹਾ ਕਿ ਹੇ ਬ੍ਰਾਹਮਣ! ਕਿਹੜਾ ਸ਼ਾਸਤ੍ਰ ਪੜ੍ਹਿਆ ਹੈਂ, ਜਿਸਦੇ ਅਨੁਸਾਰ ਤੈਨੂੰ ਉੱਤਰ ਦਿਆਂ। ਬੋਲ ਹਿੰਦੀ ਵਿੱਚ ਉੱਤਰ ਦਿਆਂ ਜਾਂ ਸੰਸਕ੍ਰਿਤ ਵਿੱਚ।

ਯਥਾ — ਦੋਹਰਾ॥ ਸ਼ਾਸਤ੍ਰੱਗਯ ਝੀਵਰ ਬਨਯੋ ਸੁਰਬਾਨੀ ਕਹਿ ਤਾਂਹਿ॥
ਕਸਮਿਨ ਸ਼ਾਸਤ੍ਰ ਪ੍ਰਬ੍ਰਿਤਿ ਦਿਜ॥ ਕਹੁ ਪੂਰਬ ਮੁਝ ਪਾਹਿ॥ ੩੯॥

(ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧੦, ਅੰਸੂ ੩੮)

ਸੋ, ਇਸ ਪ੍ਰਕਾਰ ਸੰਸਕ੍ਰਿਤ ਬੋਲਿਆ। ਜਿਤਨੇ ਸੰਸੇ ਸਨ ਬ੍ਰਾਹਮਣ ਦੇ ਚਿਤ ਵਿੱਚ ਸਾਰਿਆਂ ਦੇ ਉੱਤਰ ਦੇ ਦਿੱਤੇ। ਦਸ ਕੁ ਸ਼ੰਕੇ ਬ੍ਰਾਹਮਣ ਦੇ ਹਿਰਦੇ ਵਿੱਚ ਸਨ, ਉਸਨੇ 20 ਦਾ ਉੱਤਰ ਦਿੱਤਾ। ਇਹ ਦੇਖ ਕੇ ਬ੍ਰਾਹਮਣ ਹੈਰਾਨ ਹੋ ਗਿਆ, ਚੁੱਪ ਹੀ ਕਰ ਗਿਆ। ਵਿਦਿਆ ਦਾ ਜਿੰਨਾ ਮਨ ਵਿੱਚ ਹੰਕਾਰ ਸੀ, ਸਾਰਾ ਉਤਰ ਗਿਆ। ਕੋਈ ਪੂਰਬਲਾ ਭਾਗ ਜਾਗਿਆ ਤੇ ਨਿਮ੍ਰਤਾ ਮਨ ਵਿੱਚ ਆ ਗਈ। ਹੱਥ ਜੋੜ ਲਏ ਤੇ ਲੰਮਾ ਪੈ ਕੇ ਡੰਡਉਤ ਕੀਤੀ ਕਿ ਮਹਾਰਾਜ! ਤੁਹਾਡੀ ਮਹਿਮਾ ਅਪਾਰ ਹੈ।

ਬੋਲਯੋ ਮਹਿਮਾ ਲਖੀ ਅਨੂਖ॥ ਸ੍ਰੀ ਹਰਿਕ੍ਰਿਸ਼ਨ ਸੁ ਕ੍ਰਿਸ਼ਨ ਸਰੂਪ॥ ੪੪॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧੦, ਅੰਸੂ ੩੮)

ਮਹਾਰਾਜ ਮੇਰੇ ਸ਼ੰਕੇ ਖ਼ਤਮ ਹੋ ਗਏ। ਹੁਣ ਕਿਰਪਾ ਕਰਕੇ ਮੈਨੂੰ ਆਪਣਾ ਸਿੱਖ ਬਣਾ ਲਓ। ਚਰਨਾਮ੍ਰਿਤ ਦੇ ਕੇ ਸਤਿਗੁਰੂ ਜੀ ਨੇ ਸਿੱਖ ਬਣਾਇਆ।

ਇਹੀ ਬ੍ਰਾਹਮਣ ਜਿਸ ਨੇ ਸਿਖੀ ਧਾਰਨ ਕੀਤੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਸਿੱਖੀ ਅਸੂਲਾਂ ਤੇ ਚੱਲ ਕੇ ਗੁਰੂ ਘਰ ਦੀ ਸੇਵਾ ਕਮਾਈ। ਅੰਮ੍ਰਿਤ ਛੱਕ ਕੇ ਪੰਡਿਤ ਲਾਲ ਚੰਦ ਤੋਂ ਲਾਲ ਸਿੰਘ ਸੱਜ ਗਿਆ। ਛੱਜੂ ਝੀਵਰ ਜਿਸ ਤੋਂ ਗੀਤਾ ਦੇ ਅਰਥ ਕਰਵਾਏ ਉਹ ਵੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਤੋਂ ਚਰਨਾਮ੍ਰਿਤ ਲੈ ਕੇ ਸਿੱਖ ਸੱਜ ਗਿਆ। ਇੰਨੀ ਸੇਵਾ ਥਾਏਂ ਪੈ ਗਈ ਪੰਜ ਪਿਆਰਿਆਂ ਚੋਂ ਹਿੰਮਤ ਸਿੰਘ ਜੀ ਛੱਜੂ ਝੀਵਰ ਦੀ ਕੁਲ ਵਿੱਚੋਂ ਹੋਏ ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਕੇ ਅਸੀਸਾਂ ਦੇ ਪਾਤਰ ਬਣੇ।

ਸਿੱਖਿਆ — ਇਸ ਸਾਖੀ ਤੋਂ ਸਿੱਖਿਆ ਮਿਲਦੀ ਹੈ ਕਿ ਗੁਰੂ ਸਾਹਿਬ ਦੀ ਨਦਰਿ ਹੋਵੇ ਤਾਂ ਅਤਿ ਮੂਰਖ ਨੂੰ ਵੀ ਵਿਦਵਾਨ ਬਣਾ ਸਕਦੇ ਹਨ।

# ਸਾਖੀ ਸਤਵੀਂ—ਮਾਤਾ ਸਾਹਿਬ ਕੌਰ ਜੀ

ਮਾਤਾ ਸਾਹਿਬ ਕੌਰ ਜੀ ਨੂੰ ਖ਼ਾਲਸਾ ਪੰਥ ਦੀ ਮਾਤਾ ਹੋਣ ਦਾ ਮਾਣ ਪ੍ਰਾਪਤ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਦੱਖਣ ਦੀ ਧਰਤੀ ਵਿੱਚ ਪੁੱਜੇ, ਅਨੇਕਾਂ ਕੌਤਕ ਕੀਤੇ। ਬੰਦਾ ਸਿੰਘ ਬਹਾਦਰ ਜੀ ਨੂੰ ਥਾਪੜਾ ਦੇ ਕੇ ਸਰਹਿੰਦ ਸਰ ਕਰਨ ਲਈ ਤੋਰਿਆ ਤੇ ਨਗੀਨਾ ਘਾਟ, ਹੀਰਾ ਘਾਟ ਸਤਿਗੁਰਾਂ ਦੀਆਂ ਬੇ-ਪ੍ਰਵਾਹੀਆਂ ਦਾ ਇਹ ਅਸਥਾਨ ਸਬੂਤ ਦੇ ਰਹੇ ਹਨ। ਬਹਾਦਰ ਸ਼ਾਹ ਦੇ ਹੀਰਾ ਭੇਟ ਕਰਨ ਤੋਂ ਗੁਦਾਵਰੀ ਵਿੱਚ ਸੁੱਟ ਕੇ ਸ਼ੰਕਾ ਕਰਨ ਤੋਂ ਅਨੇਕਾਂ ਹੀਰੇ ਦਿਖਾ ਦਿੱਤੇ। ਭਾਈ ਗੁਰਦਿੱਤੇ ਸੁਦਾਗਰ ਨੇ ਨਗੀਨਾ ਭੇਟ ਕੀਤਾ, ਜਿੱਥੇ ਅੱਜ ਨਗੀਨਾ ਘਾਟ ਗੁਰਦੁਆਰਾ ਸਾਰਿਬ ਹੈ। ਉਸਦੇ ਸ਼ੰਕਾ ਕਰਨ ਤੋਂ ਅਨੇਕਾਂ ਨਗੀਨੇ ਦਿਖਾ ਦਿੱਤੇ। ਪਹਿਲੇ ਜਾਮੇ ਦਾ ਵਿਛੜਿਆ ਹੋਇਆ, ਮੂਲਚੰਦ ਖੱਤਰੀ, ਜੋ ਸਹੇ ਦੀ ਜੂਨ ਭੁਗਤ ਰਿਹਾ ਸੀ, ਉਸ ਦਾ ਸ਼ਿਕਾਰ ਕਰਕੇ ਉਸਦੀ ਚੌਰਾਸੀ ਕੱਟੀ। ਕੁਝ ਸਮੇਂ ਬਾਅਦ ਮਾਤਾ ਸਾਹਿਬ ਕੌਰ ਜੀ ਨੂੰ ਹੁਕਮ ਕੀਤਾ ਕਿ ਦਿੱਲੀ ਆਪਣੀ ਵੱਡੀ ਭੈਣ ਸੁੰਦਰ ਕੌਰ ਜੀ ਕੋਲ ਜਾਣਾ ਕਰੋ ਤੇ ਨਾਲ ਜਾਣ ਵਾਸਤੇ ਭਾਈ ਮਨੀ ਸਿੰਘ ਨੂੰ ਹੁਕਮ ਕੀਤਾ ਕਿ ਆਪਣੀ ਮਾਤਾ ਨੂੰ ਨਾਲ ਲੈ ਜਾਵੇ। ਇਹ ਸਤਿਗੁਰਾਂ ਦਾ ਅਚਾਨਕ ਹੀ ਕੀਤਾ ਹੋਇਆ ਹੁਕਮ ਸੁਣ ਕੇ ਮਾਤਾ ਜੀ ਸਤਿਗੁਰਾਂ ਦੇ ਦਰਸ਼ਨਾਂ ਤੋਂ ਵਾਂਝੇ ਹੋਣ ਦਾ ਦੁੱਖ ਮਹਿਸੂਸ ਕਰਦਿਆਂ ਅੱਖਾਂ ਵਿੱਚ ਵੈਰਾਗ ਦਾ ਜਲ ਭਰ ਕੇ ਮਾਤਾ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਮੇਰਾ ਇਹ ਪ੍ਰਣ ਹੈ ਕਿ ਮੈਂ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ ਜੋ ਆਪ ਜੀ ਕ੍ਰਿਪਾ ਕਰਕੇ ਰਾਤ 1 ਵਜੇ ਤੋਂ ਲੈ ਕੇ ਸਵੇਰੇ 7 ਵਜੇ ਨਿਤਨੇਮ ਬਾਣੀ ਸਿਮਰਨ ਵਿੱਚ ਜੁੜਨ ਦੀ ਸੇਵਾ ਲੈਂਦੇ ਹੋ, ਫਿਰ ਆਪ ਜੀ ਦੇ ਦਰਸ਼ਨ ਕਰਨ ਤੋਂ ਬਿਨਾਂ ਪ੍ਰਸ਼ਾਦਾ ਨਹੀਂ ਛਕਦੀ। ਸੋ ਮੇਰੇ ਇਸ ਪ੍ਰਣ ਦਾ ਕੀ ਬਣੇਗਾ ?

ਤੁਮ ਬਿਨ ਮੋਰ ਅਲੰਬ ਨ ਕੋਈ॥ ਦੇਖਿ ਅਚੌਂ ਜਲ ਭੋਜਨ ਦੋਈ॥ ੧੭॥
ਬਿਛੁਰੇ ਤੇ ਦਰਸ਼ਨ ਕਿਮ ਹੋਇ॥ ਸਹੌਂ ਕਸਟ ਪ੍ਰਾਨਨ ਕੋ ਖੋਇ॥
ਕੌਨ ਗਤੀ ਪ੍ਰਭ ਹੋਇ ਹਮਾਰੀ॥ ਬਨਿ ਲਚਾਰ ਮਰਿ ਰਹਉਂ ਬਿਚਾਰੀ॥

ਤਾਂ ਸਤਿਗੁਰੂ ਜੀ ਨੇ ਕਿਹਾ ਕਿ ਤੁਹਾਡਾ ਇਹ ਪ੍ਰਣ ਦਰਸ਼ਨ ਕਰਕੇ ਅੰਨ-ਜਲ ਛੱਕਣ ਦਾ ਅਸੀਂ ਨਿਭਾਵਾਂਗੇ। ਤਾਂ ਇਹ ਕਹਿ ਕੇ ਸਤਿਗੁਰੂ ਜੀ ਨੇ ਆਪਣਾ ਨਿਜੀ ਸ਼ਸਤਰ ਬਖ਼ਸ਼ਿਆ ਤੇ ਕਿਹਾ ਇਸ ਸ਼ਸਤਰ ਨੂੰ ਮੇਰਾ ਸਰੂਪ ਸਮਝ ਕੇ ਅਦਬ ਰੱਖਣਾ। ਇਸ਼ਨਾਨ ਕਰਕੇ ਜਿਵੇਂ ਸਾਡੇ ਨਾਲ ਰਹਿ ਕੇ ਨਿਤਾਪ੍ਰਤੀ ਨੇਮ ਨਿਭਾ ਹੁੰਦਾ ਹੈ ਉਸੇ ਤਰ੍ਹਾਂ ਜਿੱਥੇ ਵੀ ਹੋਵੋ ਇੰਝ ਕਰਨਾ। ਇਹਨਾਂ ਸ਼ਸਤਰਾਂ ਨੂੰ ਪਲੰਘੇ 'ਤੇ ਬਿਰਾਜਮਾਨ ਕਰਕੇ ਸੋਹਣਾ ਆਸਣ (ਲਾ ਕੇ) ਕੱਪੜੇ ਨਾਲ ਢੱਕਣਾ। ਜਦੋਂ ਨਿਤਨੇਮ ਦੀ ਸੇਵਾ ਦੇ ਬਾਅਦ ਦਰਸ਼ਨਾਂ ਲਈ ਅਰਦਾਸ ਕਰੋਗੇ ਤਾਂ ਇਹਨਾਂ ਸ਼ਸਤਰਾਂ ਵਿੱਚੋਂ ਮੇਰੇ ਦਰਸ਼ਨ ਹੋਣਗੇ ਤੇ ਤੁਹਾਡਾ ਪ੍ਰਣ ਇਸੇ ਤਰ੍ਹਾਂ ਅਖ਼ੀਰ ਤੱਕ ਨਿਭੇਗਾ। ਤੁਸੀਂ ਦਰਸ਼ਨ ਕਰਕੇ ਹੀ ਅੰਨ-ਜਲ ਛੱਕਣਾ।

ਅਤੇ ਇਤਿਹਾਸ ਗਵਾਹ ਹੈ ਕਿ ਮਾਤਾ ਜੀ ਨੂੰ ਉਹਨਾਂ ਸ਼ਸਤਰਾਂ ਵਿੱਚੋਂ ਹੀ ਗੁਰੂ ਸਾਹਿਬ ਦੇ ਦਰਸ਼ਨ ਹੁੰਦੇ ਰਹੇ।

ਸਿੱਖਿਆ — ਅਸੀਂ ਮਾਤਾ ਜੀ ਦੇ ਨਿਤਨੇਮ ਤੋਂ ਸੁਮੱਤ ਲੈਣੀ ਹੈ, ਮਾਤਾ ਜੀ ਰਾਤ 1 ਵਜੇ ਤੋਂ ਸਵੇਰੇ 7 ਵਜੇ ਤੱਕ ਭਾਵ 6 ਘੰਟੇ ਬਾਣੀ ਸਿਮਰਨ ਦਾ ਅਭਿਆਸ ਕਰਦੇ ਸਨ ਅਸੀਂ ਵੀ ਨਿਤਨੇਮੀ ਹੋਈਏ। ਸਿੱਖ ਲਈ ਜ਼ਰੂਰੀ ਹੈ 24 ਘੰਟੇ ਵਿੱਚੋਂ ਢਾਈ ਘੰਟੇ ਗੁਰੂ ਨਾਨਕ ਨੂੰ ਇਹ ਸਵਾਸਾਂ ਦਾ ਦਸਵੰਧ ਦੇਵੇ, ਸਮਾਂ ਲੇਖੇ ਲਾਵੇ ਅਤੇ ਗੁਰੂ ਸਾਹਿਬ ਵੱਲੋਂ ਬਖ਼ਸ਼ਿਸ਼ ਕੀਤੇ ਕ੍ਰਿਪਾਨ ਰੂਪੀ ਸ਼ਸਤਰ ਨੂੰ ਮਾਣ ਦੇਵੇ।

# ਸਾਖੀ ਅਠਵੀਂ—ਭਾਈ ਮੰਝ ਜੀ

ਪਿਆਰੇ ਬੱਚਿਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਭਾਈ ਮੰਝ ਜੀ, ਜਿਨ੍ਹਾਂ ਦਾ ਅਸਲ ਨਾਮ ਤੀਰਥਾ ਸੀ। ਇਹ ਸੁਲਤਾਨੀਏ ਦੇ ਵੱਡੇ ਆਗੂ ਤੇ ਪ੍ਰਚਾਰਕ ਸਨ। ਇਨ੍ਹਾਂ ਦੇ ਘਰ ਸਖੀ ਸਰਵਰ ਦਾ ਪੀਰਖ਼ਾਨਾ ਵੀ ਸੀ। ਤੀਰਥਾ ਹਰ ਸਾਲ ਨਿਗਾਹੇ ਸਰਵਰ ਪੀਰ ਯਾਤਰਾ ਜਾਇਆ ਕਰਦਾ ਸੀ। ਇਹ ਪਿੰਡ ਦੇ ਚੌਧਰੀ ਸਨ। ਇਨ੍ਹਾਂ ਪਾਸ ਇਤਨਾ ਧਨ ਸੀ ਕਿ ਉਸ ਦੌਲਤ ਦੀਆਂ ਧੁੰਮਾਂ ਦੂਰ-ਦੂਰ ਤੱਕ ਪਈਆਂ ਹੋਈਆਂ ਸਨ। ਭਾਈ ਮੰਝ ਪਿੰਡ ਕੰਗ ਮਾਈ ਜ਼ਿਲਾ ਹੁਸ਼ਿਆਰਪੁਰ ਦੇ ਰਹਿਣ ਵਾਲੇ ਸੀ। ਉਹ ਪੀਰਖ਼ਾਨੇ ਤੇ ਹਰ ਵੀਰਵਾਰ ਨੂੰ ਨੇਮ ਨਾਲ ਰੋਟ ਚੜ੍ਹਾਂਦੇ ਸਨ ਅਤੇ ਵੱਡਾ ਜੱਥਾ ਸ਼ਰਧਾਲੂਆਂ ਦਾ ਲੈ ਕੇ ਪ੍ਰਚਾਰ ਤੇ ਨਿਕਲਦੇ ਸਨ। 1585 ਈ. ਦੀ ਗੱਲ ਹੈ ਕਿ ਆਪ ਜੱਥੇ ਸਮੇਤ ਨਿਗਾਹੇ ਤੋਂ ਹੋ ਕੇ ਵਾਪਸ ਪਿੰਡ ਜਾ ਰਹੇ ਸਨ ਕਿ ਆਪ ਨੇ ਅੰਮ੍ਰਿਤਸਰ ਵਿਖੇ ਗੁਰੂ ਅਰਜਨ ਦੇਵ ਜੀ ਦੀ ਸੰਗਤ ਦੀ ਰਹਿਣੀ-ਬਹਿਣੀ ਅਤੇ ਸਿੱਖਾਂ ਦੇ ਜੀਵਨ ਦੇ ਦਰਸ਼ਨ ਕੀਤੇ। ਸਤਿਗੁਰੂ ਜੀ ਅਤੇ ਗੁਰਸਿੱਖਾਂ ਦੀ ਸੰਗਤ ਨੇ ਐਸਾ ਰੰਗ ਲਾਇਆ ਕਿ ਉਹ ਗੁਰੂ ਘਰ ਦੇ ਹੀ ਹੋ ਕੇ ਰਹਿ ਗਏ। ਇੱਕ ਦਿਨ ਮੰਝ ਜੀ ਨੇ ਸਤਿਗੁਰੂ ਜੀ ਕੋਲੋਂ ਸਿੱਖੀ ਦੀ ਦਾਤ ਮੰਗੀ। ਸਤਿਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ "(ਪੁਰਖਾ!) ਸਿੱਖੀ ਤੇ ਸਿੱਖੀ ਨਹੀਂ ਟਿਕਦੀ। ਪਹਿਲਾਂ ਉਨ੍ਹਾਂ ਦਾ ਤਿਆਗ ਕਰ ਜੋ ਸਿੱਖ ਮੱਤ ਦੇ ਉਲਟ ਹਨ। ਤਾਂ ਤੂੰ ਸਿੱਖੀ ਨਿਭਾ ਸਕੇਂਗਾ। ਫਿਰ ਸਿੱਖੀ ਵਿੱਚ ਅਕਾਲ ਪੁਰਖ ਦੇ ਲੜ ਲਗੀਦਾ ਹੈ ਅਤੇ ਸੱਚ ਦੇ ਮਾਰਗ 'ਤੇ ਚੱਲਦਿਆਂ ਆਮ ਲੋਕਾਂ ਦੀ ਨਾਰਾਜ਼ਗੀ ਵੀ ਬਰਦਾਸ਼ਤ ਕਰਨੀ ਪੈਂਦੀ ਹੈ। ਜੇ ਤੂੰ ਅਜਿਹੀ ਕੁਰਬਾਨੀ ਕਰ ਸਕਦਾ ਹੈਂ ਤਾਂ ਸਿੱਖੀ ਉੱਤੇ ਚੱਲ ਸਕੇਂਗਾ।" ਭਾਈ ਮੰਝ

ਜੀ ਆਪਣੇ ਪਿੰਡ ਆ ਗਏ ਅਤੇ ਸਭ ਤੋਂ ਪਹਿਲਾਂ ਉਹਨਾਂ ਨੇ ਪੀਰਖ਼ਾਨੇ ਨੂੰ ਢਾਹ ਦਿੱਤਾ ਅਤੇ ਸਖੀ ਸਰਵਰ ਦੀ ਪੂਜਾ ਕਰਨੀ ਛੱਡ ਦਿੱਤੀ। ਕਈ ਮੁਸ਼ਕਿਲਾਂ ਆਈਆਂ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਭਾਈ ਮੰਝ ਜੀ ਨੇ ਗੁਰੂ-ਘਰ ਨਾਲ ਚਿਤ ਲਗਾਉਣ ਉਪਰੰਤ ਆਪਣੇ ਪਿੰਡ ਦੇ ਵਸਨੀਕਾਂ ਵੱਲੋਂ ਕੀਤੇ ਵਿਰੋਧ ਨੂੰ ਕੁੱਝ ਵੀ ਨਾ ਸਮਝਿਆ। ਕਹਿੰਦੇ ਹਨ ਕਿ ਉਨ੍ਹਾਂ ਦੇ ਘਰ ਦਾ ਆਰਥਿਕ ਸੰਕਟ ਇਸ ਕਦਰ ਡੂੰਘਾ ਹੋ ਗਿਆ ਕਿ ਘਰ ਖਾਣ ਲਈ ਵੀ ਕੁਝ ਨਾ ਰਿਹਾ। ਘਰ ਦਾ ਖਰਚ ਤੋਰਨ ਲਈ ਆਪ ਜੀ ਨੇ ਘਾਹ ਵੇਚਣਾ ਸ਼ੁਰੂ ਕੀਤਾ, ਪਰ ਇੰਨੇ ਆਰਥਿਕ ਸੰਕਟ ਦੇ ਬਾਵਜੂਦ ਵੀ ਕੋਈ ਵਿਅਕਤੀ ਜੇ ਆਪ ਜੀ ਦੇ ਦਰ ’ਤੇ ਆਇਆ ਤਾਂ ਉਹ ਖਾਲੀ ਨਹੀਂ ਗਿਆ।

ਆਪ ਜੀ ਸੇਵਾ ਸਿਮਰਨ ਵਿੱਚ ਇੰਨਾ ਲੀਨ ਹੋ ਗਏ ਕਿ ਆਪਣੀ ਸੁੱਧ-ਬੁੱਧ ਹੀ ਭੁੱਲ ਗਈ। ਅੰਮ੍ਰਿਤ ਵੇਲੇ ਕਥਾ ਕੀਰਤਨ ਸ੍ਰਵਣ ਕਰਦੇ ਤੇ ਫਿਰ ਗੁਰੂ ਸਾਹਿਬ ਦੇ ਘੋੜਿਆਂ ਲਈ ਘਾਹ ਲਿਆਉਂਦੇ। ਘਾਹ ਲਿਆਉਣ ਉਪਰੰਤ ਆਪ ਜੀ ਲੰਗਰ ਵਾਸਤੇ ਜੰਗਲਾਂ ਵਿੱਚੋਂ ਲੱਕੜ ਲੈਣ ਲਈ ਚਲੇ ਜਾਂਦੇ। ਆ ਕੇ ਸਾਰਾ ਦਿਨ ਲੰਗਰ ਦੀ ਸੇਵਾ ਕਰਦੇ ਰਹਿੰਦੇ।

ਇੱਕ ਦਿਨ ਧੰਨ-ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪ ਜੀ ਨੂੰ ਪੁੱਛਿਆ ਕਿ ਰੋਟੀ-ਪਾਣੀ ਕਿੱਥੋਂ ਖਾਂਦੇ ਹੋ, ਤਾਂ ਆਪ ਜੀ ਨੇ ਕਿਹਾ ਕਿ ਲੰਗਰ ਵਿੱਚੋਂ ਛਕ ਲੈਂਦਾ ਹਾਂ। ਗੁਰੂ ਸਾਹਿਬ ਕਹਿਣ ਲੱਗੇ ਕਿ ਇਹ ਤਾਂ ਫਿਰ ਮਜ਼ਦੂਰੀ ਹੋ ਗਈ! ਇਹ ਕਾਹਦੀ ਸੇਵਾ ਹੈ, ਜੋ ਤੁਸੀਂ ਗੁਰੂ-ਘਰ ਵਾਸਤੇ ਲੱਕੜ ਲੈ ਕੇ ਆਉਂਦੇ ਹੋ, ਉਸ ਦਾ ਤੁਸੀਂ ਪਰਸ਼ਾਦਾ ਛੱਕ ਲਿਆ। ਇਹ ਤਾਂ ਫਿਰ ਮਜ਼ਦੂਰੀ ਹੋ ਗਈ! ਅਗਲੇ ਦਿਨ ਤੋਂ ਲੱਕੜ ਲਿਆਉਣ ਦੀ ਸੇਵਾ ਕਰਨੀ ਤੇ ਪ੍ਰਸ਼ਾਦਾ ਸੰਗਤਾਂ ਦੀਆਂ ਜੂਠੀਆਂ ਪੱਤਲਾਂ ਇਕੱਤਰ ਕਰਕੇ ਜੋ ਉਸ ਵਿੱਚੋਂ ਜੂਠਾ ਮਿਲਣਾ ਉਸਨੂੰ ਧੋ ਕੇ ਉਹ ਛਕਣਾ। ਇੱਕ ਦਿਨ ਫਿਰ ਗੁਰੂ ਸਾਹਿਬ ਜੀ ਨੇ ਪੁੱਛਿਆ ਸੇਵਾ ਤਾਂ ਬਹੁਤ ਕਰਦੇ ਹੋ ਹੁਣ ਪ੍ਰਸ਼ਾਦਾ ਕਿੱਥੋਂ ਛਕਦੇ ਹੋ ? ਤਾਂ ਭਾਈ ਮੰਝ ਜੀ ਆਖਦੇ ਸੰਗਤਾਂ ਦੀਆਂ ਜੂਠੀਆਂ ਪੱਤਲਾਂ ਚੋਂ ਜੋ ਬਚਦਾ ਉਹ ਛਕਦਾ ਹਾਂ। ਸਤਿਗੁਰੂ ਕਹਿੰਦੇ ਭਾਈ ਮੰਝ ਇਹ ਕਾਹਦੀ ਸੇਵਾ ਹੈ ਕਾਵਾਂ ਚਿੱੜੀਆਂ ਦੇ ਢਿੱਡ ਤੇ ਲੱਤ ਮਾਰਦੇ ਹੋ, ਇਹ ਬਚਿਆ ਜੂਠੀਆਂ ਪੱਤਲਾਂ ਦਾ ਹਿੱਸਾ ਪਸ਼ੂ ਪੰਛੀਆਂ ਵਾਸਤੇ ਹੁੰਦਾ ਹੈ। ਉਸ ਤੋਂ ਬਾਅਦ ਭਾਈ ਮੰਝ ਜੀ ਆਪਣੀ ਕਿਰਤ ਕਰਨ ਲੱਗ ਪਏ। ਗੁਰੂ ਦੇ ਲੰਗਰ ਵਿੱਚ ਲੱਕੜਾਂ ਪਹੁੰਚਾਉਣ ਦਾ ਨੇਮ ਇਸੇ ਤਰ੍ਹਾਂ ਚੱਲਦਾ ਰਿਹਾ।

ਇੱਕ ਦਿਨ ਬਹੁਤ ਜ਼ਿਆਦਾ ਮੀਂਹ ਪਿਆ, ਹਨੇਰੀ ਝੱਖੜ ਚੱਲਣ ਲੱਗ ਪਏ। ਭਾਈ ਮੰਝ ਜੀ ਗੁਰੂ ਦੇ ਲੰਗਰ ਵਾਸਤੇ ਲੱਕੜਾਂ ਲੈ ਕੇ ਆ ਰਹੇ ਸਨ ਕਿ ਤੂਫ਼ਾਨ ਦੀ ਲਪੇਟ ਵਿੱਚ ਆ ਕੇ ਖੂਹ ਵਿੱਚ ਡਿੱਗ ਪਏ ਪਰ ਆਪਣੀ ਜਾਨ ਤੋਂ ਵੀ ਵੱਧ ਲੱਕੜਾਂ ਨੂੰ ਸੰਭਾਲੀ

ਰੱਖਿਆ। ਲੱਕੜਾਂ ਨੂੰ ਉਸੇ ਤਰ੍ਹਾਂ ਹੀ ਸਿਰ 'ਤੇ ਟਿਕਾਈ ਰੱਖਿਆ। ਖੂਹ ਵਿੱਚ ਡਿੱਗਣ ਉਪਰੰਤ ਵੀ ਉਸੇ ਤਰ੍ਹਾਂ ਲਗਾਤਾਰ ਬਾਣੀ ਦਾ ਜਾਪ ਕਰਦੇ ਰਹੇ।

ਉਧਰ ਅੰਮ੍ਰਿਤਸਰ ਚਿੰਤਾ ਹੋਣ ਲੱਗੀ ਕਿ ਭਾਈ ਮੱਝ ਜੀ ਲੱਕੜਾਂ ਲੈ ਕੇ ਨਹੀਂ ਪਹੁੰਚੇ। ਗੁਰੂ ਸਾਹਿਬ ਨੇ ਭਾਈ ਮੱਝ ਦੀ ਭਾਲ ਵਾਸਤੇ ਕਾਫੀ ਸਿੱਖਾਂ ਨੂੰ ਭੇਜਿਆ। ਸਿੱਖਾਂ ਨੇ ਦੇਖਿਆ ਕਿ ਭਾਈ ਮੱਝ ਜੀ ਖੂਹ ਵਿੱਚ ਲੱਕੜਾਂ ਨੂੰ ਸੰਭਾਲੀ ਬਾਣੀ ਦਾ ਜਾਪ ਕਰ ਰਹੇ ਹਨ। ਜਦੋਂ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਪਤਾ ਲੱਗਾ ਕਿ ਭਾਈ ਮੱਝ ਜੀ ਖੂਹ ਵਿੱਚ ਡਿੱਗ ਗਏ ਹਨ ਤਾਂ ਗੁਰੂ ਸਾਹਿਬ ਆਪ ਹੀ ਨੰਗੇ ਪੈਰੀਂ ਦੌੜ ਪਏ।

ਖੂਹ ਕੋਲ ਪਹੁੰਚ ਕੇ ਖੂਹ ਵਿੱਚ ਰੱਸਾ ਸੁੱਟਿਆ ਗਿਆ ਤੇ ਕਿਹਾ ਕਿ ਭਾਈ ਮੱਝ, ਰੱਸੇ ਨੂੰ ਫੜ ਕੇ ਬਾਹਰ ਆ ਜਾਓ। ਭਾਈ ਮੱਝ ਜੀ ਕਹਿਣ ਲੱਗੇ, ਕਿ ਪਹਿਲਾਂ ਲੱਕੜਾਂ ਕੱਢੋ। ਉਹ ਬਾਅਦ ਵਿੱਚ ਬਾਹਰ ਆਉਣਗੇ। ਇਸੇ ਤਰ੍ਹਾਂ ਹੀ ਕੀਤਾ ਗਿਆ। ਪਹਿਲਾਂ ਗੁਰੂ ਦੇ ਲੰਗਰ ਵਾਸਤੇ ਲੱਕੜਾਂ ਬਾਹਰ ਕੱਢੀਆਂ ਗਈਆਂ ਤੇ ਫਿਰ ਭਾਈ ਮੰਝ ਜੀ ਨੂੰ ਬਾਹਰ ਕੱਢਿਆ ਗਿਆ। ਭਾਈ ਮੱਝ ਦੀ ਇੰਨੀ ਘਾਲਣਾ ਦੇਖ ਕੇ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਭਾਈ ਮੰਝ ਜੀ ਨੂੰ ਆਪਣੇ ਗਲ ਨਾਲ ਲਗਾ ਲਿਆ ਤੇ ਕਹਿਣ ਲੱਗੇ, "ਭਾਈ ਮੱਝ ਜੀ, ਤੁਹਾਡੀ ਘਾਲ ਥਾਏਂ ਪਈ ਹੈ। ਕੁਝ ਮੰਗ ਲਓ।" ਅੱਗੋਂ ਹੱਥ ਜੋੜ ਕੇ ਨਿਮਰਤਾ ਸਹਿਤ ਭਾਈ ਮੰਝ ਜੀ ਕਹਿਣ ਲੱਗੇ, "ਹੇ ਸਤਿਗੁਰੂ ਜੀ, ਤੁਸੀਂ ਪਹਿਲਾਂ ਹੀ ਬਹੁਤ ਕੁਝ ਦੇ ਰਹੇ ਹੋ। ਹੋਰ ਕੁਝ ਮੰਗਣ ਦੀ ਇੱਛਾ ਨਹੀਂ ਹੈ।" ਸਤਿਗੁਰੂ ਜੀ ਕਹਿਣ ਲੱਗੇ, "ਭਾਈ ਮੰਝ ਜੀ, ਕੁਝ ਮੰਗ ਲਵੋ।" ਭਾਈ ਮੱਝ ਕਹਿਣ ਲੱਗੇ, "ਸੱਚੇ ਪਾਤਸ਼ਾਹ ਜੀ, ਇੱਕ ਬੇਨਤੀ ਹੈ, ਕਲਜੁਗ ਦਾ ਸਮਾਂ ਹੈ ਆਪਣੇ ਸਿੱਖਾਂ ਦਾ ਇਤਨਾ ਇਮਤਿਹਾਨ ਨਾ ਲਉ ਜੀ, ਸਿੱਖਾਂ ਤੋਂ ਇਤਨੇ ਇਮਤਿਹਾਨ ਦਿੱਤੇ ਨਹੀਂ ਜਾਣੇ। ਮਿਹਰ ਕਰੋ ਆਪ ਜੀ ਦੇ ਚਰਨਾਂ ਦਾ ਵਿਛੋੜਾ ਕਦੇ ਨਾ ਹੋਵੇ। ਸੇਵਾ ਸਿਮਰਨ ਵਿੱਚ ਸਦਾ ਲਈ ਲੱਗੇ ਰਹੀਏ।" ਭਾਈ ਮੱਝ ਜੀ ਦੀ ਇਹ ਗੱਲ ਸੁਣ ਕੇ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕਿਰਪਾ ਦੇ ਘਰ ਆ ਗਏ ਤੇ ਇਹ ਵਰ ਦਿੱਤਾ—

"ਮੰਝ ਪਿਆਰਾ ਗੁਰੂ ਕੋ, ਗੁਰ ਮੰਝ ਪਿਆਰਾ।
ਮੰਝ ਗੁਰੂ ਕਾ ਬੋਹਿਥਾ, ਜੱਗ ਲੰਘਣਹਾਰਾ।"

ਭਾਈ ਮੰਝ ਜੀ ਨੇ ਸਾਰਾ ਜੀਵਨ ਨਿਮਰਤਾ ਨਾਵ ਸੇਵਾ-ਸਿਮਰਨ ਕਰਦਿਆਂ ਲੇਖੇ ਲਗਾਇਆ। ਹਉਮੈ ਨੂੰ ਕਦੀ ਵੀ ਆਪਣੇ 'ਤੇ ਭਾਰੂ ਨਹੀਂ ਹੋਣ ਦਿੱਤਾ। ਦੁਆਬੇ ਦਾ ਇਹ ਸਖੀ ਸਰਵਰੀਆਂ ਦਾ ਮੁਖੀ ਭਾਈ ਮੰਝ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿੱਚ ਐਸਾ ਜੁੜਿਆ ਕਿ ਸਦਾ-ਸਦਾ ਲਈ ਤਵਾਰੀਖ ਵਿੱਚ ਅਮਰ ਹੋ ਗਿਆ। ਭਾਈ ਮੱਝ ਜੀ ਵੱਲੋਂ ਕੀਤੀ ਗਈ ਘਾਲਣਾ ਸਾਡੇ ਲਈ ਚਾਨਣ-ਮੁਨਾਰਾ ਹੈ।

ਸਿੱਖਿਆ — ਇਸ ਸਾਖੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਸਦਾ ਗੁਰੂ ਨਾਨਕ ਦੇ ਘਰ ਦੀ ਓਟ ਲੈਂਦੇ ਹੋਏ ਸੇਵਾ ਸਿਮਰਨ ਵਿੱਚ ਨਿਮਰਤਾ ਸਹਿਤ ਲੱਗੇ ਰਹਿਣਾ ਚਾਹੀਦਾ ਹੈ ਤਾਂ ਕਿ ਸਾਡਾ ਇਹ ਜੀਵਨ ਸਫਲ ਹੋ ਸਕੇ ਅਤੇ ਜੇ ਕੋਈ ਹੋਰ ਹਿਰਦੇ ਤੇ ਬੈਠਾ ਹੈ ਤਾ ਉੱਥੇ ਸਿੱਖੀ ਨਹੀਂ ਟਿਕ ਸਕਦੀ, ਜਿੱਥੇ ਕੋਈ ਨਹੀਂ ਬੈਠਾ ਸਿੱਖੀ ਉੱਥੇ ਟਿਕਦੀ ਹੈ।

❖ ❖ ❖

## 10 ਪ੍ਰਸ਼ਨ-ਉੱਤਰ ਇਸ ਪ੍ਰਕਾਰ ਹਨ :-

ਪ੍ਰਸ਼ਨ 1. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਲਾਲਾ ਦੌਲਤ ਰਾਏ ਦੀ ਕੀ ਭਾਵਨਾ ਸੀ ?

ਉੱਤਰ— ਉਸ ਦੀ ਭਾਵਨਾ ਸੀ —

1. ਸਾਰੀ ਸ੍ਰਿਸ਼ਟੀ ਦੀ ਕੁਦਰਤ ਇਕ ਜਗ੍ਹਾ ਇਕੱਠੀ ਹੋਈ ਤਾਂ ਬਣੇ ਗੁਰੂ ਗੋਬਿੰਦ ਸਿੰਘ ਜੀ।
2. ਸਾਰੀ ਸ੍ਰਿਸ਼ਟੀ ਦੀਆਂ ਖ਼ੁਸ਼ਬੂਆਂ ਇੱਕ ਜਗ੍ਹਾ ਇਕੱਠੀਆਂ ਹੋਈਆਂ ਤਾਂ ਬਣੇ ਗੁਰੂ ਗੋਬਿੰਦ ਸਿੰਘ ਜੀ।
3. ਸਾਰੀ ਸ੍ਰਿਸ਼ਟੀ ਦੀਆਂ ਚੰਗਿਆਈਆਂ ਇੱਕ ਜਗ੍ਹਾ ਇਕੱਠੀਆਂ ਹੋਈਆਂ ਤਾਂ ਬਣੇ ਗੁਰੂ ਗੋਬਿੰਦ ਸਿੰਘ ਜੀ।
4. ਸਾਰੀ ਸ੍ਰਿਸ਼ਟੀ ਦੇ ਗੁਣ ਇੱਕ ਜਗ੍ਹਾ ਇਕੱਠੇ ਹੋਏ ਤਾਂ ਬਣੇ ਗੁਰੂ ਗੋਬਿੰਦ ਸਿੰਘ ਜੀ।
5. ਸਾਰੀ ਸ੍ਰਿਸ਼ਟੀ ਦੀਆਂ ਕਲਾਂ ਇੱਕ ਜਗ੍ਹਾ ਇਕੱਠੀਆਂ ਹੋਈਆਂ ਤਾਂ ਬਣੇ ਗੁਰੂ ਗੋਬਿੰਦ ਸਿੰਘ ਜੀ।

ਪ੍ਰਸ਼ਨ 2. ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਜੰਗ ਦੇ ਮੈਦਾਨ ਵਿੱਚ ਭੇਜਿਆ ਤਾਂ ਅਜੀਤ ਸਿੰਘ ਜੀ ਨੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਕੀ ਕਿਹਾ ?

ਉੱਤਰ— ਨਾਮ ਕਾ ਅਜੀਤ ਹੂੰ, ਜੀਤਾ ਨਹੀਂ ਜਾਊਂਗਾ।
ਅਗਰ ਜੀਤਾ ਭੀ ਗਿਆ, ਤੋਂ ਜੀਤਾ ਨਹੀਂ ਆਊਂਗਾ।

ਪ੍ਰਸ਼ਨ 3. ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਵੇਲੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੂੰ

ਆਖਿਆ ਕਿ ਤੁਸੀਂ ਲੜ ਲਵੋਗੇ ਤਾਂ ਉਨ੍ਹਾਂ ਨੇ ਅੱਗੋਂ ਕੀ ਕਿਹਾ ?

ਉੱਤਰ— ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਕਿਹਾ :
ਲੜਨਾ ਨਹੀਂ ਆਤਾ ਤੋ ਮੁਝੇ ਮਰਨਾ ਤੋ ਹੈ ਆਤਾ।
ਗਲਾ ਤੇਗ ਪੇ ਰੱਖ ਕੇ ਕਟਾਨਾ ਤੋ ਹੈ ਆਤਾ।

ਪ੍ਰਸ਼ਨ 4. ਬੁੱਲ੍ਹੇ ਸ਼ਾਹ ਦੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਕੀ ਭਾਵਨਾ ਸੀ ?

ਉੱਤਰ— ਨਾ ਕਹੂੰ ਜਬ ਕੀ, ਨਾ ਕਹੂੰ ਤਬ ਕੀ। ਬਾਤ ਕਹੂੰ ਮੈਂ ਅਬ ਕੀ।
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ ਤੋ ਸੁੰਨਤ ਹੋਤੀ ਸਭ ਕੀ।

ਪ੍ਰਸ਼ਨ 5. ਪਹਿਲੀ ਵਾਰ ਮਿਲਣ ਸਮੇਂ ਪੀਰ ਬੁੱਧੂ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕੀ ਸਵਾਲ ਕੀਤਾ ਅਤੇ ਉਸ ਦਾ ਕੀ ਜੁਆਬ ਪਾਇਆ ?

ਉੱਤਰ— ਖ਼ੁਦਾ ਅਤੇ ਖ਼ੁਦਾ ਦੇ ਬੰਦੇ ਦਾ ਮੇਲ ਕਿਵੇਂ ਹੋਵੇ (ਸਵਾਲ ਪੀਰ ਬੁੱਧੂ ਸ਼ਾਹ) ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅੱਠ ਲਫ਼ਜ਼ਾਂ ਵਿੱਚ ਜੁਆਬ — "ਹਉਂ ਮੂਆ ਖੁਦਾ ਹੁਆ" ਭਾਵ— ਜਿਸ ਦਿਨ ਸਾਡੀ ਹਉਮੈ ਮਰ ਗਈ ਤਾਂ ਉਸ ਵੇਲੇ ਖ਼ੁਦਾ ਹਾਜ਼ਿਰ ਹੀ ਹੈ।

ਪ੍ਰਸ਼ਨ 6. ਗੁਰੂ ਅਮਰਦਾਸ ਜੀ ਨੇ ਕਿਹੜੇ ਤਿੰਨ ਭੱਬੇ ਦਾਜ ਦੇ ਰੂਪ ਵਿੱਚ ਬੀਬੀ ਭਾਨੀ ਜੀ ਨੂੰ ਦਿੱਤੇ ?

ਉੱਤਰ— 1. ਭੱਬਾ — ਭੁੱਲ ਗਈ ਜੀ।
2. ਭੱਬਾ — ਭਾਣਾ ਜੀ।
3. ਭੱਬਾ — ਭਲਾ ਜੀ।

ਪ੍ਰਸ਼ਨ 7. ਜਦੋਂ ਸਿੱਧਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਪ੍ਰਸੰਨ ਹੋ ਕੇ ਕੁਝ ਮੰਗਣ ਲਈ ਕਿਹਾ ਤਾਂ ਗੁਰੂ ਸਾਹਿਬ ਜੀ ਨੇ ਕੀ ਜੁਆਬ ਦਿੱਤਾ ?

ਉੱਤਰ— ਗੁਰੂ ਜੀ ਨੇ ਕਿਹਾ ਕਿ ਇਸ ਹਿਰਦੇ ਉੱਪਰ ਗੁਰੂ ਨਾਨਕ ਸਾਹਿਬ ਜੀ ਬੈਠੇ ਹਨ, ਹੋਰ ਕਿਸੇ ਦੇ ਬੈਠਣ ਦੀ ਜਗ੍ਹਾ ਨਹੀਂ ਹੈ।

ਪ੍ਰਸ਼ਨ 8. ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਬਾਲਾ ਪ੍ਰੀਤਮ ਕਿਉਂ ਕਿਹਾ ਜਾਂਦਾ ਹੈ ?

ਉੱਤਰ— ਛੋਟੀ ਉਮਰ ਵਿੱਚ ਆਪ ਜੀ ਨੂੰ ਗੁਰੂ-ਗੱਦੀ ਪ੍ਰਾਪਤ ਹੋਣ ਕਰਕੇ ਆਪ ਜੀ ਨੂੰ ਬਾਲਾ ਪ੍ਰੀਤਮ ਕਿਹਾ ਜਾਂਦਾ ਹੈ।(ਗੁਰਮਤਿ ਦੇ ਮਾਰਗ ਵਿੱਚ ਉਮਰ ਦਾ ਕੋਈ ਸਥਾਨ ਨਹੀਂ ਹੈ।)

ਪ੍ਰਸ਼ਨ 9. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਬਚਨ "ਸਵਾ ਲਾਖ ਸੇ ਏਕ ਲੜਾਉਂ" ਕਿੱਥੇ ਸਤਿ ਹੋਇਆ ?

ਉੱਤਰ— ਸਵਾ ਲਾਖ ਸੇ ਏਕ ਲੜਾਉਂ ਬਚਨ ਚਮਕੌਰ ਦੀ ਜੰਗ ਵਿੱਚ ਸਤ ਹੋਇਆ। ਜਦੋਂ ਜੰਗ ਦੇ ਮੈਦਾਨ ਵਿੱਚ ਦਸ ਲੱਖ ਫ਼ੌਜ ਦਾ ਮੁਕਾਬਲਾ ਗੁਰੂ ਜੀ ਨੇ ਅੱਠ-ਅੱਠ ਸਿੰਘਾਂ ਦਾ ਜੱਥਾ ਭੇਜ ਕੇ ਕਰਵਾਇਆ।

ਪ੍ਰਸ਼ਨ 10. ਗੁਰੂ ਗੋਬਿੰਦ ਸਿੰਘ ਜੀ ਕੈਸੇ ਦਾਨੀ,ਕੈਸੇ ਭਗਤ ਅਤੇ ਕੈਸੇ ਸੂਰਮੇ ਸਨ ?

ਉੱਤਰ— 1. ਕੋਈ ਕੱਪੜਾ ਦਾਨ ਕਰਦਾ ਹੈ, ਕੋਈ ਅੰਨ ਦਾਨ ਕਰਦਾ ਹੈ, ਕੋਈ ਮਾਇਆ ਦਾਨ ਕਰਦਾ ਹੈ, ਕੋਈ ਮਕਾਨ ਦਾਨ ਕਰਦਾ ਹੈ, ਪਰ ਦੁਨੀਆਂ ਦੇ ਨਕਸ਼ੇ 'ਤੇ ਇੱਕ ਗੁਰੂ ਗੋਬਿੰਦ ਸਿੰਘ ਜੀ ਹੀ ਐਸੇ ਹਨ ਜਿਨ੍ਹਾਂ ਨੇ ਸੱਚ ਦੀ ਖਾਤਰ ਆਪਣਾ ਸਰਬੰਸ ਹੀ ਦਾਨ ਕਰ ਦਿੱਤਾ।

2. ਗੁਰੂ ਗੋਬਿੰਦ ਸਿੰਘ ਜੀ ਐਸੇ ਭਗਤ ਸਨ ਕਿ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਸਮੇਂ ਜੰਗ ਦੇ ਮੈਦਾਨ ਵਿੱਚ 250 ਸਿੰਘ ਤਾਂ ਸ਼ਹੀਦ ਕਰਵਾ ਲਏ ਪਰ (ਅੰਮ੍ਰਿਤ ਵੇਲੇ) ਆਸਾ ਦੀ ਵਾਰ ਦਾ ਨਿਤਨੇਮ ਨਹੀਂ ਛੱਡਿਆ।

3. ਧਰਤੀ 'ਤੇ ਜਿੰਨੀਆਂ ਵੀ ਜੰਗਾਂ ਹੋਈਆਂ ਉਹ ਔਰਤ ਲਈ, ਜ਼ਮੀਨ ਲਈ, ਧਨ ਲਈ ਹੋਈਆਂ, ਪਰ ਗੁਰੂ ਗੋਬਿੰਦ ਸਿੰਘ ਜੀ ਇੱਕ ਐਸੇ ਸੂਰਮੇ ਸਨ ਜਿਨ੍ਹਾਂ ਨੇ 17 ਜੰਗਾਂ ਲੜੀਆਂ ਪਰ ਕੋਈ ਵੀ ਜੰਗ ਨਾ ਔਰਤ ਲਈ, ਨਾ ਜ਼ਮੀਨ ਲਈ, ਨਾ ਧਨ ਲਈ ਲੜੀ, ਸਿਰਫ ਤੇ ਸਿਰਫ ਸੱਚ ਦੀ ਖ਼ਾਤਿਰ ਜੰਗਾਂ ਲੜੀਆਂ ਅਤੇ ਸਾਰੀਆਂ ਹੀ ਜਿੱਤੀਆਂ।

❖ ❖ ❖

# 25 ਸਾਲ ਤੋਂ 110 ਸਾਲ ਤੱਕ ਦੀ ਉਮਰ ਵਾਲਿਆਂ ਦਾ ਸਿਲੇਬਸ

25 ਸਾਲ ਤੋਂ 110 ਸਾਲ ਤੱਕ ਦੀ ਉਮਰ ਵਾਲੇ ਸਾਰੇ ਹੀ ਹੇਠ ਲਿਖੀਆਂ 8 ਸਾਖੀਆਂ ਅਤੇ 10 ਪ੍ਰਸ਼ਨ-ਜੁਬਾਨੀ ਯਾਦ ਕਰਨ। ਇਹਨਾਂ ਵਿੱਚੋਂ ਕੋਈ 4 ਸਾਖੀਆਂ ਅਤੇ 5 ਪ੍ਰਸ਼ਨ-ਉੱਤਰ ਸੁਣੇ ਜਾਣਗੇ।

8 ਸਾਖੀਆਂ ਹੇਠ ਲਿਖੇ ਪ੍ਰਕਾਰ ਹਨ —

## ਸਾਖੀ ਪਹਿਲੀ—ਦੀਪਾਲਪੁਰ ਦੇ ਕੋਹੜੀ ਦੀ ਸਾਖੀ

ਤਲਵੰਡੀ ਵਿੱਚ ਕੁਝ ਸਮਾਂ ਰਹਿ ਕੇ ਗੁਰੂ ਨਾਨਕ ਦੇਵ ਜੀ ਸਾਥੀਆਂ ਨਾਲ ਪੱਛਮ ਵੱਲ ਪਾਕ ਪਟਨ, ਦਿਆਲਪੁਰ, ਕੰਗਨਪੁਰ ਤੋਂ ਹੁੰਦੇ ਹੋਏ ਦੀਪਾਲਪੁਰ ਪਿੰਡ ਦੇ ਬਾਹਰ ਪੁੱਜੇ। ਰਾਤ ਬਿਸਰਾਮ ਵਾਸਤੇ ਟਿਕਾਣਾ ਲੱਭ ਰਹੇ ਸਨ ਪਰ ਸ਼ਹਿਰ ਦਾ ਕੋਈ ਬੰਦਾ ਘਰ ਰੱਖ ਕੇ ਰਾਜ਼ੀ ਨਹੀਂ ਸੀ। ਚਲਦੇ-ਚਲਦੇ ਨੌਰੰਗਸ਼ਾਹ (ਜਿਸ ਨੂੰ ਸਰੀਰ ਤੇ ਕੋਹੜ ਹੈ ਸਰੀਰ ਤੋਂ ਬਦਬੂ ਆਉਂਦੀ ਇਸ ਲਈ ਘਰਦਿਆਂ ਅਤੇ ਸ਼ਹਿਰ ਵਾਸੀਆਂ ਨੇ ਤੰਗ ਆ ਕੇ ਸ਼ਹਿਰ ਤੋਂ ਇਸਨੂੰ ਬਾਹਰ ਕੱਢਿਆ ਹੋਇਆ ਹੈ) ਦੀ ਝੌਂਪੜੀ ਪਾਸ ਪੁੱਜੇ। ਦਰਵਾਜ਼ਾ ਖੜਕਾ ਕੇ ਮਰਦਾਨਾ ਜੀ ਨੇ ਅਵਾਜ਼ ਦਿੱਤੀ ਅਸੀਂ ਮੁਸਾਫਰ ਹਾਂ, ਰਾਤ ਰਹਿਣਾ ਹੈ। ਇਹ ਸੁਣ ਨੌਰੰਗਸ਼ਾਹ ਬਾਹਰ ਆਇਆ। ਵੇਖਿਆ ਤੇ ਸੋਚਿਆ ਸ਼ਾਇਦ ਇਹ ਕੋਈ ਸਾਧੂ ਖੜੇ ਹਨ। ਉਹ ਗੁਰੂ ਜੀ ਨੂੰ ਵੇਖਦਾ ਰਿਹਾ ਪਰ ਕੁਝ ਮੂੰਹ ਤੋਂ ਕਹਿ ਨਾ ਸਕਿਆ ਕਿ ਉਹ ਇੱਕ ਕੋਹੜੀ ਹੈ ਤੇ ਉਸ ਕੋਲ ਆਉਣਾ ਖ਼ਤਰੇ ਤੋਂ ਖਾਲੀ ਨਹੀਂ ਹੈ, ਪਰ ਗੁਰੂ ਨਾਨਕ ਦੇਵ ਜੀ ਨੇ ਉਸ ਦੀ ਝੌਂਪੜੀ ਨੂੰ ਭਾਗ ਲਾਏ ਤੇ ਸ਼ਬਦ ਗਾਇਨ ਕੀਤਾ।

ਧਨਾਸਰੀ ਮਹਲਾ ੧

ਜੀਉ ਤਪਤੁ ਹੈ ਬਾਰੋ ਬਾਰ॥ ਤਪਿ ਤਪਿ ਖਪੈ ਬਹੁਤੁ ਬੇਕਾਰ॥
ਜੈ ਤਨਿ ਬਾਨੀ ਵਿਸਰਿ ਜਾਇ॥ ਜਿਉ ਪਕਾ ਰੋਗੀ ਵਿਲਲਾਇ॥

(ਅੰਗ ੬੬੧)

ਜਿਸ ਨੂੰ ਸੁਣ ਨੌਰੰਗਸ਼ਾਹ ਨੂੰ ਆਪਣੇ ਪਾਪਾਂ ਦਾ ਪ੍ਰਾਸਚਿਤ ਹੋਣ ਲੱਗਾ ਤੇ ਸਰੀਰ ਨੂੰ ਕੁਝ ਆਰਾਮ ਮਹਿਸੂਸ ਹੋਇਆ। ਉਹ ਨੇ ਗੁਰੂ ਜੀ ਨੂੰ ਨਮਸਕਾਰ ਕਰ ਕੇ ਕੋਲ ਬੈਠ ਗਿਆ ਤੇ ਆਪਣੀ ਦੁੱਖ-ਭਰੀ ਕਹਾਣੀ ਸੁਣਾਉਣ ਲੱਗਾ। ਗੁਰੂ ਜੀ ਨੇ ਸਾਰੀ ਗੱਲ ਸੁਣ ਕੇ ਕਿਹਾ ਸਾਨੂੰ ਵੀ ਵਿਖਾ ਆਪਣੇ ਸਰੀਰ ਦਾ ਕੋਹੜ? ਜਦ ਉਸਨੇ ਆਪਣੇ ਸਰੀਰ ਨੂੰ ਵਿਖਾਇਆ ਤਾਂ ਸਰੀਰ ਸ਼ਬਦ ਦੇ ਪ੍ਰਤਾਪ ਅਤੇ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਸਦਕੇ ਠੀਕ ਹੋ ਚੁੱਕਾ ਸੀ। ਉਹ ਆਪਣੀ ਇਹ ਹਾਲਤ ਦੇਖ ਹੈਰਾਨ ਹੋ ਗਿਆ ਤੇ ਗੁਰੂ ਜੀ ਦੇ ਚਰਨੀਂ ਡਿੱਗ ਪਿਆ। ਗੁਰੂ ਜੀ ਨੇ ਉਸਨੂੰ ਗੱਲ ਨਾਲ ਲਾਇਆ ਤੇ ਕਿਹਾ ਪਰਮਾਤਮਾ ਦਾ ਸਿਮਰਨ ਕਰਿਆ ਕਰ, ਫਿਰ ਕੋਈ ਦੁੱਖ ਨੇੜੇ ਨਹੀਂ ਆਉਂਦਾ। ਤਾਂ ਫਿਰ ਇਹ ਕੋਹੜੀ ਜਿੱਥੇ ਆਪ ਰਾਜ਼ੀ (ਠੀਕ) ਹੋਇਆ ਉੱਥੇ ਹੋਰ ਆਏ ਗਏ ਰਾਹੀ ਅਤੇ ਨਗਰ ਵਾਸੀਆਂ ਨੂੰ ਪ੍ਰਮੇਸ਼ਰ ਦੇ ਸਿਮਰਨ ਕਰਨ ਦੀ ਪ੍ਰੇਰਨਾ ਦੇਂਦਾ ਤੇ ਦੱਸਦਾ ਕਿ ਸਿਮਰਨ ਹੀ ਸਭ ਕੁਝ ਹੈ, ਜਿਸ ਸਦਕਾ ਸਾਡੇ ਮਨ ਅਤੇ ਤਨ ਦੇ ਦੁੱਖ ਤਕਲੀਫ ਠੀਕ ਹੁੰਦੇ ਹਨ। ਇਉਂ ਸਾਰਾ ਨਗਰ ਹੀ ਪ੍ਰਮੇਸ਼ਰ ਦੀ ਬੰਦਗੀ ਕਰਨ ਲੱਗਾ।

ਸਿੱਖਿਆ— ਗੁਰੂ ਸਾਹਿਬ ਜੀ ਦੀ ਨਦਰਿ ਵੱਡੇ ਤੋਂ ਵੱਡਾ ਰੋਗ ਵੀ ਪਲ ਵਿੱਚ ਰਾਜ਼ੀ ਕਰ ਸਕਦੀ ਹੈ।

## ਸਾਖੀ ਦੂਜੀ—ਖ਼ਾਲਸਾ ਪੰਥ ਦੀ ਸਾਜਨਾ

ਗੁਰੂ ਤੇਗ਼ ਬਹਾਦਰ ਜੀ ਦੇ ਦਿੱਲੀ ਵਿੱਚ ਸ਼ਹੀਦੀ ਦੇਣ ਪਿੱਛੋਂ ਗੁਰੂ ਨਾਨਕ ਦੇਵ ਜੀ ਦੇ ਘਰ ਦੀ ਸੋਭਾ ਦੇਸ਼ ਦੇ ਕੋਨੇ-ਕੋਨੇ ਤੱਕ ਫੈਲ ਗਈ। ਗੁਰੂ ਗੋਬਿੰਦ ਰਾਏ ਦੇ ਦਰਸ਼ਨ ਕਰਨ ਲਈ ਅਮੀਰ ਗ਼ਰੀਬ ਅਨੰਦਪੁਰ ਪੁੱਜਣ ਲੱਗੇ।

ਗੁਰੂ ਜੀ ਨੇ ਸਿੱਖਾਂ ਪਾਸੋਂ ਦਸਵੰਧ ਇਕੱਠਾ ਕਰਨ ਵਾਲੇ ਮਸੰਦ ਹਟਾ ਦਿੱਤੇ। ਸਿੱਖ ਸੰਗਤਾਂ ਆਪਣਾ ਦਸਵੰਧ ਆਪ ਆਨੰਦਪੁਰ ਲੈ ਕੇ ਪੁੱਜਣ ਲੱਗੀਆਂ। ਸੰਗਤਾਂ ਦਾ ਪਿਆਰ ਗੁਰੂ ਘਰ ਨਾਲ ਵੱਧ ਗਿਆ ਤੇ ਗੁਰੂ ਦੇ ਦਰਸ਼ਨ ਕਰਕੇ ਹੋਰ ਅਨੰਦ ਮਾਨਣ ਲੱਗੀਆਂ।

ਗੁਰੂ ਜੀ ਪਾਸ ਦਸਵੰਧ ਲੈ ਕੇ ਆਉਣ ਵਾਲੀਆਂ ਸੰਗਤਾਂ ਨੂੰ ਰਸਤੇ ਵਿੱਚ ਮੁਸਲਮਾਨਾਂ, ਰੰਘੜਾਂ, ਗੁਜਰਾਂ ਤੇ ਹੋਰ ਲੁਟੇਰਿਆਂ ਨੇ ਤੰਗ ਕਰਨਾ ਸ਼ੁਰੂ ਕਰ ਦਿੱਤਾ। ਰਸਤੇ ਦੀ ਲੁੱਟ-ਮਾਰ ਤੋਂ ਬੱਚਣ ਲਈ ਸੰਗਤਾਂ ਨੇ ਸ਼ਸਤਰ ਰੱਖਣੇ ਸ਼ੁਰੂ ਕਰ ਦਿੱਤੇ। ਲੋੜ ਪੈਣ ਉੱਪਰ ਉਨ੍ਹਾਂ ਦੀ ਵਰਤੋਂ ਭੀ ਕਰ ਲੈਂਦੀਆਂ। ਉਹ ਛੋਟੀਆਂ-ਛੋਟੀਆਂ ਝੜਪਾਂ ਸਹਿਮੀਆਂ ਹੋਇਆਂ ਜਾਤੀਆਂ ਦੇ ਜਾਗਣ ਦੀ ਬਹੁਤ ਵੱਡੀ ਗਵਾਹੀ ਸੀ। ਸਿੱਖ ਸੰਗਤਾਂ ਸ਼ਸਤਰ ਜ਼ਰੂਰ ਰੱਖਦੀਆਂ ਸਨ ਤੇ ਸ਼ਸਤਰ ਵਿਦਿਆ ਤੋਂ ਜਾਣੂ ਸਨ ਪਰ ਸ਼ਸਤਰਧਾਰੀ ਨਹੀਂ ਸਨ।

ਗੁਰੂ ਜੀ ਨੇ ਚੰਗਾ ਸਮਾਂ ਦੇਖ ਕੇ ਸਿੱਖਾਂ ਨੂੰ ਸ਼ਸਤਰਧਾਰੀ ਕਰਨ ਦਾ ਪ੍ਰੋਗਰਾਮ ਬਣਾਇਆ। ਉਨ੍ਹਾਂ ਸਿੱਖ ਸੰਗਤਾਂ ਨੂੰ 30 ਮਾਰਚ 1699 ਈ. ਨੂੰ ਵਿਸਾਖੀ ਵਾਲੇ ਦਿਨ ਅਨੰਦਪੁਰ ਇਕੱਠੇ ਹੋਣ ਲਈ ਸੱਦਾ-ਪੱਤਰ ਭੇਜੇ। ਆਸਾ ਦੀ ਵਾਰ ਦਾ ਕੀਰਤਨ ਸਮਾਪਤ ਹੋਣ ਉਪਰੰਤ ਗੁਰੂ ਜੀ ਦੀਵਾਨ ਵਿੱਚ ਇੱਕ ਚਮਕਦੀ ਸ੍ਰੀ ਸਾਹਿਬ (ਕ੍ਰਿਪਾਨ) ਲੈ ਕੇ ਹਾਜ਼ਰ ਹੋਏ। ਉਨ੍ਹਾਂ ਸੰਗਤ ਨੂੰ ਉਹ ਕ੍ਰਿਪਾਨ ਦਿਖਾਉਂਦੇ ਹੋਏ ਬੜੀ ਕੜਕਵੀਂ ਅਵਾਜ਼ ਵਿੱਚ ਕਿਹਾ, "ਸਾਨੂੰ ਇੱਕ ਸੀਸ ਦੀ ਲੋੜ ਹੈ। ਹੈ ਕੋਈ ਸਿੱਖ ਜਿਹੜਾ ਆਪਣੇ ਗੁਰੂ ਨੂੰ ਸੀਸ ਭੇਟ ਕਰ ਸਕੇ ? "

ਗੁਰੂ ਜੀ ਦੇ ਹੱਥ ਵਿੱਚ ਨੰਗੀ ਕ੍ਰਿਪਾਨ ਦੇਖ ਕੇ ਤੇ ਇੱਕ ਸੀਸ ਦੀ ਮੰਗ ਦੇ ਡਰ ਨਾਲ ਸੰਗਤ ਸਹਿਮ ਗਈ। ਸਾਰੇ ਪਾਸੇ ਚੁੱਪ ਛਾ ਗਈ। ਤੀਸਰੀ ਵਾਰੀ ਆਵਾਜ਼ ਦੇਣ ਉੱਪਰ ਭਾਈ ਦਇਆ ਰਾਮ ਲਾਹੌਰ ਦੇ ਖੱਤਰੀ ਨੇ ਉੱਠ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ, ਇਹ ਤਨ ਮਨ ਸਭ ਆਪ ਦਾ ਹੈ ਤੇ ਆਪ ਅੱਗੇ ਹਾਜ਼ਰ ਹੈ। ਮੈਂ ਆਪ ਦੀ ਪਹਿਲੀ ਆਵਾਜ਼ ਉੱਪਰ ਹਾਜ਼ਰ ਨਾ ਹੋਣ ਦੀ ਮੁਆਫੀ ਮੰਗਦਾ ਹਾਂ।"

ਗੁਰੂ ਜੀ ਨੇ ਫਿਰ ਦੀਵਾਨ ਵਿੱਚ ਹਾਜ਼ਰ ਹੋ ਕੇ ਇੱਕ ਹੋਰ ਸੀਸ ਦੀ ਮੰਗ ਕੀਤੀ। ਇਸ ਵਾਰੀ ਭਾਈ ਧਰਮ ਦਾਸ ਦਿੱਲੀ ਦੇ ਜੱਟ ਨੇ ਆਪਣਾ ਸੀਸ ਭੇਟ ਕੀਤਾ। ਇਸ ਤਰ੍ਹਾਂ ਤਿੰਨ ਹੋਰ ਸਿੱਖਾਂ ਜਗਨਨਾਥ ਪੁਰੀ, ਉੜੀਸਾ ਦੇ ਭਾਈ ਹਿੰਮਤਰਾਏ ਝਿਊਰ, ਦੁਆਰਕਾ, ਗੁਜਰਾਤ ਦੇ ਭਾਈ ਮੋਹਕਮ ਚੰਦ ਛੀਂਬੇ ਅਤੇ ਆਂਧਰਾ ਪ੍ਰਦੇਸ਼ ਬਿਦਰ ਦੇ ਭਾਈ ਸਾਹਿਬ ਚੰਦ ਨੇ ਸੀਸ ਭੇਟ ਕੀਤੇ। ਉਨ੍ਹਾਂ ਪੰਜਾਂ ਸਿਖਾਂ ਨੂੰ ਮੁੜ ਜੀਵਨ ਦੇਂਦੇ ਹੋਏ ਸੁਰਜੀਤ ਕੀਤਾ, ਸੁੰਦਰ ਬਸਤਰ ਤੇ ਸ਼ਸਤਰ ਧਾਰਨ ਕਰਾਕੇ ਪੰਜ ਕਕਾਰ ਬਖਸ਼ਿਸ਼ ਕਰਕੇ ਸੰਗਤਾਂ ਵਿੱਚ ਬਿਠਾਲ ਦਿੱਤਾ।

ਫਿਰ ਗੁਰੂ ਜੀ ਨੇ ਇੱਕ ਸਰਬ ਲੋਹੇ ਦੇ ਬਾਟੇ ਵਿੱਚ ਸਤਲੁਜ ਦਾ ਜਲ ਤੇ ਪਤਾਸੇ ਪਾਏ। ਗੁਰੂ ਜੀ ਤੇ ਪੰਜ ਪਿਆਰੇ ਉਸ ਬਾਟੇ ਦੇ ਦੁਆਲੇ ਬੈਠ ਗਏ। ਇੱਕ ਖੰਡਾ ਲੈ ਕੇ ਗੁਰੂ ਜੀ ਨੇ ਉਸ ਬਾਟੇ ਦੇ ਜਲ ਨੂੰ ਹਿਲਾਉਣਾ ਸ਼ੁਰੂ ਕੀਤਾ ਤੇ ਪੰਜ ਬਾਣੀਆਂ ਜਪੁ ਜੀ ਸਾਹਿਬ, ਜਾਪ ਸਾਹਿਬ 'ਤ੍ਵਪ੍ਰਸਾਦਿ ਸ੍ਵਯੇ, (ਸ੍ਰਾਵਗ ਸੁੱਧ ਸਮੂਹ ਸਿਧਾਨ ਵਾਲੇ) ਚੌਪਈ ਸਾਹਿਬ ਤੇ ਅਨੰਦ ਸਾਹਿਬ ਦਾ ਪਾਠ ਕਰਨਾ ਆਰੰਭ ਕੀਤਾ।

ਪਾਠ ਦੇ ਭੋਗ ਪੈਣ ਉੱਪਰ ਗੁਰੂ ਜੀ ਨੇ ਅਰਦਾਸ ਕਰਕੇ ਕਿਹਾ "ਇਹ ਹੁਣ ਅੰਮ੍ਰਿਤ ਤਿਆਰ ਹੋ ਗਿਆ ਹੈ। ਇਸ ਅੰਮ੍ਰਿਤ ਨਾਲ ਖ਼ਾਲਸਾ ਤਿਆਰ ਕੀਤਾ ਜਾਵੇਗਾ। ਖ਼ਾਲਸਾ ਵਾਹਿਗੁਰੂ ਦੀ ਫ਼ੌਜ ਹੋਵੇਗੀ। ਖ਼ਾਲਸਾ ਜ਼ੁਲਮ ਦਾ ਨਾਸ਼ ਕਰੇਗਾ।"

ਖੰਡੇ ਤੇ ਬਾਣੀ ਨਾਲ ਤਿਆਰ ਕੀਤਾ ਅੰਮ੍ਰਿਤ ਪੰਜ ਪਿਆਰਿਆਂ ਨੂੰ ਛਕਾਇਆ ਗਿਆ। ਉਨ੍ਹਾਂ ਦੇ ਕੇਸਾਂ, ਦਸਵੇਂ ਦੁਆਰ ਤੇ ਅੱਖਾਂ ਵਿੱਚ ਅੰਮ੍ਰਿਤ ਦੇ ਛਿੱਟੇ ਮਾਰੇ ਗਏ। ਪੰਜ ਪਿਆਰਿਆਂ ਦੇ ਅੰਮ੍ਰਿਤ ਛਕਣ ਉੱਪਰ ਖ਼ਾਲਸੇ ਦੀ ਸਾਜਨਾ ਹੋ ਗਈ।

ਗੁਰੂ ਜੀ ਨੇ ਖ਼ਾਲਸੇ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਭੀ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਖ਼ਾਲਸਾ ਬਣਾ ਲਿਆ ਜਾਵੇ। ਗੁਰੂ ਗੋਬਿੰਦ ਰਾਏ ਅੰਮ੍ਰਿਤ ਪਾਨ ਕਰਕੇ ਗੁਰੂ ਗੋਬਿੰਦ ਸਿੰਘ ਬਣ ਗਏ।

ਗੁਰੂ ਜੀ ਨੇ ਸਿੱਖਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਸਿੰਘ ਬਣਾ ਦਿੱਤਾ ਤੇ ਭੈਣਾਂ ਅਤੇ ਬੀਬੀਆਂ ਨੂੰ ਕੌਰ ਦੀ ਪਦਵੀ ਦੇ ਦਿੱਤੀ। ਬ੍ਰਾਹਮਣਾਂ ਦੇ ਬਣਾਏ ਹੋਏ ਚਾਰੇ ਵਰਨਾਂ ਦਾ ਮੱਤਭੇਦ ਖ਼ਤਮ ਕਰ ਦਿੱਤਾ। ਇਸ ਲਈ ਸਿਖਾਂ ਵਿੱਚੋਂ ਉਚ-ਨੀਚ ਜਾਤ-ਪਾਤ ਖ਼ਤਮ ਹੋ ਗਈ। ਸਾਰੇ ਸਿੰਘ ਭਰਾ-ਭਰਾ ਹੋ ਗਏ। ਸਿੰਘਾਂ ਦੇ ਮਨਾਂ ਵਿੱਚੋਂ ਹਉਮੈ ਦੀ ਮੈਲ ਕੱਢ ਕੇ ਖ਼ਾਲਸਾ ਬਣਾ ਦਿੱਤਾ।

ਗੁਰੂ ਜੀ ਨੇ ਪੰਜ ਕਕਾਰ : ਕੇਸ, ਕੰਘਾ, ਕੜਾ, ਕ੍ਰਿਪਾਨ ਤੇ ਕਛਹਿਰਾ ਸਿੰਘਾਂ ਨੂੰ ਆਪਣੇ ਤਨ 'ਤੇ ਸਦਾ ਲਈ ਸਜਾਏ ਰੱਖਣ ਦਾ ਆਦੇਸ਼ ਦਿੱਤਾ। ਚਾਰ ਕੁਰਹਿਤਾਂ ਤੋਂ ਦੂਰ ਰਹਿਣ ਦੀ ਤਾਕੀਦ ਕੀਤੀ।

ਸਿੱਖਿਆ — ਜੋ ਪੰਥ ਗੁਰੂ ਗੋਬਿੰਦ ਸਿੰਘ ਜੀ ਨੇ ਸਾਜਿਆ ਅਸੀਂ ਵੀਂ ਉਸ ਵਿੱਚ ਸ਼ਾਮਿਲ ਹੋਏ ਹਾਂ ਕਿ ਨਹੀਂ ?

# ਸਾਖੀ ਤੀਜੀ—ਭਾਈ ਕਟਾਰੂ ਜੀ ਦੀ ਸਾਖੀ

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇੱਕ ਸਿੱਖ ਭਾਈ ਕਟਾਰੂ ਹੋਇਆ ਹੈ, ਜੋ ਕਿ ਪਾਕਿਸਤਾਨ ਗਜ਼ਨੀ ਸ਼ਹਿਰ ਵਿੱਚ ਰਹਿੰਦਾ ਸੀ। ਉਦੋਂ ਜੋ ਰਾਸ਼ਨ ਡਿਪੂ ਹੁੰਦੇ ਸਨ, ਸਾਰਾ ਚਾਰਜ ਉਸ ਸਮੇਂ ਸੂਬੇਦਾਰ ਕੋਲ ਹੁੰਦਾ ਸੀ ਇਹ ਭਾਈ ਕਟਾਰੂ ਸੂਬੇਦਾਰ ਕੋਲ ਧੜਵਈ ਦੀ ਨੌਕਰੀ ਕਰਦਾ ਸੀ, ਲੋਕਾਂ ਨੂੰ ਰਾਸ਼ਨ ਦਿੰਦਾ ਸੀ ਤੇ ਗੁਰੂ ਅਰਜਨ ਦੇਵ ਜੀ ਤੋਂ ਚਰਨ ਪਾਹੁਲ ਪ੍ਰਾਪਤ ਕਰਕੇ ਗੁਰਮੰਤਰ ਦੀ ਦਾਤ ਲੈ ਕੇ ਸਿੱਖ ਸਜਿਆ ਸੀ। ਗੁਰੂ ਅਰਜਨ ਦੇਵ ਜੀ ਨੇ ਜਦੋਂ ਸਿੱਖੀ ਦਿੱਤੀ ਤੇ ਪੁੱਛਿਆ, "ਕੀ ਕੰਮ ਕਰਦਾ ਹੈਂ ?" "ਜੀ! ਧੜਵਈ

ਦੀ ਨੌਂਕਰੀ।” ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਕਟਾਰੂ ਜੀ ਨੂੰ ਸਿੱਖੀ ਕਮਾਉਣ ਵਾਸਤੇ ਪੰਜ ਬਚਨ ਦਿੱਤੇ —

1. ਘੱਟ ਨਹੀਂ ਤੋਲਣਾ।

2. ਦਸਵੰਧ ਜ਼ਰੂਰ ਕੱਢਣਾ ਹੈ।

3. ਅੰਮ੍ਰਿਤ ਵੇਲੇ ਉੱਠ ਕੇ ਜਪੁਜੀ ਸਾਹਿਬ ਦਾ ਪਾਠ ਕਰਕੇ ਕੁਝ ਛਕਣਾ ਹੈ।

4. ਕੰਮ-ਕਾਰ ਕਰਦਿਆਂ ਵਾਹਿਗੁਰੂ ਸ਼ਬਦ ਦੀ ਕਮਾਈ ਕਰਨੀ ਹੈ।

5. ਕਿਸੇ ਦਾ ਜਾਣ ਬੁੱਝ ਕੇ ਦਿਲ ਨਹੀਂ ਦੁਖਾਣਾ।

ਇਸ ਨੇ ਸਾਰੇ ਬਚਨ ਮੰਨੇ। ਇਲਾਕੇ ਵਿੱਚ ਬੜੀ ਸੋਭਾ ਹੋ ਗਈ। ਜਦੋਂ ਇਲਾਕੇ ਵਿੱਚ ਸੋਭਾ ਹੋ ਗਈ ਤੇ ਜਿਨ੍ਹਾਂ ਕੋਲ ਸੋਭਾ ਬਰਦਾਸ਼ਤ ਨਹੀਂ ਸੀ ਹੁੰਦੀ ਉਹ ਕਹਿੰਦੇ ਹਨ ਕਿ ਕਿਹੜਾ ਕੰਮ ਕਰੀਏ ਕਿ ਭਾਈ ਕਟਾਰੂ ਨੂੰ ਬਦਨਾਮ ਕਰੀਏ। ਅੱਠ ਕੁ ਬੰਦੇ ਉਨ੍ਹਾਂ ਦੀ ਦੁਕਾਨ ਤੇ ਆਏ। ਤਿੰਨ ਚਾਰਾਂ ਨੇ ਗੱਲੀਂ ਲਗਾ ਲਿਆ ਤੇ ਤਿੰਨਾਂ-ਚਾਰਾਂ ਨੇ ਉਨ੍ਹਾਂ ਦੇ ਪੰਜ-ਸੱਤ ਵੱਟੇ ਬਦਲਾ ਦਿੱਤੇ। ਜਿਨ੍ਹਾਂ ਨਾਲ ਤੋਲ ਕਰਕੇ ਲੋਕਾਂ ਨੂੰ ਰਾਸ਼ਨ ਦੇਂਦਾ ਸੀ, ਈਰਖਾ ਕਰਣ ਵਾਲਿਆਂ ਨੇ ਘੱਟ ਤੋਲ ਵਾਲੇ ਵੱਟੇ ਇਸ ਦੀ ਦੁਕਾਨ ਤੇ ਰੱਖ ਦਿੱਤੇ, ਨਾਲ ਹੀ ਮਹਿਕਮੇ ਨੂੰ ਸ਼ਿਕਾਇਤ ਕੀਤੀ, ਇਸ ਨੂੰ ਛਾਪਾ ਮਾਰੋ, ਘੱਟ ਤੋਲਦਾ ਹੈ। ਮਹਿਕਮੇ ਵਾਲੇ ਆ ਗਏ, ਆ ਕੇ ਕਹਿੰਦੇ, “ਭਾਈ ਕਟਾਰੂ,” ਤੇਰੇ ਵਿਰੁੱਧ ਸ਼ਿਕਾਇਤ ਆਈ ਹੈ, ਤੂੰ ਘੱਟ ਤੋਲਦਾ ਹੈਂ। ਤੇਰੇ ਵੱਟੇ ਚੈੱਕ ਕਰਨੇ ਹਨ। ਜਦੋਂ ਉਨ੍ਹਾਂ ਕਿਹਾ ਕਿ ਵੱਟੇ ਚੈੱਕ ਕਰਨੇ ਹਨ ਤੇ ਉਦੋਂ ਨਿਗ੍ਹਾ ਗਈ ਕਿ ਪੰਜ-ਸੱਤ ਵੱਟੇ ਮੇਰੇ ਨਹੀਂ। ਮਹਿਕਮੇ ਵਾਲੇ ਕਹਿੰਦੇ, “ਵੱਟੇ ਚੈੱਕ ਕਰਵਾ।” ਭਾਈ ਕਟਾਰੂ ਕੀ ਕਹਿੰਦਾ ਹੈ, ਮਹਿਕਮੇ ਵਾਲਿਆਂ ਨੂੰ ਕਿ ਤੁਸੀਂ ਵੱਟੇ ਚੈੱਕ ਕਰੋ, ਮੈਨੂੰ ਆਪਣਾ ਕੰਮ ਕਰਨ ਦਿਓ। ਆਪਣਾ ਕੰਮ ਕਿਹੜਾ ਸੀ? ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਦਾ ਧਿਆਨ ਧਰ ਕੇ ਭਾਈ ਕਟਾਰੂ ਜੀ ਨੇ ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਆਰੰਭ ਕਰ ਦਿੱਤਾ ਤੇ ਮਨ ਨਾਲ ਅੰਦਰੋਂ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ। ਕਿਉਂਕਿ ਪਾਵਨ ਬਾਣੀ ਵਿੱਚ ਜ਼ਿਕਰ ਆਉਂਦਾ ਹੈ ਕਿ ਕੋਈ ਭਉਜਲ ਆਵੇ ਤਾਂ ਸਿੱਖ ਬਾਣੀ ਪੜ੍ਹਕੇ ਅਰਦਾਸ ਕਰੇ —

ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥

(ਪਉੜੀ, ਵਾਰ ਗੁਜਰੀ ਮਃ ੫, ਅੰਗ ੫੧੯)

ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਬੈਠੇ ਸਨ। ਇੱਕ ਸਿੱਖ ਨੇ ਮਸਨੂਰੀ ਟਕਾ ਮੱਥਾ ਟੇਕਿਆ, ਜੋ ਦਰਸ਼ਨ ਕਰਨ ਵਾਸਤੇ ਆਇਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਉਹ ਟਕਾ ਲੈ ਕੇ ਕਦੀ ਖੱਬੀ ਤਲੀ ਰੱਖਦੇ ਹਨ, ਕਦੀ ਸੱਜੀ। ਕਦੀ ਖੱਬੀ, ਕਦੀ ਸੱਜੀ। ਸੇਵਾਦਾਰ ਕਹਿੰਦਾ ਹੈ, ਮਹਾਰਾਜ ਕੀ ਕਰ ਰਹੇ ਹੋ? ਸੰਗਤਾਂ ਮੋਹਰਾਂ, ਸੋਨਾ, ਚਾਂਦੀ, ਕੀਮਤੀ ਵਸਤੂਆਂ ਚੜ੍ਹਾ ਜਾਂਦੀਆਂ ਹਨ, ਸੇਵਾਦਾਰ ਨੂੰ ਕਹਿੰਦੇ ਹੋ, ਖ਼ਜ਼ਾਨੇ ਵਿੱਚ ਪਾ

ਦੇ। ਅੱਜ ਟਕਾ ਲੈ ਕੇ ਕਦੀ ਸੱਜੀ ਤਲੀ, ਕਦੀ ਖੱਬੀ ਤਲੀ। ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ, "ਮੈਂ ਕੀ ਕਰਾਂ ? ਗ਼ਜ਼ਨੀ ਵਿੱਚ ਮੇਰੇ ਸਿੱਖ ਭਾਈ ਕਟਾਰੂ ਦੇ ਵਿਰੋਧੀਆਂ ਨੇ ਵੱਟੇ ਬਦਲਾ ਦਿੱਤੇ ਹਨ। ਮਹਿਕਮੇ ਵਾਲੇ ਚੈਕ ਕਰ ਰਹੇ ਨੇ। ਮੇਰਾ ਸਿੱਖ ਸ੍ਰੀ ਜਪੁਜੀ ਸਾਹਿਬ ਨਾਲ ਜੁੜ ਦੇ ਅਰਦਾਸ ਕਰ ਰਿਹਾ ਹੈ।" ਸੇਵਾਦਾਰ ਕਹਿੰਦਾ ਹੈ, ਮਹਾਰਾਜ, ਟਕੇ ਨੂੰ ਕੀ ਕਰਦੇ ਪਏ ਹੋ ? ਕਦੀ ਸੱਜੀ ਤਲੀ, ਕਦੀ ਖੱਬੀ ਤਲੀ। ਗੁਰੂ ਅਰਜਨ ਦੇਵ ਜੀ ਕਹਿੰਦੇ, ਜਪੁਜੀ ਸਾਹਿਬ ਦੇ ਪਾਠ ਅਤੇ ਅਰਦਾਸ ਸਦਕੇ ਉਸ ਦੀ ਚਿੰਤਾ ਮੇਰੇ ਕੋਲ ਆ ਗਈ ਹੈ। ਜਦੋਂ ਮਹਿਕਮੇ ਵਾਲੇ ਹਲਕੇ ਵਜ਼ਨ ਦਾ ਵੱਟਾ ਸੱਜੇ ਛਾਬੇ ਵਿੱਚ ਪਾਉਂਦੇ ਹਨ, ਮੈਂ ਟਕਾ ਸੱਜੀ ਤਲੀ 'ਤੇ ਲੈ ਆਉਂਦਾ ਹਾਂ, ਜਦੋਂ ਉਹ ਖੱਬੇ ਛਾਬੇ ਵਿੱਚ ਪਾਉਂਦੇ ਹਨ, ਮੈਂ ਖੱਬੀ ਤਲੀ 'ਤੇ ਲੈ ਆਉਂਦਾ ਹਾਂ। ਮੇਰੇ ਸਿੱਖ ਦੇ ਵੱਟਿਆਂ ਵਿੱਚ ਫਰਕ ਨਾ ਪੈ ਜਾਵੇ। ਇਸ ਤਰ੍ਹਾਂ ਗੁਰੂ ਜੀ ਨੇ ਅੰਮ੍ਰਿਤਸਰ ਵਿੱਚ ਬੈਠਿਆਂ ਗਜ਼ਨੀ ਵਿੱਚ ਬੈਠੇ ਆਪਣੇ ਸਿੱਖ ਦੀ ਪੈਜ ਰੱਖੀ।

ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ
ਜਿਥੈ ਕਿਥੈ ਮੈਨੋ ਲਈ ਛਡਾਈ॥

(ਅੰਗ ੫੯੮)

ਸਿੱਖਿਆ — ਇਹ ਹਨ ਗੁਰੂ ਅਰਜਨ ਦੇਵ ਜੀ ਮਹਾਰਾਜ ਜਿਥੇ ਚਾਹੁੰਣ ਆਪਣੇ ਸਿੱਖ ਦੀ ਰਾਖੀ ਕਰ ਸਕਦੇ ਹਨ। ਸਾਨੂੰ ਸਿਰਫ਼ ਸਿਮਰਨ ਬਾਣੀ ਦਾ ਆਸਰਾ ਲੈ ਕੇ ਅਰਦਾਸ ਵਿੱਚ ਜੁੜਨ ਦੀ ਲੋੜ ਹੈ, ਗੁਰੂ ਸਾਹਿਬ ਅੰਗ-ਸੰਗ ਹੋ ਕੇ ਸਹਾਈ ਹੁੰਦੇ ਹਨ। ਕਿਸੇ ਬਿਪਤਾ ਵੇਲੇ ਚਿੰਤਾ ਹੀ ਕਰਨ ਨਾਲ ਮਸਲਾ ਹੱਲ ਨਹੀਂ ਹੁੰਦਾ ਚਿੰਤਾ ਨੂੰ ਚਿੰਤਨ ਬਣਾਈਏ ਤਾਂ ਚਿੰਤਾ ਗੁਰੂ ਸਾਹਿਬ ਆਪਣੇ ਤੇ ਲੈ ਲੈਂਦੇ ਹਨ।

# ਸਾਖੀ ਚੌਥੀ—ਭਾਈ ਜੋਗਾ ਸਿੰਘ ਜੀ

ਇਕ ਸਮੇਂ ਪਿਸ਼ੌਰ ਦੀਆਂ ਸੰਗਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਸਾਹਿਬ ਆਈਆਂ। ਉਨ੍ਹਾਂ ਸੰਗਤਾਂ ਵਿੱਚ ਇੱਕ ਤੇਰਾਂ/ਚੌਦਾਂ ਸਾਲਾਂ ਦਾ ਨੌਜਵਾਨ ਸੀ। ਉਹ ਨੌਜਵਾਨ ਆਪਣੀ ਉਮਰ ਨਾਲੋਂ ਵੱਧ ਚੁਸਤ ਨਜ਼ਰ ਆਉਂਦਾ ਸੀ। ਜਦੋਂ ਉਹ ਗੁਰੂ ਜੀ ਦੇ ਚਰਨੀਂ ਸੀਸ ਨਿਵਾ ਰਿਹਾ ਸੀ ਤਾਂ ਗੁਰੂ ਜੀ ਨੇ ਉਸ ਨੂੰ ਸਵਾਲ ਕੀਤਾ, "ਭਾਈ ਸਿੱਖਾ। ਤੇਰਾ ਨਾਂ ਕੀ ਏ ? " ਉਸ ਨੇ ਉੱਤਰ ਦਿੱਤਾ, "ਸੱਚੇ ਪਾਤਸ਼ਾਹ, ਮੇਰਾ ਨਾਂ ਜੋਗਾ ਹੈ।"

ਗੁਰੂ ਜੀ ਨੇ ਫਿਰ ਸਵਾਲ ਕੀਤਾ, "ਭਾਈ, ਕਿਸ ਜੋਗਾ ?"

ਉਸ ਨੌਜਵਾਨ ਨੇ ਬੜੀ ਫੁਰਤੀ ਨਾਲ ਉੱਤਰ ਦਿੱਤਾ, "ਸੱਚੇ ਪਿਤਾ, ਆਪ ਜੋਗਾ।"

ਸਤਿਗੁਰਾਂ ਉਸ ਨੂੰ ਕਿਹਾ, "ਅੱਛਾ ਭਾਈ ਜੋਗੇ, ਅੱਜ ਤੋਂ ਤੂੰ ਸਾਡੇ ਜੋਗਾ ਤੇ ਅਸੀਂ ਤੇਰੇ ਜੋਗੇ।"

ਭਾਈ ਜੋਗੇ ਨੇ ਗੁਰੂ ਜੀ ਦੇ ਬਚਨ ਸੁਣ ਕੇ ਆਪਣੇ ਮਾਤਾ ਪਿਤਾ ਪਾਸੋਂ ਗੁਰੂ ਘਰ ਵਿੱਚ ਰਹਿਣ ਦੀ ਪ੍ਰਵਾਨਗੀ ਲੈ ਲਈ। ਜੋਗੇ ਦੇ ਮਾਤਾ ਪਿਤਾ ਉਸ ਨੂੰ ਗੁਰੂ ਪਾਸ ਛੱਡ ਕੇ ਵਾਪਸ ਪਿਸ਼ੌਰ ਚਲੇ ਗਏ। ਜੋਗੇ ਨੇ ਉਸ ਦਿਨ ਤੋਂ ਹੀ ਸੰਗਤ ਦੀ ਤਨ ਮਨ ਨਾਲ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਉਸ ਨੇ ਅੰਮ੍ਰਿਤ ਛੱਕ ਲਿਆ ਤੇ ਜੋਗੇ ਤੋਂ ਜੋਗਾ ਸਿੰਘ ਬਣ ਗਿਆ।

ਉਸ ਦੇ ਮਾਤਾ ਪਿਤਾ ਨੇ ਉਸ ਦੀ ਇੱਕ ਲੜਕੀ ਨਾਲ ਮੰਗਣੀ ਕਰ ਦਿੱਤੀ। ਵਿਆਹ ਦੇ ਯੋਗ ਹੋਣ ਉੱਪਰ, ਵਿਆਹ ਦੀ ਤਾਰੀਖ ਪੱਕੀ ਕਰਕੇ, ਉਸ ਦੇ ਮਾਤਾ ਪਿਤਾ ਉਸ ਨੂੰ ਅਨੰਦਪੁਰ ਸਾਹਿਬ ਤੋਂ ਲੈਣ ਆ ਗਏ। ਪਿਤਾ ਦੇ ਕਹਿਣ ਉੱਪਰ, ਭਾਈ ਜੋਗਾ ਸਿੰਘ ਨੇ ਗੁਰੂ ਜੀ ਪਾਸੋਂ ਜਾਣ ਦੀ ਆਗਿਆ ਮੰਗੀ।

ਗੁਰੂ ਜੀ ਨੇ ਉਸ ਨੂੰ ਕਿਹਾ, "ਭਾਈ ਜੋਗਾ ਸਿੰਘ, ਤੂੰ ਬੜੀ ਖ਼ੁਸ਼ੀ ਨਾਲ ਵਿਆਹ ਕਰਵਾਉਣ ਲਈ ਪਿਸ਼ੌਰ ਆਪਣੇ ਮਾਤਾ-ਪਿਤਾ ਨਾਲ ਜਾ ਸਕਦਾ ਹੈਂ ਪਰ ਇੱਕ ਸ਼ਰਤ ਹੈ, ਜਦੋਂ ਅਸੀਂ ਯਾਦ ਕਰੀਏ ਤਾਂ ਤੂੰ ਸਾਰੇ ਕੰਮ-ਕਾਰ ਛੱਡ ਕੇ ਤੁਰੰਤ ਸਾਡੇ ਪਾਸੇ ਹਾਜ਼ਰ ਹੋਵੀਂ।"

ਭਾਈ ਜੋਗਾ ਸਿੰਘ ਨੇ ਉੱਤਰ ਦਿੱਤਾ, "ਹਾਂ ਜੀ, ਇਸ ਤਰ੍ਹਾਂ ਹੀ ਹੋਵੇਗਾ।" ਇਹ ਕਹਿ ਕੇ ਉਸ ਨੇ ਗੁਰੂ ਜੀ ਦੇ ਚਰਨੀਂ ਹੱਥ ਲਗਾਏ ਤੇ ਮਾਤਾ ਪਿਤਾ ਦੇ ਨਾਲ ਚਲਾ ਗਿਆ। ਵਿਆਹ ਦਾ ਸ਼ੁਭ ਦਿਨ ਆਉਣ ਉੱਪਰ ਉਸ ਦੇ ਵਿਆਹ ਦੀ ਰਸਮ ਸ਼ੁਰੂ ਹੋ ਗਈ। ਏਸੇ ਦੋਰਾਨ ਹੀ ਇੱਕ ਸਿੰਘ ਨੇ ਭਾਈ ਜੋਗਾ ਸਿੰਘ ਨੂੰ ਇੱਕ ਪੱਤਰ ਹੱਥ ਫੜਾ ਦਿੱਤਾ ਜਿਸ ਵਿੱਚ ਗੁਰੂ ਜੀ ਦਾ ਹੁਕਮ ਲਿਖਿਆ ਸੀ, ਭਾਈ ਜੋਗਾ ਸਿੰਘ ਨੇ ਉਸ ਪੱਤਰ ਨੂੰ ਖੋਲ੍ਹ ਕੇ ਪੜ੍ਹਿਆ ਤਾਂ ਉਸ ਵਿੱਚ ਲਿਖਿਆ ਸੀ, "ਇਸ ਨੂੰ ਪੜ੍ਹਦੇ ਸਾਰ ਸਾਡੇ ਪਾਸ ਅਨੰਦਪੁਰ ਸਾਹਿਬ ਹਾਜ਼ਰ ਹੋ।"

ਭਾਈ ਜੋਗੇ ਨੇ ਘਰ ਦੀਆਂ ਨੂੰ ਕਿਹਾ, "ਮੇਰੇ ਗੁਰੂ ਨੇ ਮੈਨੂੰ ਸਾਰੇ ਕੰਮ-ਕਾਰ ਛੱਡ ਕੇ ਆਉਣ ਲਈ ਲਿਖਿਆ ਹੈ, ਸੋ ਮੇਰਾ ਜਾਣਾ ਹੀ ਬਣਦਾ ਹੈ।" ਉਸ ਨੇ ਘੋੜੇ ਉੱਪਰ ਛਾਲ ਮਾਰੀ ਤੇ ਅਨੰਦਪੁਰ ਸਾਹਿਬ ਵੱਲ ਚੱਲ ਪਿਆ।

ਭਾਈ ਜੋਗਾ ਸਿੰਘ ਨੂੰ ਹੁਸ਼ਿਆਰਪੁਰ ਪੁੱਜਣ ਤੱਕ ਸ਼ਾਮਾਂ ਪੈ ਗਈਆਂ। ਉਸ ਦੇ ਮਨ

ਵਿੱਚ ਆਇਆ, "ਕੀ ਉਸ ਵਰਗਾ ਵੀ ਕੋਈ ਗੁਰੂ ਦਾ ਸਿੱਖ ਹੋ ਸਕਦਾ ਹੈ ਜਿਹੜਾ ਆਪਣਾ ਵਿਆਹ ਵਿਚਾਲੇ ਹੀ ਛੱਡ ਕੇ ਗੁਰੂ ਦੇ ਹੁਕਮ ਦੀ ਪਾਲਣਾ ਕਰਦਾ ਹੋਵੇ ?" ਉਸ ਨੂੰ ਆਪਣੇ ਆਪ ਉੱਪਰ ਮਾਣ ਹੋ ਗਿਆ। ਹੁਸ਼ਿਆਰਪੁਰ ਵਿੱਚ ਰਾਤ ਪੈਣ ਕਰਕੇ ਭਾਈ ਜੋਗਾ ਸਿੰਘ ਨੇ ਉਥੇ ਰੁਕਣ ਦਾ ਫੈਸਲਾ ਕੀਤਾ ਉਸ ਬਜ਼ਾਰ ਵਿੱਚ ਇਕ ਵੇਸਵਾ ਦਾ ਕੋਠਾ ਵੀ ਸੀ-ਜਿੱਥੇ ਨਾਚ ਗਾਣਾ ਹੋ ਰਿਹਾ ਸੀ। ਬੁਧੀ ਤੇ ਹਉਮੇਂ ਦਾ ਪਰਦਾ ਪੈਣ ਕਰਕੇ ਜੋਗਾ ਸਿੰਘ ਦੇ ਮਨ ਦੇ ਅੰਦਰ ਗਲਤ ਫੁਰਨੇ ਬਨਣੇ ਸ਼ੁਰੂ ਹੋ ਗਏ ਜਿਸ ਦੇ ਨਾਲ ਉਸਦੇ ਕਦਮ ਵੇਸਵਾ ਦੇ ਕੋਠੇ ਵਲ ਵਧਣ ਲੱਗੇ। ਪਰ ਘੱਟ-ਘੱਟ ਵਿੱਚ ਵੱਸਣ ਵਾਲੇ ਦਾਤੇ ਧੰਨ ਗੁਰੂ ਗੋਬਿੰਦ ਸਿੰਘ ਜੀ ਇੱਕ ਸਿੰਘ ਦਾ ਭੇਸ ਬਣਾ ਕੇ ਵੇਸਵਾ ਦੇ ਦੁਆਰੇ ਜਾ ਕੇ ਪੌੜੀ ਦੇ ਦਰਵਾਜ਼ੇ ਆਣ ਖਲੋਤੇ। ਭਾਈ ਜੋਗਾ ਸਿੰਘ ਨੇ ਦੇਖਿਆ ਕਿ ਇਕ ਸਿੰਘ ਉਸ ਵੇਸਵਾ ਦੇ ਦਰਵਾਜ਼ੇ ਅੱਗੇ ਖੜਾ ਹੈ। ਜਦੋਂ ਉਹ ਪਾਸੇ ਚਲਿਆ ਜਾਵੇਗਾ ਤਾਂ ਮੈਂ ਅੰਦਰ ਜਾਵਾਂਗਾ। ਇਹ ਸੋਚ ਕੇ ਉਹ ਪਿੱਛੇ ਮੁੜ ਗਿਆ।

ਕੁਝ ਦੇਰ ਪਿੱਛੋਂ ਫਿਰ ਉਹ ਵੇਸਵਾ ਦੇ ਦਰਵਾਜ਼ੇ ਵੱਲ ਆਇਆ ਤਾਂ ਕੀ ਦੇਖਦਾ ਹੈ ਕਿ ਸਿੰਘ ਅਜੇ ਵੀ ਖੜਾ ਹੈ। ਉਸ ਨੂੰ ਦੇਖ ਕੇ ਜੋਗਾ ਸਿੰਘ ਫਿਰ ਮੁੜ ਗਿਆ। ਇਸ ਤਰ੍ਹਾਂ ਭਾਈ ਜੋਗਾ ਸਿੰਘ ਸਾਰੀ ਰਾਤ ਉਸ ਵੇਸਵਾ ਦੇ ਦਰਵਾਜ਼ੇ ਵੱਲ ਚੱਕਰ ਮਾਰਦਾ ਰਿਹਾ ਪਰ ਹਰ ਵਾਰੀ ਉਹ ਸਿੰਘ ਨੂੰ ਦਰਵਾਜ਼ੇ ਅੱਗੇ ਖੜ੍ਹਾ ਦੇਖ ਕੇ ਮੁੜ ਜਾਂਦਾ ਰਿਹਾ। ਇਸ ਤਰ੍ਹਾਂ ਸਾਰੀ ਰਾਤ ਉਸ ਨੇ ਚੱਕਰਾਂ ਵਿੱਚ ਗੁਜ਼ਾਰ ਦਿੱਤੀ।

ਅੰਮ੍ਰਿਤ ਵੇਲੇ ਜਦੋਂ ਜੋਗਾ ਸਿੰਘ ਫਿਰ ਦੇਖਣ ਆਇਆਂ ਤਾਂ ਸਿੰਘ ਨੇ ਉਸ ਨੂੰ ਕਿਹਾ, "ਭਾਈ ਜੋਗਾ ਸਿੰਘ, ਅੰਮ੍ਰਿਤ ਵੇਲਾ ਹੋ ਗਿਆ ਹੈ। ਜਾਹ ਇਸ਼ਨਾਨ ਕਰ ਤੇ ਉਸ ਮਾਲਕ ਦਾ ਨਾਮ ਜਪ।"

ਇਹ ਸੁਣ ਕੇ ਭਾਈ ਜੋਗਾ ਸਿੰਘ ਨੂੰ ਗਿਆਨ ਹੋਇਆ ਕਿ ਉਹ ਸਾਰੀ ਰਾਤ ਕਿਹੜੇ ਭੈੜੇ ਕੰਮ ਦੀ ਦਲੀਲ ਕਰਦਾ ਰਿਹਾ ਸੀ। ਫਿਰ ਜੋਗਾ ਸਿੰਘ ਨੇ ਉਸ ਖੜੇ ਸਿੰਘ ਨੂੰ ਪੁੱਛਿਆ, ਮੈਨੂੰ ਤਾਂ ਤੂੰ ਵੇਸਵਾ ਵੱਲ ਜਾਣ ਤੋਂ ਰੋਕਦਾ ਹੈਂ ਪਰ ਤੂੰ ਸਿੰਘਾ ਇੱਥੇ ਕਿਉਂ ਖੜਾ ਹੈਂ ? ਤਾਂ ਉਸ ਸਿੰਘ ਨੇ ਆਖਿਆ, ਮੈਂ ਤਾਂ ਕਿਸੇ ਦਾ ਖਲ੍ਹਾਰਿਆ ਖੜਾ ਬਚਨ ਪੂਰਾ ਕਰਦਾ ਹੋਇਆ ਡਿਊਟੀ ਦੇ ਰਿਹਾ ਹਾਂ। ਇਹ ਸੁਣ ਭਾਈ ਜੋਗਾ ਸਿੰਘ ਸ਼ਰਮਿੰਦਗੀ ਮਹਿਸੂਸ ਕਰਦਾ ਹੋਇਆ ਸਮਝ ਗਿਆ ਕਿ ਉਸ ਨੂੰ ਗੁਰੂ ਜੀ ਨੇ ਆਪ ਆ ਕੇ ਬਚਾ ਲਿਆ, ਨਹੀਂ ਤਾਂ ਉਹ ਗੁਰੂ ਜੀ ਨੂੰ ਮੂੰਹ ਦਿਖਾਉਣ ਜੋਗਾ ਨਾ ਰਹਿੰਦਾ। ਉਸ ਨੂੰ ਗੁਰੂ ਜੀ ਪਾਸ ਜਾਣ ਤੋਂ ਸ਼ਰਮ ਆਉਣ ਲੱਗੀ। ਗੁਰੂ ਤੋਂ ਬਿਨਾਂ ਉਸ ਪਾਸ ਹੋਰ ਕੋਈ ਠੌਹਰ ਵੀ ਨਹੀਂ ਸੀ ਜਿੱਥੇ ਉਹ ਜਾ ਸਕਦਾ। ਟੁੱਟੇ-ਭੱਜੇ ਦਿਲ ਨਾਲ ਉਹ ਅਨੰਦਪੁਰ ਦੀਵਾਨ

ਵਿੱਚ ਹਾਜ਼ਰ ਹੋ ਗਿਆ।

ਗੁਰੂ ਜੀ ਨੇ ਦੀਵਾਨ ਦੀ ਸਮਾਪਤੀ ਪਿੱਛੋਂ ਉਸ ਨੂੰ ਆਪਣੇ ਪਾਸ ਬੁਲਾਇਆ। ਪਿਸ਼ੌਰ ਦੀ ਕੁਰਬਾਨੀ ਦੀ ਸ਼ਾਬਾਸ਼ ਦਿੱਤੀ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਜੋਗਾ ਸਿੰਘ ਪੁੱਛਦਾ ਹੈ ਸਤਿਗੁਰੂ ਜੀ ਕੀ ਗਲ ਹੈ ਲਗਦਾ ਹੈ ਰਾਤ ਆਪ ਜੀ ਠੀਕ ਤਰ੍ਹਾਂ ਨਾਲ ਅਰਾਮ ਨਹੀਂ ਕਰ ਸਕੇ। ਸਤਿਗੁਰੂ ਜੀ ਕਹਿੰਦੇ ਜੋਗਾ ਸਿੰਘ ਜਗਾਵੇਂ ਵੀ ਆਪ ਤੇ ਪੁੱਛੇਂ ਵੀ ਆਪ। ਜੋਗਾ ਸਿੰਘ ਕਹਿੰਦਾ ਸਤਿਗੁਰੂ ਮੈਂ ਸਮਝਿਆ ਨਹੀਂ। ਸਤਿਗੁਰੂ ਜੀ ਕਹਿੰਦੇ "ਜੋਗਿਆ ਪੰਜਵੇਂ ਜਾਮੇ ਤੱਤੀ ਤਵੀ ਤੇ ਬੈਠੇ ਕੋਈ ਗੱਲ ਨਹੀਂ, ਨੌਵੇਂ ਜਾਮੇ ਸੀਸ ਦਿੱਤਾ ਕੋਈ ਗੱਲ ਨਹੀਂ ਪਰ ਨਹੀਂ ਪਤਾ ਸੀ ਕਿ ਸਿੱਖੀ ਖਾਤਰ ਦਸਵੇਂ ਜਾਮੇ ਵੇਸਵਾ ਦੇ ਦਰਵਾਜ਼ੇ ਤੇ ਪਹਿਰਾ ਦੇਣਾ ਪੈਣਾ ਹੈ।" ਇਹ ਸੁਣ ਜੋਗਾ ਸਿੰਘ ਦੇ ਕਪਾਟ ਖੁਲ੍ਹ ਗਏ, ਜੋ ਅਸੀਂ ਪੜ੍ਹਦੇ ਹਾਂ, 'ਸੋ ਸਤਿਗੁਰੁ ਪਿਆਰਾ ਮੇਰੇ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ' ਇਹ ਪ੍ਰਤੱਖ ਹੋ ਗਿਆ। ਜੋਗਾ ਸਿੰਘ ਸ਼ਰਮਿੰਦਗੀ ਮਹਿਸੂਸ ਕਰਦਾ ਹੋਇਆ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਤੇ ਮੁਆਫੀ ਮੰਗਣ ਲੱਗਾ। ਭਾਈ ਜੋਗਾ ਸਿੰਘ ਨੇ ਗੁਰੂ ਜੀ ਦੇ ਚਰਨਾਂ ਉੱਪਰ ਸੀਸ ਰੱਖ ਕੇ ਕਿਹਾ, "ਦਾਤਾ ਜੀ, ਆਪ ਬਖਸ਼ਣਹਾਰ ਹੋ, ਆਪਣੇ ਬੱਚੇ ਦੀਆਂ ਭੁੱਲਾਂ ਬਖਸ਼ ਦੇਣਾ ਜੀ, ਮੈਂ ਭੁੱਲ ਗਿਆ। ਜਿਸ ਵੇਲੇ ਪੰਜ ਪਿਆਰਿਆਂ ਨੇ ਮੈਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਸੀ ਤਾਂ ਚਾਰ ਕੁਰਹਿਤਾਂ ਵਿੱਚੋਂ ਤਾਕੀਦ ਕੀਤੀ ਸੀ ਪਰਾਇਆ ਸੰਗ ਨਹੀਂ ਕਰਨਾ, ਮੇਰੀ ਮੱਤ ਤੇ ਪੜਦਾ ਪੈ ਗਿਆ ਸੀ ਜੋ ਮੈਂ ਵੇਸਵਾ ਵੱਲ ਜਾਣਾ ਕੀਤਾ। ਸ਼ੁਕਰ ਹੈ ਆਪ ਜੀ ਨੇ ਕ੍ਰਿਪਾ ਕਰਕੇ ਮੇਰੀ ਲਾਜ ਰੱਖੀ। ਮੈਨੂੰ ਬਖਸ਼ ਦਿਉ ਜੀ।" ਸਤਿਗੁਰੂ ਜੀ ਨੇ ਜੋਗਾ ਸਿੰਘ ਨੂੰ ਅਸੀਸਾਂ ਦੇਂਦੇ ਹੋਏ ਬਖਸ਼ ਦਿੱਤਾ।

ਉਸ ਤੋਂ ਪਿੱਛੋਂ ਭਾਈ ਜੋਗਾ ਸਿੰਘ ਨੇ ਪੂਰਨ ਸਿੱਖ ਦੀ ਨਿਆਈਂ ਗੁਰੂ ਘਰ ਦੀ ਸੇਵਾ ਕਰਦੇ ਆਪਣੀ ਜ਼ਿੰਦਗੀ ਗੁਜ਼ਾਰੀ।

ਸਿੱਖਿਆ — ਜਿਹੜਾ ਗੁਰੂ ਦਾ ਬਣ ਜਾਵੇ ਗੁਰੂ ਜੀ ਵੀ ਉਸਨੂੰ ਆਪਣਾ ਬਣਾ ਲੈਂਦੇ ਹਨ ਤੇ ਜਿਸਨੂੰ ਆਪਣਾ ਬਣਾ ਲੈਣ ਉਸਨੂੰ ਗ਼ਲਤ ਪਾਸੇ ਨਹੀਂ ਜਾਣ ਦੇਂਦੇ ਤੇ ਹਰ ਥਾਂ ਪੈਜ ਸਵਾਰਦੇ ਹਨ।

# ਸਾਖੀ ਪੰਜਵੀਂ—ਧੰਨ ਧੰਨ ਬਾਬਾ ਦੀਪ ਸਿੰਘ ਜੀ

ਬਾਬਾ ਦੀਪ ਸਿੰਘ ਜੀ ਦਾ ਜਨਮ 14 ਮਾਘ ਸੰਨ 1682 ਈ. ਨੂੰ ਭਾਈ ਭਗਤੂ ਜੀ ਅਤੇ ਮਾਤਾ ਜੀਉਣੀ ਜੀ ਦੇ ਗ੍ਰਿਹਿ ਪਿੰਡ ਪਹੂਵਿੰਡ (ਭਿੱਖੀਵਿੰਡ ਦੇ ਨੇੜੇ) ਤਹਿਸੀਲ ਪੱਟੀ ਜ਼ਿਲ੍ਹਾ ਲਾਹੌਰ (ਹੁਣ ਅੰਮ੍ਰਿਤਸਰ) ਵਿਖੇ ਹੋਇਆ। ਜ਼ਿਮੀਂਦਾਰ ਪਰਵਾਰ ਹੋਣ ਕਰਕੇ ਆਪ ਜੀ ਦੀ ਪਾਲਣਾ ਬੜੇ ਚਾਵਾਂ ਨਾਲ ਹੋਈ ਤੇ ਆਪ ਜੁਆਨੀ ਵਿੱਚ ਬੜੇ ਤਕੜੇ-ਜੁਆਨ ਗੱਭਰੂ ਨਿਕਲੇ। ਆਪ ਆਪਣੇ ਮਾਤਾ-ਪਿਤਾ ਸਮੇਤ ਅਨੰਦਪੁਰ ਸਾਹਿਬ ਪਹੁੰਚੇ ਤੇ ਅੰਮ੍ਰਿਤ ਛਕ ਕੇ ਭਾਈ ਭਗਤ ਸਿੰਘ, ਮਾਤਾ ਜੀਊਣ ਕੌਰ ਤੇ ਦੀਪ ਸਿੰਘ ਬਣ ਗਏ। ਆਪ ਆਪਣੇ ਮਾਤਾ ਪਿਤਾ ਸਮੇਤ ਗੁਰੂ ਘਰ ਵਿੱਚ ਲੰਗਰ ਦੀ ਸੇਵਾ ਕਰਦੇ ਰਹੇ। (ਬਾਬਾ) ਦੀਪ ਸਿੰਘ ਜੀ ਆਪਣਾ ਮਨ ਪੂਰੀ ਤਰ੍ਹਾਂ ਕਲਗੀਧਰ ਪਾਤਸ਼ਾਹ ਦੇ ਚਰਨਾਂ ਵਿੱਚ ਅਰਪਿਤ ਕਰ ਚੁੱਕੇ ਸਨ। ਹਰ ਵੇਲੇ ਸੇਵਾ ਸਿਮਰਨ ਵਿੱਚ ਲੱਗੇ ਰਹਿੰਦੇ। ਇੱਕ ਦਿਨ ਆਪ ਦੀ ਮਾਤਾ ਜੀ ਨੇ ਕਿਹਾ, "ਪੁੱਤਰ ਘਰ ਚੱਲੀਏ, ਜਾ ਕੇ ਕੰਮ-ਕਾਰ ਸੰਭਾਲੀਏ" ਤਾਂ ਇਹਨਾਂ ਨੇ ਕਿਹਾ, "ਮਾਂ, ਮੇਰਾ ਦਿਲ ਘਰ ਜਾਣ ਨੂੰ ਨਹੀਂ ਕਰਦਾ ਬਲਕਿ ਇਥੇ ਹੀ ਰਹਿਣਾ ਚਾਹੁੰਦਾ ਹਾਂ।" ਮਾਂ, ਪੁੱਤਰ ਦੀ ਗੱਲਬਾਤ ਹੁੰਦੀ ਦੇਖ ਕੇ ਕਲਗੀਧਰ ਕੋਲ ਆ ਗਏ ਤਾਂ ਪੁੱਛਿਆ- "ਮਾਤਾ ਜੀ ਕੀ ਗੱਲ ਹੈ ?" ਤਾਂ ਆਪ ਦੀ ਮਾਤਾ ਜੀ ਨੇ ਕਿਹਾ ਕਿ "ਦੀਪ ਘਰ ਨਹੀਂ ਜਾਣਾ ਚਾਹੁੰਦਾ।" ਤਾਂ ਗੁਰੂ ਸਾਹਿਬ ਹੱਸ ਕੇ ਬੋਲੇ, "ਮਾਤਾ ਜੀ ਇਸ ਨੂੰ ਇੱਥੇ ਹੀ ਰਹਿਣ ਦਿਓ, ਇਸ ਦਾ ਨਾਮ ਦੀਪ ਹੈ ਇਸ ਨੇ ਅਜੇ ਕਈ ਬੁਝੇ ਦੀਪ ਜਗਾਉਣੇ ਹਨ।" ਮਾਤਾ ਪਿਤਾ ਸਤਿਗੁਰੂ ਤੋਂ ਆਗਿਆ ਲੈ ਕੇ ਵਾਪਸ ਆਪਣੇ ਪਿੰਡ ਆ ਗਏ। ਇੱਥੇ ਰਹਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਸੇਵਾ-ਸਿਮਰਨ ਕਰਦਿਆਂ ਅਰਬੀ, ਫ਼ਾਰਸੀ, ਸੰਸਕ੍ਰਿਤ ਤੇ ਗੁਰਮੁਖੀ ਦੀ ਚੋਖੀ ਵਿੱਦਿਆ ਗ੍ਰਹਿਣ ਕੀਤੀ ਅਤੇ ਸ਼ਸਤਰ ਵਿੱਦਿਆ ਵਿੱਚ ਵੀ ਨਿਪੁੰਨ ਹੋ ਗਏ। ਆਪ ਨਿਰਭੈ ਯੋਧੇ ਤੇ ਉੱਚ ਆਚਰਣ ਵਾਲੇ ਪੂਰਨ ਗੁਰਸਿੱਖ ਬਣ ਗਏ। ਅਨੰਦਪੁਰ ਸਾਹਿਬ ਦੇ ਸਾਰਿਆਂ ਯੁੱਧਾਂ ਵਿੱਚ ਆਪ ਬੜੀ ਬਹਾਦਰੀ ਤੇ ਬੀਰਤਾ ਨਾਲ ਲੜੇ। ਆਪਣੀ ਉੱਚ ਸ਼ਖਸੀਅਤ ਸਦਕਾ ਆਪ ਕਲਗੀਧਰ ਪਾਤਿਸ਼ਾਹ ਨੂੰ ਬਹੁਤ ਚੰਗੇ ਲੱਗਦੇ ਸਨ।

ਜਦੋਂ ਸਤਿਗੁਰੂ ਜੀ ਨੇ ਅਨੰਦਪੁਰ ਛੱਡਿਆ ਤਾਂ ਉਸ ਵੇਲੇ ਆਪ ਜੀ ਨੂੰ ਮੁੱਖੀ ਬਣਾ ਕੇ ਮਾਤਾ ਸੁੰਦਰ ਕੌਰ ਜੀ ਅਤੇ ਮਾਤਾ ਸਾਹਿਬ ਕੌਰ ਜੀ ਨਾਲ ਭਾਈ ਮਨੀ ਸਿੰਘ, ਧੰਨਾ ਸਿੰਘ ਤੇ ਜਵਾਹਰ ਸਿੰਘ ਦੇ ਨਾਲ ਦਿੱਲੀ ਵੱਲ ਭੇਜਿਆ। ਕੁਝ ਸਮਾਂ ਆਪ ਦਿੱਲੀ ਰਹੇ, ਫਿਰ ਆਪਣੇ ਪਿੰਡ ਪਹੂਵਿੰਡ ਆ ਗਏ। ਕਲਗੀਧਰ ਪਾਤਿਸ਼ਾਹ ਜੀ ਸਰਸਾ, ਚਮਕੌਰ, ਮਾਛੀਵਾੜੇ ਤੇ ਮੁਕਤਸਰ ਦੇ ਯੁੱਧ ਕਰਕੇ ਲੱਖੀ ਜੰਗਲ ਹੁੰਦਿਆਂ ਹੋਇਆਂ ਪਿੰਡ ਤਲਵੰਡੀ

ਸਾਬੋ ਕੀ ਪਹੁੰਚ ਗਏ। ਸਤਿਗੁਰੂ ਨੇ ਫਿਰ ਤੋਂ ਦੀਵਾਨ ਸਜਾਉਣੇ ਸ਼ੁਰੂ ਕਰ ਦਿੱਤੇ। ਸਤਿਗੁਰੂ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਲੈਣ ਲਈ ਸਿੰਘਾਂ ਨੂੰ ਧੀਰਮੱਲ ਕੋਲ ਕਰਤਾਰਪੁਰ ਭੇਜਿਆ। ਉਸ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦਾ ਸਰੂਪ ਦੇਣ ਤੋਂ ਇਨਕਾਰ ਕਰ ਦਿੱਤਾ। ਅਤੇ ਕਿਹਾ ਜੇ ਗੁਰੂ ਗੋਬਿੰਦ ਸਿੰਘ ਜੀ ਸਮਰੱਥ ਨੇ ਤਾਂ ਆਪ ਕਿਉਂ ਨਹੀਂ ਰਚਨਾ ਕਰ ਲੈਂਦੇ ? ਸਿੰਘ ਖ਼ਾਲੀ ਹੱਥ ਵਾਪਸ ਆ ਗਏ ਤੇ ਸਾਰਾ ਹਾਲ ਸੁਣਾਇਆ। ਭਾਈ ਮਨੀ ਸਿੰਘ ਜੀ ਵੀ ਦਿੱਲੀ ਤੋਂ ਆ ਚੁੱਕੇ ਸਨ। ਬਾਬਾ ਦੀਪ ਸਿੰਘ ਜੀ ਨੂੰ ਪਹੁਵਿੰਡੋਂ ਸੱਦਾ ਭੇਜ ਕੇ ਮੰਗਵਾਇਆ ਗਿਆ। ਸਤਿਗੁਰੂ ਜੀ ਇੱਕ ਨਿਵੇਕਲੀ ਜਗ੍ਹਾ ਤੇ ਤੰਬੂ ਲਵਾ ਕੇ ਪਾਵਨ ਸਰੂਪ ਦਾ ਹੂ-ਬ-ਹੂ ਉਚਾਰਨ ਕਰਦੇ ਰਹੇ ਤੇ ਭਾਈ ਮਨੀ ਸਿੰਘ ਜੀ ਲਿਖਦੇ ਰਹੇ। ਬਾਬਾ ਦੀਪ ਸਿੰਘ ਜੀ ਵੀ ਇਸ ਕਾਰਜ ਵਿੱਚ ਕਾਗਜ਼, ਕਲਮ, ਸਿਆਹੀ ਦੇ ਪ੍ਰਬੰਧ ਕਰਕੇ ਮਦਦ ਕਰਦੇ ਰਹੇ। ਇਵੇਂ ਪੂਰੇ ਕਾਰਜ ਹਿਤ 9 ਮਹੀਨੇ 9 ਦਿਨ 9 ਘੜੀਆਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਤਿਆਰ ਹੋ ਗਿਆ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਵੀ ਇਸ ਵਿੱਚ ਸ਼ਾਮਿਲ ਕੀਤਾ ਗਿਆ। ਜਿੱਥੇ ਇਹ ਸਰੂਪ ਲਿਖਿਆ, ਉਸ ਜਗ੍ਹਾ ਦਾ ਨਾਂਅ 'ਲਿਖਣ-ਸਰ' ਪੈ ਗਿਆ।

ਬਾਬਾ ਦੀਪ ਸਿੰਘ ਜੀ ਨੇ ਇਸ ਗ੍ਰੰਥ ਸਾਹਿਬ ਜੀ ਤੋਂ ਉਤਾਰਾ ਕਰਕੇ ਚਾਰ ਸਰੂਪ ਆਪਣੇ ਹੱਥੀਂ ਲਿਖ ਕੇ ਗੁਰੂ ਪੰਥ ਨੂੰ ਸੌਂਪੇ। ਇੱਕ ਸਰੂਪ ਸ੍ਰੀ ਅਕਾਲ ਤਖ਼ਤ ਸਾਹਿਬ ਹੈ, ਜਿਸ ਦੀ ਜਿਲਦ ਤੇ ਦੋ ਸੇਰ ਸੋਨਾ ਲੱਗਾ ਹੋਇਆ ਹੈ। ਦੂਜਾ ਸਰੂਪ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤੀਸਰਾ ਸਰੂਪ ਤਖ਼ਤ ਸ੍ਰੀ ਪਟਨਾ ਸਾਹਿਬ, ਚੌਥਾ ਸਰੂਪ ਤਖ਼ਤ ਸ੍ਰੀ ਅਬਚਲ ਨਗਰ (ਨੰਦੇੜ) ਦੱਖਣ ਹਜ਼ੂਰ ਸਾਹਿਬ ਵਿਖੇ ਅਸਥਾਪਿਤ ਹੈ। ਇੱਕ ਸਰੂਪ ਅਰਬੀ ਬੋਲੀ ਵਿੱਚ ਵੀ ਲਿਖ ਕੇ ਅਰਬ ਦੇਸ਼ ਵਿੱਚ ਭੇਜਿਆ। ਆਪ ਜੀ ਨੇ ਮਾਲਵੇ ਵਿੱਚ ਪਾਣੀ ਦੀ ਥੁੜ੍ਹ ਨੂੰ ਮੁੱਖ ਰੱਖਦਿਆਂ ਦਮਦਮੇ ਸਾਹਿਬ ਇੱਕ ਵੱਡਾ ਖੂਹ ਲਗਵਾਇਆ। ਬਾਬਾ ਜੀ ਜਿਸ ਕਲਮ ਨਾਲ ਗੁਰਬਾਣੀ ਲਿਖਦੇ ਸਨ, ਉਸ ਨੂੰ ਘੜਣ ਲਈ ਦੋਬਾਰਾ ਚਾਕੂ ਨਹੀਂ ਸਨ ਲਗਾਂਦੇ। ਉਸ ਕਲਮ ਦਾ ਏਨਾ ਸਤਿਕਾਰ ਕਰਦੇ ਸਨ ਕਿ ਉਸ ਨੇ ਮੇਰੇ ਮਾਲਕ ਦੇ ਬਚਨਾਂ ਨੂੰ ਲਿਖਿਆ ਹੈ, ਕਿੰਨਾ ਪ੍ਰੇਮ ਸੀ ਉਹਨਾਂ ਨੂੰ ਗੁਰਬਾਣੀ ਨਾਲ। ਸਤਿਗੁਰਾਂ ਦੇ ਜੋਤੀ-ਜੋਤ ਸਮਾਉਣ ਤੋਂ ਕੁਝ ਦੇਰ ਪਿੱਛੋਂ ਬੰਦਈ ਖਾਲਸਾ ਤੇ ਤੱਤ ਖਾਲਸਾ ਵਿੱਚ ਫੁੱਟ ਪੈਣ ਦਾ ਪਤਾ ਆਪ ਨੂੰ ਲੱਗਾ। ਆਪ ਨੇ ਭਾਈ ਮਨੀ ਸਿੰਘ ਜੀ ਨਾਲ ਵਿਚਾਰ ਕਰਕੇ ਦੋ ਚਿੱਠੀਆਂ ਲਿਖ ਕੇ ਹਰਿ ਕੀ ਪਉੜੀ (ਸ੍ਰੀ ਹਰਿਮੰਦਰ ਸਾਹਿਬ) ਸਰੋਵਰ ਵਿੱਚ ਰੱਖ ਦਿੱਤੀਆਂ। ਬੰਦਈ ਖਾਲਸੇ ਵਾਲੀ ਚਿੱਠੀ ਡੁੱਬ ਗਈ ਤੇ ਸਾਰਿਆਂ ਨੇ ਤੱਤ ਖਾਲਸਾ ਨੂੰ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਸੌਂਪੀ।

ਮੁਰਾਦ ਬੇਗਮ (ਮੀਰ ਮੰਨੂੰ ਦੀ ਔਰਤ) ਨੇ ਅਹਿਮਦ ਸ਼ਾਹ ਅਬਦਾਲੀ ਨੂੰ ਪੱਤਰ ਲਿਖ ਕੇ ਭਾਰਤ 'ਤੇ ਹਮਲਾ ਕਰਨ ਲਈ ਕਿਹਾ। ਅਬਦਾਲੀ ਨੇ ਇਕ ਲੱਖ ਤੋਂ ਵੱਧ ਫ਼ੌਜ ਲੈ ਕੇ ਹਮਲਾ ਕਰ ਦਿੱਤਾ। ਉਸ ਨੇ ਆਗਰਾ, ਮਥਰਾ ਤੇ ਬ੍ਰਿੰਦਾਬਨ ਦੇ ਕਈ ਮੰਦਰਾਂ ਨੂੰ

ਢਾਹਿਆ ਤੇ ਲੁੱਟਿਆ, ਸੋਨੇ-ਚਾਂਦੀ ਦੀਆਂ ਮੂਰਤੀਆਂ ਦੀ ਲੁੱਟ ਕੀਤੀ, ਕਤਲੇਆਮ ਕੀਤੀ, ਖ਼ੂਬਸੂਰਤ ਔਰਤਾਂ ਦੀ ਬੇਪਤੀ ਕੀਤੀ। ਭਾਰਤ ਦੀ ਅਣਖ ਤੇ ਗ਼ੈਰਤ ਨੂੰ ਮਿੱਟੀ ਵਿੱਚ ਮਿਲਾ ਕੇ, ਸੋਨੇ ਚਾਂਦੀ ਤੇ ਹੋਰ ਕੀਮਤੀ ਮਾਲ ਦੇ ਗੱਡੇ ਭਰ ਕੇ, ਸੁੰਦਰ ਔਰਤਾਂ ਨੂੰ ਕੈਦ ਕਰਕੇ ਆਪਣੇ ਨਾਲ ਵਾਪਸ ਲਿਜਾ ਰਿਹਾ ਸੀ। ਇਸ ਗੱਲ ਦਾ ਪਤਾ ਜੱਦ ਖਾਲਸੇ ਨੂੰ ਲੱਗਾ ਤਾਂ ਬਾਬਾ ਦੀਪ ਸਿੰਘ ਜੀ ਆਪ ਪੰਜ ਸੌ ਸਿੰਘਾਂ ਦਾ ਜੱਥਾ ਲੈ ਕੇ ਥਨੇਸਰ ਦੇ ਜੰਗਲਾਂ ਵਿੱਚ ਪੁੱਜ ਗਏ ਤੇ ਮਜ਼ਲੂਮਾਂ ਦੀ ਰੱਖਿਆ ਕਰਨ ਦਾ ਪ੍ਰਣ ਲਿਆ —

"ਖਾਲਸਾ ਸੋ ਜੋ ਚੜ੍ਹੇ ਤੁਰੰਗ।
ਖਾਲਸਾ ਸੋ ਜੋ ਕਰੇ ਨਿਤ ਜੰਗ।" (ਸਰਬ ਲੋਹ ਗ੍ਰੰਥ)

ਅਬਦਾਲੀ ਦੇ ਕਾਫ਼ਲੇ ਨੇ ਰਾਤ ਨੂੰ ਸ਼ਾਹਬਾਦ ਮਾਰਕੰਡਾ ਤੇ ਪਿਪਲੀ ਦੇ ਵਿਚਕਾਰ ਡੇਰਾ ਲਾਇਆ। ਸਿੰਘਾਂ ਨੇ ਬਾਬਾ ਦੀਪ ਸਿੰਘ ਜੀ ਦੀ ਅਗਵਾਈ ਵਿੱਚ ਫ਼ੌਜ 'ਤੇ ਹੱਲਾ ਬੋਲ ਦਿੱਤਾ। ਮਾਲ-ਧਨ ਲੁੱਟਿਆ, ਵਿਸ਼ੇ-ਵਿਕਾਰਾਂ ਦੀ ਪੂਰਤੀ ਹਿਤ ਗੁਲਾਮ ਬਣਾਈਆਂ ਮੁਟਿਆਰਾਂ ਨੂੰ ਛੁਡਾਇਆ ਤੇ ਸਭਨਾਂ ਦੇ ਨਾਂ-ਪਤਾ ਕਰਕੇ ਘਰੋ-ਘਰੀਂ ਪਹੁੰਚਾਇਆ।

ਬ੍ਰਹਮ ਗਿਆਨੀ ਅਨਾਥ ਕਾ ਨਾਥੁ॥
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ॥

(ਸ੍ਰੀ ਸੁਖਮਨੀ ਸਾਹਿਬ)

ਅਜਿਹੇ ਉੱਚੇ ਤੇ ਸੁੱਚੇ ਚਰਿੱਤਰ ਦੇ ਮਾਲਕ ਸਨ ਬਾਬਾ ਦੀਪ ਸਿੰਘ ਜੀ। ਜ਼ਾਲਮਾਂ ਦੇ ਖ਼ੂਨੀ ਪੰਜਿਆਂ ਵਿੱਚੋਂ ਆਜ਼ਾਦ ਹੋਈਆਂ ਬੱਚੀਆਂ ਨੇ ਖਾਲਸੇ ਨੂੰ ਲੱਖਾਂ ਅਸੀਸਾਂ ਦਿੱਤੀਆਂ। ਲਾਹੌਰ ਪੁੱਜ ਕੇ ਅਬਦਾਲੀ ਨੇ ਖਾਲਸੇ ਦੇ ਪਿਛੋਕੜ ਬਾਰੇ ਛਾਣਬੀਣ ਕੀਤੀ। ਇੱਕ ਮੁਤੱਸਬੀ ਕਾਜ਼ੀ ਨੇ ਸਿੱਖਾਂ ਪ੍ਰਤੀ ਬੜਾ ਕੁਫ਼ਰ ਤੋਲਿਆ। ਗਿਆਨੀ ਗਿਆਨ ਸਿੰਘ ਜੀ ਦੇ ਰਚੇ ਗ੍ਰੰਥ ਪੰਥ ਪ੍ਰਕਾਸ਼ ਵਿੱਚੋਂ ਇਸ ਦਾ ਹਵਾਲਾ ਮਿਲਦਾ ਹੈ —

ਵਲੀ ਇਨ ਕਾ ਅਜਬ ਭਯੋ ਹੈ।
ਇਨਕੋ ਆਬੇ-ਹਿਯਾਤ ਦਯੋ ਹੈ।
ਗ਼ਜ਼ਬ ਅਸਰ ਤਿਸ ਕਾ ਹਮ ਦੇਖਾ।
ਬੁਜ਼ਦਿਲ ਹੋਵਤ ਸਿੰਘ ਬਿਸੇਖਾ।
ਹਾੜ ਨ ਦਿਨ ਭਰ ਪੀਵਹਿ ਪਾਣੀ।
ਸਿਆਲ ਨ ਰਾਖਹਿ ਅਗਨ ਨੀਸਾਣੀ।
ਬੈਠਤ ਸੋਵਹਿ ਚਲਤੇ ਖਾਵਹਿ।
ਗ੍ਰਾਮ ਕਿਸੀ ਮੈ ਟਿਕਮ ਨਾ ਪਾਵਹਿ।

ਅਬਦਾਲੀ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਹੁਕਮ ਦਿੱਤਾ ਕਿ ਅੰਮ੍ਰਿਤ ਸਰੋਵਰ ਮਿੱਟੀ ਨਾਲ ਭਰ ਦਿਓ, ਹਰਿਮੰਦਰ ਨੂੰ ਨਸ਼ਟ ਕਰ ਦਿਉ, ਸਭ ਸਿੰਘਾਂ ਨੂੰ ਖ਼ਤਮ ਕੀਤਾ

ਜਾਵੇ। ਤੈਮੂਰ ਦੇ ਫ਼ੌਜੀ ਜਰਨੈਲ ਜਹਾਨ ਖ਼ਾਨ ਨੇ 30 ਹਜ਼ਾਰ ਦੀ ਫ਼ੌਜ ਨਾਲ ਲੈ ਕੇ ਅੰਮ੍ਰਿਤ ਸਰੋਵਰ ਨੂੰ ਪੂਰ ਦਿੱਤਾ, ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਬੇਪੱਤ ਕੀਤਾ ਗਿਆ। ਇਸ ਸਾਰੀ ਕਾਰਵਾਈ ਦਾ ਪਤਾ ਬਾਬਾ ਦੀਪ ਸਿੰਘ ਜੀ ਨੂੰ ਦਮਦਮਾ ਸਾਹਿਬ ਵਿਖੇ ਲੱਗਾ। ਖ਼ਬਰ ਸੁਣ ਕੇ ਆਪ ਬੀਰ ਰਸ ਵਿੱਚ ਆ ਗਏ ਤੇ ਕਲਮ ਛੱਡ ਕੇ ਕਮਰਕੱਸਾ ਕਰ ਲਿਆ ਤੇ ਖਾਲਸੇ ਨੂੰ ਸੂਚਨਾਵਾਂ ਭੇਜ ਦਿੱਤੀਆਂ ਕਿ ਹੁਣ ਸ਼ਹੀਦੀਆਂ ਦਾ ਸਮਾਂ ਆ ਗਿਆ ਹੈ। ਤਰਨ ਤਾਰਨ ਸਾਹਿਬ ਪਹੁੰਚ ਕੇ ਆਪ ਜੀ ਨੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਅਤੇ ਪ੍ਰਣ ਕੀਤਾ ਕਿ “ਹੇ ਸੱਚੇ ਪਾਤਸ਼ਾਹ ਆਪ ਦੀ ਮਿਹਰ ਸਦਕਾ ਯੁੱਧ ਕਰਨ ਜਾ ਰਹੇ ਹਾਂ, ਆਪ ਜੀ ਵੱਲੋਂ ਚਲਾਈ ਸ਼ਹੀਦੀ ਮਰਿਆਦਾ ਨੂੰ ਕਾਇਮ ਰੱਖਣ ਲਈ ਇਹੀ ਅਰਦਾਸ ਹੈ ਕਿ ਹਰਿਮੰਦਰ ਸਾਹਿਬ ਨੂੰ ਬੇਅਦਬੀ ਤੋਂ ਮੁਕਤ ਕਰਾ ਕੇ ਗੁਰੂ ਰਾਮਦਾਸ ਜੀ ਦੇ ਦਰ ’ਤੇ ਪਹੁੰਚ ਕੇ ਸ਼ਹੀਦ ਹੋਈਏ, ਆਪ ਸਹਾਈ ਹੋ ਕੇ ਰੱਛਿਆ ਕਰਨਾ ਤੇ ਬਲ ਬਖਸ਼ਣਾ।” ਤਰਨ ਤਾਰਨ ਤੋਂ ਬਾਹਰ ਆ ਕੇ ਆਪ ਜੀ ਨੇ ਇੱਕ ਲਕੀਰ ਖਿੱਚ ਦਿੱਤੀ ਤੇ ਕਿਹਾ ਕਿ ਜਿਸ ਨੇ ਧਰਮ ਹਿਤ ਸ਼ਹੀਦ ਹੋਣਾ ਹੈ ਉਹ ਲਕੀਰ ਟੱਪ ਕੇ ਆ ਜਾਉ, ਸਾਰੇ ਹੀ ਸਿੰਘ ਤਕਰੀਬਨ 10 ਹਜ਼ਾਰ ਲਕੀਰ ਪਾਰ ਕਰਕੇ ਬਾਬਾ ਜੀ ਪਾਸ ਆ ਗਏ।

“ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਅਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥”

(ਅੰਗ ੧੩੬੫)

ਗੋਲ੍ਹਵੜ ਦੇ ਟਿੱਬੇ ’ਤੇ 40 ਹਜ਼ਾਰ ਫ਼ੌਜ ਨਾਲ ਜਹਾਨ ਖ਼ਾਂ ਤੇ ਜ਼ਬਰਦਸਤ ਖ਼ਾਂ, ਰੁਸਤਮ ਖਾਂ, ਦੀਨਾ ਬੇਗ, ਗਾਜ਼ੀ ਖਾਂ ਵਰਗੇ ਸੈਨਾਪਤੀਆਂ ਨਾਲ ਮੋਰਚਾ ਲਾ ਲਿਆ। ਸੰਨ 1757 ਈ. ਨੂੰ ਦੋਹਾਂ ਫ਼ੌਜਾਂ ਦੀ ਟੱਕਰ ਇੱਥੇ ਹੋਈ। ਬਾਬਾ ਜੀ ਨਾਲ ਬਾਬਾ ਨੌਧ ਸਿੰਘ, ਭਾਈ ਦਿਆਲ ਸਿੰਘ, ਬਲਵੰਤ ਸਿੰਘ, ਬਸੰਤ ਸਿੰਘ ਤੇ ਹੋਰ ਕਈ ਮਹਾਨ ਯੋਧੇ ਸਨ। ਸਿੰਘਾਂ ਨੇ ਮੁਗ਼ਲ ਸੈਨਾ ਦੇ ਆਹੂ ਲਾਹੁਣੇ ਸ਼ੁਰੂ ਕਰ ਦਿੱਤੇ। ਭਾਈ ਦਿਆਲ ਸਿੰਘ ਨੇ ਮੋਰਚੇ ’ਤੇ ਕਬਜ਼ਾ ਕਰ ਲਿਆ। ਬਲਵੰਤ ਸਿੰਘ ਨੇ ਜ਼ਬਰਦਸਤ ਖ਼ਾਂ ਨੂੰ ਮਾਰ ਮੁਕਾਇਆ। ਬਾਬਾ ਨੌਧ ਸਿੰਘ ਤੇ ਬਲਵੰਤ ਸਿੰਘ ਕਈ ਵੈਰੀਆਂ ਨੂੰ ਮੁਕਾਉਂਦੇ ਹੋਏ ਸ਼ਹੀਦ ਹੋ ਚੁੱਕੇ ਸਨ। ਜਹਾਨ ਖ਼ਾਂ ਬਾਬਾ ਦੀਪ ਸਿੰਘ ਜੀ ਵੱਲ ਵਧਿਆ। ਬਾਬਾ ਜੀ ਦੇ ਹੱਥ ੧੮ ਸੇਰ ਦਾ ਦੋ-ਧਾਰਾ ਖੰਡਾ ਸੀ। ਦੋਹਾਂ ਵੱਲੋਂ ਸਾਂਝਾ ਵਾਰ ਹੋਇਆ ਤੇ ਦੋਹਾਂ ਦੇ ਸਿਰ ਲੱਥ ਗਏ। ਇੱਕ ਸਿੰਘ ਨੇ ਬਾਬਾ ਦੀਪ ਸਿੰਘ ਜੀ ਨੂੰ ਆਖਿਆ, “ਆਪ ਜੀ ਨੇ ਸੁਧਾਸਰ (ਅੰਮ੍ਰਿਤਸਰ) ਪੁੱਜ ਕੇ ਸ਼ਹੀਦ ਹੋਣ ਦਾ ਪ੍ਰਣ ਕੀਤਾ ਸੀ, ਪਰ ਉਹ ਤਾਂ ਅਜੇ ਤਿੰਨ ਕੁ ਮੀਲ ਹੈ,” ਇਤਨੇ ਬਚਨ ਸੁਣਦਿਆਂ ਹੀ ਵਾਹਿਗੁਰੂ ਦੀ ਮਿਹਰ ਸਦਕਾ ਸੀਸ ਅਤੇ ਧੜ ਵਿੱਚ ਹਰਕਤ ਹੋਈ, ਬਾਬਾ ਜੀ ਖੜੇ ਹੋ ਗਏ ਤੇ ਸੀਸ ਖੱਬੇ ਹੱਥ ਦੀ ਤਲੀ ’ਤੇ ਧਰ ਲਿਆ ਤੇ ਆਪਣੀ ਅਰਦਾਸ ਪੁਗਾਉਣ

ਲਈ ਚਾਲੇ ਪਾ ਦਿੱਤੇ।

"ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥"

(ਅੰਗ ੮੧੯)

ਗੁਰੂ ਰਾਮਦਾਸ ਜੀ ਨੇ ਆਪ ਇਹ ਅਲੌਕਿਕ ਖੇਡ ਵਰਤਾ ਕੇ ਆਪਣੇ ਪਿਆਰੇ ਭਗਤ ਦਾ ਪ੍ਰਣ ਪੂਰਾ ਕੀਤਾ। ਬਾਬਾ ਦੀਪ ਸਿੰਘ ਜੀ ਨੇ ਇੱਕ ਹੱਥ ਖੰਡਾ, ਦੂਜੇ ਹੱਥ ਸੀਸ ਫੜ ਕੇ ਦੁਸ਼ਮਣਾਂ ਦੇ ਆਹੂ ਲਾਉਂਦੇ ਹੋਏ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਕੇ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਆਪਣਾ ਸੀਸ ਭੇਟ ਕੀਤਾ ਤੇ ਸ਼ਹਿਦ ਹੋ ਗਏ। ਜਿਸ ਜਗ੍ਹਾ 'ਤੇ ਬਾਬਾ ਜੀ ਦਾ ਸੀਸ ਲੱਥਾ ਉਹ ਚੱਬੇ ਦੇ ਕੋਲ ਹੈ, ਉਸ ਗੁਰਦੁਆਰੇ ਦਾ ਨਾਮ ਟਾਹਲਾ ਸਾਹਿਬ ਹੈ। ਜਿੱਥੇ ਬਾਬਾ ਜੀ ਦੇ ਸਰੀਰ ਦਾ ਸੰਸਕਾਰ ਕੀਤਾ ਗਿਆ, ਉੱਥੇ ਹੁਣ ਗੁ: ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਹੈ।

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥

(ਧਨਾਸਰੀ ਮ: ੫, ਅੰਗ ੬੧੯)

ਸਿੱਖਿਆ — ਬਾਬਾ ਦੀਪ ਸਿੰਘ ਜੀ ਵਰਗਾ ਸਚਾ ਸੁੱਚਾ ਜੀਵਨ, ਨਾਮ ਵਾਲਾ ਜੀਵਨ, ਬੰਦਗੀ ਵਾਲਾ ਜੀਵਨ, ਕਿਨਕਾ ਕੁ ਸਾਨੂੰ ਵੀ ਪ੍ਰਾਪਤ ਹੋਵੇ।

# ਸਾਖੀ ਛੇਵੀਂ—ਸਾਹਿਬਜ਼ਾਦਾ ਅਜੀਤ ਸਿੰਘ ਜੀ

ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਵੱਡੇ ਸਾਹਿਬਜ਼ਾਦੇ ਸਨ। ਬਾਬਾ ਅਜੀਤ ਸਿੰਘ ਦਾ ਜਨਮ ਸੰਨ 1686 ਈ. ਨੂੰ ਪਾਉਂਟਾ ਸਾਹਿਬ ਵਿਖੇ ਮਾਤਾ ਸੁੰਦਰੀ ਜੀ ਦੀ ਕੁੱਖ ਤੋਂ ਹੋਇਆ। ਬਾਬਾ ਜੁਝਾਰ ਸਿੰਘ ਜੀ ਦਾ ਜਨਮ ਸੰਨ 1690 ਈ. ਨੂੰ ਆਨੰਦਪੁਰ ਸਾਹਿਬ ਵਿਖੇ ਹੋਇਆ। ਸਾਹਿਬਜ਼ਾਦਿਆਂ ਦੀ ਸਿਖਲਾਈ ਪੜ੍ਹਾਈ ਗੁਰੂ ਜੀ ਦੀ ਨਿਗਰਾਨੀ ਹੇਠ ਹੋਈ। ਘੋੜ-ਸਵਾਰੀ, ਸ਼ਸਤ੍ਰ-ਵਿੱਦਿਆ, ਤੀਰ-ਅੰਦਾਜ਼ੀ ਵਿੱਚ ਸਾਹਿਬਜ਼ਾਦਿਆਂ ਨੂੰ ਨਿਪੁੰਨ ਕਰ ਦਿੱਤਾ ਗਿਆ।

ਇੱਕ ਵਾਰ ਅਨੰਦਪੁਰ ਸਾਹਿਬ ਵਿਖੇ ਦੀਵਾਨ ਸਜਿਆ ਹੋਇਆ ਸੀ, ਕਿ ਇੱਕ ਬ੍ਰਾਹਮਣ ਜਿਸ ਦਾ ਨਾਮ ਦੇਵਦਾਸ ਸੀ, ਰੋਂਦਾ-ਕੁਰਲਾਂਦਾ ਦੀਵਾਨ ਵਿੱਚ ਪੁੱਜਿਆ। ਇਹ ਹੁਸ਼ਿਆਰਪੁਰ ਦੇ ਨੇੜੇ ਦੇ ਇੱਕ ਪਿੰਡ ਦਾ ਰਹਿਣ ਵਾਲਾ ਸੀ। ਗੁਰੂ ਜੀ ਨੇ ਬ੍ਰਾਹਮਣ ਨੂੰ ਚੁੱਪ ਕਰਾ ਕੇ ਰੋਣ ਦਾ ਕਾਰਨ ਪੁੱਛਿਆ। ਬ੍ਰਾਹਮਣ ਕਹਿਣ ਲੱਗਾ, "ਮੈਂ ਮੁਕਲਾਵਾ ਲੈ

ਕੇ ਆ ਰਿਹਾ ਸੀ ਕਿ ਮੇਰੀ ਘਰ ਵਾਲੀ ਬ੍ਰਾਹਮਣੀ, ਪਠਾਣਾਂ ਨੇ ਖੋਹ ਲਈ ਹੈ। ਮੈਂ ਬਹੁਤ ਚੀਕ-ਪੁਕਾਰ ਕੀਤੀ ਪਰ ਮੇਰੀ ਕਿਸੇ ਨਾ ਸੁਣੀ। ਉਹਨਾਂ ਮੈਨੂੰ ਫੜ ਕੇ ਬਹੁਤ ਮਾਰਿਆ ਤੇ ਮੇਰੀ ਘਰ ਵਾਲੀ ਖੋਹ ਕੇ ਚਲਦੇ ਬਣੇ। ਹੁਣ ਮੈਂ ਆਪ ਜੀ ਦੀ ਸ਼ਰਨ ਆਇਆ ਹਾਂ। ਮੇਰੀ ਸਹਾਇਤਾ ਕਰੋ ਤੇ ਮੇਰੀ ਇਸਤਰੀ ਮੈਨੂੰ ਵਾਪਸ ਦਿਵਾਉ।"

ਗੁਰੂ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਹੁਕਮ ਦਿੱਤਾ ਕਿ ਬੱਸੀ ਦੇ ਪਠਾਣ ਜ਼ਾਬਰ ਖ਼ਾਂ ਨੇ ਇਸ ਬ੍ਰਾਹਮਣ ਦੀ ਘਰ ਵਾਲੀ ਖੋਹ ਲਈ। ਤੁਸੀਂ ਸਿੰਘਾਂ ਨੂੰ ਲੈ ਕੇ ਜਾਉ ਤੇ ਬਿਜਲੀ ਦੀ ਫੁਰਤੀ ਵਾਂਗੂੰ ਬ੍ਰਾਹਮਣੀ ਨੂੰ ਛੁਡਾ ਕੇ ਇਸ ਦੇ ਹਵਾਲੇ ਕਰੋ। ਜਾਬਰ ਖ਼ਾਂ ਨੂੰ ਉਸ ਦੇ ਕੀਤੇ ਦੀ ਕਰੜੀ ਸਜ਼ਾ ਦਿਉ।

ਸਾਹਿਬਜ਼ਾਦਾ ਅਜੀਤ ਸਿੰਘ ਨੇ 100 ਸਿੰਘਾਂ ਨੂੰ ਨਾਲ ਲਿਆ ਤੇ ਬ੍ਰਾਹਮਣ ਨੂੰ ਆਪਣੇ ਘੋੜੇ 'ਤੇ ਬਿਠਾ ਲਿਆ। ਅਜੇ ਦਿਨ ਨਹੀਂ ਸੀ ਚੜ੍ਹਿਆ ਕਿ ਬਸੀ ਪਠਾਣਾਂ 'ਤੇ ਜਾ ਪਏ। ਹਵੇਲੀ ਦਾ ਬੂਹਾ ਤੋੜ ਕੇ ਅੰਦਰ ਲੰਘ ਗਏ। ਪਠਾਣਾਂ ਨੇ ਸਿੱਖਾਂ ਨੂੰ ਅੰਦਰ ਆਉਂਦਿਆਂ ਵੇਖ, "ਸਿੱਖ ਆ ਗਏ। ਸਿੱਖ ਆ ਗਏ!!" ਦਾ ਰੌਲਾ ਪਾ ਦਿੱਤਾ। ਕਿਸੇ ਪਠਾਣ ਦਾ ਹੌਂਸਲਾ ਨਹੀਂ ਸੀ ਪੈ ਰਿਹਾ ਕਿ ਸਿੱਖਾਂ ਨਾਲ ਟੱਕਰ ਲੈ ਸਕੇ। ਜਾਬਰ ਖ਼ਾਂ ਅੰਦਰਲੇ ਕਮਰੇ ਵਿੱਚ ਲੁਕਿਆ ਹੋਇਆ ਸੀ। ਸਿੱਖਾਂ ਨੇ ਘਬਰਾਏ ਹੋਏ ਜਾਬਰ ਖ਼ਾਂ ਨੂੰ ਜਾ ਪਕੜਿਆ। ਬ੍ਰਾਹਮਣ ਨੇ ਦੋਸ਼ੀ ਜਾਬਰ ਖ਼ਾਂ ਨੂੰ ਪਛਾਣ ਲਿਆ ਸੀ। ਬ੍ਰਾਹਮਣੀ ਨੂੰ ਵੀ ਅੰਦਰੋਂ ਲੱਭ ਕੇ ਬ੍ਰਾਹਮਣ ਦੇ ਹਵਾਲੇ ਕੀਤਾ। ਜਾਬਰ ਖ਼ਾਂ ਪਠਾਣ ਨੂੰ ਬੰਨ੍ਹ ਕੇ ਘੋੜੇ 'ਤੇ ਬਿਠਾ ਕੇ ਬ੍ਰਾਹਮਣੀ ਸਮੇਤ ਅਨੰਦਪੁਰ ਸਾਹਿਬ ਪਹੁੰਚੇ। ਬ੍ਰਾਹਮਣੀ, ਬ੍ਰਾਹਮਣ ਦੇ ਸਪੁਰਦ ਕੀਤੀ ਤੇ ਜਾਬਰ ਖ਼ਾਂ ਦੇ ਨੀਚ ਕਰਮਾਂ ਦੀ ਕਰੜੀ ਸਜ਼ਾ ਉਸ ਨੂੰ ਦਿੱਤੀ ਗਈ। ਗੁਰੂ ਜੀ ਸਾਹਿਬਜ਼ਾਦਾ ਅਜੀਤ ਸਿੰਘ ਦੇ ਇਸ ਕਾਰਨਾਮੇ 'ਤੇ ਬਹੁਤ ਖ਼ੁਸ਼ ਹੋਏ।

> ਸਿੱਖਿਆ — ਜੇ ਤੇਰੇ ਕੋਲ ਬਲ ਹੈ ਨਿਰਧਨ ਦੀ ਮਦਦ ਕਰ, ਰਸਨਾ ਕਰਕੇ ਵੀ ਨਿਰਧਨ ਨੂੰ ਪਿਆਰ ਨਾਲ ਬੋਲ, ਗੁਣਾਂ ਕਰਕੇ ਵੀ ਨਿਰਧਨ ਨੂੰ ਗੁਣ ਦੇ।

## ਸਾਖੀ ਸਤਵੀਂ—ਮਾਤਾ ਕੌਲਾਂ ਜੀ

ਮਾਤਾ ਕੌਲਾਂ ਜੀ ਲਾਹੌਰ ਮੁਝੰਗ ਨਿਵਾਸੀ ਕਾਜ਼ੀ ਰੁਸਤਮ ਖ਼ਾਂ ਦੀ ਪੁੱਤਰੀ ਸਨ। ਇਸੇ ਪਿੰਡ ਵਿੱਚ ਪੂਰਨ ਸੂਫ਼ੀ ਸੰਤ ਸਾਈਂ ਮੀਆਂ ਮੀਰ ਜੀ ਦਾ ਵੀ ਨਿਵਾਸ ਸੀ। ਮਾਤਾ ਕੌਲਾਂ ਜੀ ਨੂੰ ਸਾਈਂ ਮੀਆਂ ਮੀਰ ਜੀ ਦੀ ਸੰਗਤ ਕਰਦੇ ਹੋਏ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਜਿਸ ਦਾ ਸਦਕਾ ਆਪ ਜੀ ਨੂੰ ਗੁਰਬਾਣੀ

ਨਾਲ ਅਥਾਹ ਪ੍ਰੇਮ ਹੋ ਗਿਆ। ਮਾਤਾ ਕੌਲਾਂ ਜੀ ਦਿਨ ਰਾਤ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਪਾਵਨ ਬਾਣੀ ਸ੍ਰੀ ਸੁਖਮਨੀ ਸਾਹਿਬ ਪੜ੍ਹਦੇ ਰਹਿੰਦੇ ਸਨ। ਗੁਰਬਾਣੀ ਅਤੇ ਗੁਰ ਘਰ ਨਾਲ ਜੁੜਦਿਆਂ ਦੇਖ ਕਾਜ਼ੀ ਨੇ ਮੌਤ ਦਾ ਫਤਵਾ ਦੇ ਦਿੱਤਾ। ਸਾਈਂ ਮੀਆਂ ਮੀਰ ਜੀ ਨੂੰ ਇਸ ਫਤਵੇ ਬਾਰੇ ਪਤਾ ਲੱਗਣ ਤੇ ਆਪਣੇ ਚੇਲੇ ਅਬਦੁਲਾ ਸ਼ਾਹ ਨਾਲ ਮਾਤਾ ਕੌਲਾਂ ਜੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ਼ਰਨ ਵਿੱਚ ਭੇਜ ਦਿੱਤਾ। ਨਿਆਸਰਿਆਂ ਦੇ ਆਸਰਾ ਗੁਰੂ ਜੀ ਨੇ ਗੁਰੂ ਘਰ ਵੱਲ ਮਾਤਾ ਕੌਲਾਂ ਜੀ ਦਾ ਪੂਰਨ ਪ੍ਰੇਮ ਵੇਖਦੇ ਹੋਏ ਅੰਮ੍ਰਿਤਸਰ ਤੇ ਉਸ ਅਸਥਾਨ ਜਿਸ ਦਾ ਪੁਰਾਤਨ ਨਾਮ "ਫੂਲਾਂ ਦੀ ਢਾਬ" ਸੀ। ਇਸ ਵੇਲੇ ਜਿੱਥੇ ਗੁਰਦੁਆਰਾ ਤੇ ਸਰੋਵਰ ਕੌਲਸਰ ਸਾਹਿਬ ਹੈ, ਇੱਥੇ ਮਾਤਾ ਕੌਲਾਂ ਜੀ ਦਾ ਨਿਵਾਸ ਕਰਾਇਆ। ਇੱਥੇ ਮਾਤਾ ਕੌਲਾਂ ਜੀ ਨੇ ਸਾਰਾ ਜੀਵਨ ਸਿੱਖੀ ਅਸੂਲਾਂ ਅਨੁਸਾਰ ਨਾਮ ਦਾ ਅਭਿਆਸ ਜਪ-ਤਪ ਕਰਦੇ ਹੋਏ ਬਿਤਾਇਆ। ਮਾਤਾ ਕੌਲਾਂ ਜੀ ਨੇ ਗੁਰੂ ਜੀ ਅੱਗੇ ਇੱਕ ਦਿਨ ਵੰਸ਼ ਨਿਸ਼ਾਨ ਪੁੱਤਰ ਦਾ ਸੰਕਲਪ ਕੀਤਾ। ਜਿਸ ਨੂੰ ਗੁਰੂ ਸਾਹਿਬ ਜੀ ਨੇ ਆਪਣੀ ਬਖਸ਼ਿਸ਼ ਦੁਆਰਾ ਗਿਆਨ ਦੇ ਕੇ ਮਿਟਾ ਦਿੱਤਾ ਅਤੇ ਵਰ ਦਿੱਤਾ ਕਿ ਅਸੀਂ ਤੁਹਾਨੂੰ ਐਸਾ ਪੁੱਤਰ ਬਖਸ਼ਾਂਗੇ ਜਿਸ ਨਾਲ ਤੁਹਾਡਾ ਨਾਮ ਜ਼ਗਤ ਵਿੱਚ ਅਮਰ ਰਹੇਗਾ ਅਤੇ ਗੁਰੂ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਮਾਤਾ ਕੌਲਾਂ ਜੀ ਦੇ ਨਾਮ ਤੇ ਸਰੋਵਰ ਦਾ ਕੰਮ ਸਪੁਰਦ ਕੀਤਾ ਅਤੇ ਮਾਤਾ ਕੌਲਾਂ ਜੀ ਨੂੰ ਕਿਹਾ ਕਿ ਇਸ ਸਰੋਵਰ ਦਾ ਨਾਮ ਕੌਲਸਰ ਰੱਖਿਆ ਜਾਵੇਗਾ, ਤੁਸੀਂ ਇਸੇ ਨੂੰ ਆਪਣਾ ਪੁੱਤਰ ਸਮਝੋ। ਇਹ ਸਰੋਵਰ 1624 ਈ. ਤੋਂ 1627 ਈ. ਤੱਕ ਬਾਬਾ ਬੁੱਢਾ ਜੀ ਨੇ ਆਪਣੀ ਨਿਗਰਾਨੀ ਹੇਠ ਤਿਆਰ ਕਰਵਾਇਆ ਅਤੇ ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਰੋਵਰ ਵਿੱਚ ਇਸ਼ਨਾਨ ਕਰਨ ਤੋਂ ਪਹਿਲਾਂ ਇਸ ਸਰੋਵਰ ਵਿੱਚ ਇਸ਼ਨਾਨ ਕਰਨ ਦਾ ਹੁਕਮ ਦਿੱਤਾ।

ਇਹ ਹੈ ਗੁਰੂ ਸਾਹਿਬ ਜੀ ਦਾ ਬਿਰਦ, ਆਪਣੇ ਭਗਤਾਂ ਅਤੇ ਹੁਕਮ ਮੰਨਣ ਵਾਲਿਆਂ ਨੂੰ ਆਪਣੇ ਤੋਂ ਵੱਧ ਵਡਿਆਈ ਦੇਣੀ। ਕੁਝ ਚਿਰ ਬਾਅਦ ਮਾਤਾ ਜੀ ਕਰਤਾਰਪੁਰ ਜਾ ਕੇ ਰਹਿਣ ਲੱਗੇ। ਆਪਣਾ ਅੰਤਮ ਸਮਾਂ ਨੇੜੇ ਜਾਣ ਕੇ ਛੇਵੇਂ ਪਾਤਸ਼ਾਹ ਜੀ ਨੂੰ ਸੁਨੇਹਾ ਭੇਜਿਆ, ਜਿਸ ਤੇ ਛੇਵੇਂ ਪਾਤਸ਼ਾਹ ਸੰਗਤਾਂ ਸਮੇਤ ਕਰਤਾਰਪੁਰ ਪੁਜੇ। ਸਵੇਰੇ ਸ਼ਾਮ ਕੀਰਤਨ ਦੇ ਦੀਵਾਨ ਸੱਜਣ ਲੱਗੇ। 1629 ਈ. ਨੂੰ ਮਾਤਾ ਕੌਲਾਂ ਜੀ ਨਾਮ ਸਿਮਰਨ, ਬੰਦਗੀ ਕਰਦੇ ਹੋਏ ਅਕਾਲਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ। ਛੇਵੇਂ ਪਾਤਸ਼ਾਹ ਜੀ ਨੇ ਮਾਤਾ ਕੌਲਾਂ ਜੀ ਨੂੰ ਗੁਰੂ ਘਰ ਦਾ ਸੇਵਕ ਜਾਣਦੇ ਹੋਏ ਉਹਨਾਂ ਦਾ ਅਖੀਰਲਾ ਸਮਾਂ ਆਪ ਸੰਭਾਲਿਆ।

ਸਿੱਖਿਆ — ਸ਼ਰਨ ਆਏ ਦੀ ਕਿਵੇਂ ਸਤਿਗੁਰੂ ਲਾਜ ਰੱਖਦੇ ਹਨ, ਸਦੀਆਂ ਤੱਕ ਵਡਿਆਈ, ਧਰਤੀ ਤੇ ਨਾਮ ਰਹਿਣਾ ਝੋਲੀ 'ਚ ਪਾ ਦਿੱਤਾ।

# ਸਾਖੀ ਅੱਠਵੀਂ—ਮਲੂਕੇ ਚੌਧਰੀ ਦੀ

ਸਤਿਗੁਰੂ ਅੰਗਦ ਦੇਵ ਸਾਹਿਬ ਜੀ ਦੇ ਸਮੇਂ ਸ੍ਰੀ ਖਡੂਰ ਸਾਹਿਬ ਜੀ ਵਿੱਚ ਮਲੂਕਾ ਨਾਮ ਦਾ ਵਿਅਕਤੀ ਪਿੰਡ ਦਾ ਚੌਧਰੀ ਸੀ। ਕਈ ਵਿਦਵਾਨਾਂ ਨੇ ਇਸਦਾ ਨਾਮ ਚੌਧਰੀ ਜਵਾਹਰ ਮੱਲ ਲਿਖਿਆ ਹੈ। ਇਸ ਦੀ ਹਵੇਲੀ ਸਤਿਗੁਰਾਂ ਦੇ ਮੱਲ ਅਖਾੜਾ ਸਾਹਿਬ ਦੇ ਪਾਸ ਹੀ ਸੀ। ਇਸ ਨੂੰ ਸ਼ਰਾਬ ਪੀਣ ਦੀ ਬੜੀ ਭੈੜੀ ਆਦਤ ਸੀ। ਇਸ ਕਰਕੇ ਇਸ ਨੂੰ ਮਿਰਗੀ ਦੀ ਦੁਖਦਾਇਕ ਬਿਮਾਰੀ ਸੀ, ਜੋ ਬੜੇ-ਬੜੇ ਇਲਾਜ ਕਰਕੇ ਵੀ ਨਾ ਹਟੀ। ਇਸ ਨੇ ਬਿਮਾਰੀ ਤੋਂ ਤੰਗ ਆ ਕੇ ਸੱਚੇ ਪਾਤਸ਼ਾਹ ਜੀ ਦੇ ਹਜ਼ੂਰ ਆ ਕੇ ਬੇਨਤੀ ਕੀਤੀ —

ਆਪ ਤਪਾ ਜੀ ਪਰਮ ਕਿਰਪਾਲੁ ॥ ਸਭ ਭਾਖਹਿ ਤੁਮ ਸੁਜਸ ਬਿਸਾਲ ॥

ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, ਹੇ ਗ਼ਰੀਬ ਨਿਵਾਜ ਜੀ! ਮੇਰੀ ਮਿਰਗੀ ਦੀ ਬਿਮਾਰੀ ਹਟਾਓ।

ਰੋਗ ਅਧਿਕ ਮੇਰੇ ਤਨ ਮਾਂਹੀ ॥
ਕਰਹੁ ਕ੍ਰਿਪਾ ਜਿਮ ਇਹੁ ਮਿਟ ਜਾਹੀ ॥ ੨੩ ॥

ਸਤਿਗੁਰੂ ਸਾਹਿਬ ਜੀ ਨੇ ਸਹਿਜ ਸੁਭਾਅ ਕਿਹਾ ਕਿ ਭਾਈ ਖੋਟੀ ਸ਼ਰਾਬ ਪੀਣੀ ਛੱਡ ਦੇਵੇਂ ਤਾਂ ਤੇਰੀ ਮਿਰਗੀ ਦੀ ਬਿਮਾਰੀ ਹਟ ਜਾਏਗੀ, ਪਰ ਇਹ ਗੱਲ ਚੇਤੇ ਰੱਖੀਂ, ਜਿਸ ਦਿਨ ਸ਼ਰਾਬ ਪੀਵੇਂਗਾ, ਐਸੀ ਮਿਰਗੀ ਆਵੇਗੀ ਕਿ ਉੱਠ ਨਹੀਂ ਸਕੇਂਗਾ, ਉੱਥੇ ਹੀ ਮਰ ਜਾਵੇਂਗਾ।

ਇਹ ਸਤਿਗੁਰੂ ਸਾਹਿਬ ਜੀ ਨੇ ਬਚਨ ਕਰ ਦਿੱਤੇ। ਮਲੂਕੇ ਨੇ ਇਹ ਬਚਨ ਸੁਣ ਕੇ ਸ਼ਰਾਬ ਛੱਡ ਦਿੱਤੀ।

ਅੱਠ ਸਾਲ ਜਿਉਂਦਾ ਰਿਹਾ ਤੇ ਮਿਰਗੀ ਦੀ ਬਿਮਾਰੀ ਨਾ ਆਈ। ਇਕ ਦਿਨ ਉਸ ਨੂੰ ਗ਼ਲਤ ਸੰਗ ਹੋ ਗਿਆ ਤਾਂ ਉਨ੍ਹਾਂ ਨੇ ਕਿਹਾ ਹੁਣ ਤਾਂ ਬਿਮਾਰੀ ਹਟ ਗਈ ਹੈ, ਮੌਜ ਲੈ ਲੈ। ਸਾਉਣ ਦੀਆਂ ਘਟਾਂ ਝੁਕ ਕੇ ਆਈਆਂ। ਠੰਢੀ-ਠੰਢੀ ਪਉਣ ਚੱਲੀ, ਨਿੱਕੀ-ਨਿੱਕੀ ਬੂੰਦਾਂ-ਬਾਂਦੀ ਹੋ ਰਹੀ ਸੀ। ਇਹ ਰਹਿ ਨਾ ਸਕਿਆ। ਨੌਕਰ ਨੂੰ ਕਿਹਾ, ਲਿਆ ਓਇ ਸ਼ਰਾਬ! ਜਦੋਂ ਸ਼ਰਾਬ ਪੀ ਕੇ ਨੇਤਰਾਂ ਨੂੰ ਤਰਾਰ ਜਿਹਾ ਆਇਆ ਤਾਂ ਚੁਬਾਰੇ 'ਤੇ ਚੜ੍ਹ ਕੇ ਆਖਿਆ," "ਹੇ ਗੁਰੂ ਜੀ! ਅੱਜ ਨਹੀਂ ਰਹਿ ਸਕਿਆ। ਅਜ ਮੈਂ ਪੀ ਲਈ ਹੈ, ਵੇਖੋ ਅੱਜ ਸ਼ਰਾਬ ਨੇ ਮੇਰਾ ਕੁਝ ਨਹੀਂ ਵਿਗਾੜਿਆ, ਤੁਹਾਡਾ ਬਚਨ ਵੀ ਝੂਠ ਪੈ ਗਿਆ ਹੈ। "ਉਸ ਵਕਤ ਸਤਿਗੁਰੂ ਸਾਹਿਬ ਜੀ ਦਾ ਦੀਵਾਨ ਗੁਰਦੁਆਰੇ ਮੱਲ ਅਖਾੜੇ ਸਾਹਿਬ ਜੀ ਵਿਖੇ ਲੱਗਾ ਹੋਇਆ ਸੀ।

ਸਤ੍ਰਿਗੁਰਾਂ ਨੇ ਇਸ ਦੀ ਇਹ ਗੱਲ ਸੁਣ ਕੇ ਸਿੱਖਾਂ ਨੂੰ ਕਿਹਾ, "ਮਿਰਗੀ ਵੀ ਹੁਕਮ ਦੀ ਬੱਧੀ ਹੋਈ ਸੀ। ਇਹਨੇ ਬਚਨ ਤੋੜ ਦਿੱਤਾ, ਹੁਕਮ ਦੀ ਬੱਧੀ ਮਿਰਗੀ ਹੁਣ ਆਪਣਾ

ਕੰਮ ਕਰੇਗੀ।" ਇਹ ਬਚਨ ਕਹਿਣ ਤੇ ਮਿਰਗੀ ਪੈਣ ਕਰਕੇ ਚੁਬਾਰੇ ਤੋਂ ਡਿੱਗ ਕੇ ਮੌਤ ਹੋ ਗਈ।

ਸਿੱਖਿਆ — 1. ਸ਼ਰਾਬ ਪੀਣਾ ਬੀਮਾਰੀਆਂ ਨੂੰ ਸੱਦਾ ਦੇਣਾ ਹੈ।

2. ਗੁਰੂ ਦੇ ਬਚਨ ਵਿੱਚ ਤਾਕਤ ਹੁੰਦੀ ਹੈ ਜੇ ਕੋਈ ਮੰਨ ਲਵੇ ਤਾਂ ਸੁੱਖ ਹੀ ਸੁੱਖ ਹਨ। ਜੇ ਨਾ ਮੰਨੇ ਤਾਂ ਕਸ਼ਟ ਆਉਂਦੇ ਹਨ।

## 10. ਪ੍ਰਸ਼ਨ-ਉੱਤਰ ਇਸ ਪ੍ਰਕਾਰ ਹਨ —

ਪ੍ਰਸ਼ਨ 1. ਗੁਰੂ ਗੋਬਿੰਦ ਜੀ ਨੇ ਬਚਪਨ ਵਿੱਚ ਹੀ ਕਿਹੜੀ-ਕਿਹੜੀ ਵਿੱਦਿਆ ਸਿੱਖ ਲਈ ਸੀ ?

ਉੱਤਰ— 68 ਪ੍ਰਕਾਰ ਦੀ ਵਿੱਦਿਆ ਅਤੇ 84 ਪ੍ਰਕਾਰ ਦੇ ਸ਼ਸਤਰ, ਸਤਿਗਰੂ ਜੀ ਨੇ ਬਚਪਨ ਵਿੱਚ ਹੀ ਸਿੱਖ ਲਏ ਸਨ।

ਪ੍ਰਸ਼ਨ 2. ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਦੋਂ ਤੱਤੀ ਤਵੀ 'ਤੇ ਬਿਠਾਇਆ ਗਿਆ ਤਾਂ ਸਾਈਂ ਮੀਆਂ ਮੀਰ ਜੀ ਨੇ ਇਸ ਗੱਲ ਦਾ ਵਿਰੋਧ ਕਿਵੇਂ ਕੀਤਾ ਅਤੇ ਗੁਰੂ ਜੀ ਨੇ ਉਹਨਾਂ ਨੂੰ ਕਿਵੇਂ ਸਮਝਾਇਆ ?

ਉੱਤਰ— ਸਾਈਂ ਮੀਆਂ ਮੀਰ ਜੀ ਨੂੰ ਜਦੋਂ ਗੁਰੂ ਅਰਜਨ ਦੇਵ ਜੀ 'ਤੇ ਹੁੰਦੇ ਜ਼ੁਲਮ ਬਾਰੇ ਪਤਾ ਲੱਗਾ ਤਾਂ ਉਹ ਗੁਰੂ ਜੀ ਕੋਲ ਪਹੁੰਚੇ ਤੇ ਕਿਹਾ, "ਮੈਨੂੰ ਹੁਕਮ ਕਰੋ ਮੈਂ ਚੰਦੂ ਨੂੰ ਸਬਕ ਸਿਖਾਵਾਂ।" ਗੁਰੂ ਜੀ ਨੇ ਸਾਈਂ ਜੀ ਨੂੰ ਸਮਝਾਇਆ, "ਸਾਈਂ ਜੀ ਇਹ ਵੇਲਾ ਸ਼ਾਂਤੀ ਰੱਖਣ ਦਾ ਹੈ, ਨਾਲੇ ਇੱਕ ਨੀਂਹ ਤੁਹਾਡੇ ਕੋਲੋਂ ਰਖਵਾਈ ਸੀ ਜਿਸ ਦੇ ਉੱਤੇ ਹਰਿਮੰਦਰ ਸਾਹਿਬ ਉਸਾਰਿਆ ਗਿਆ। ਅੱਜ ਇੱਕ ਨੀਂਹ ਬਲੀਦਾਨ ਦੀ ਅਸੀਂ ਆਪ ਰੱਖ ਰਹੇ ਹਾਂ ਜਿਸ ਦੇ ਉੱਤੇ ਸਿੱਖੀ ਦੇ ਮਹਿਲ ਉਸਰਨਗੇ।

ਪ੍ਰਸ਼ਨ 3. ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਦੋਂ ਪ੍ਰਸੰਨਤਾ ਵਿੱਚ ਆ ਕੇ ਭਾਈ ਬਿਧੀ ਚੰਦ ਜੀ ਨੂੰ ਕੁਝ ਮੰਗਣ ਲਈ ਕਿਹਾ ਤਾਂ ਬਿਧੀ ਚੰਦ ਜੀ ਨੇ ਕੀ ਮੰਗਿਆ ਅਤੇ ਸਤਿਗੁਰ ਜੀ ਨੇ ਕੀ ਬਖ਼ਸ਼ੀਸ਼ਾਂ ਕੀਤੀਆਂ ?

ਉੱਤਰ— ਭਾਈ ਬਿਧੀ ਚੰਦ ਜੀ ਨੇ ਆਖਿਆ, "ਸਤਿਗੁਰੂ ਜੇ ਤੁਠੇ ਹੋ ਤਾਂ ਇਹ ਕਿਰਪਾ ਕਰ ਦਿਓ —

ਨਾਮ ਕੇ ਰੰਗ ਰਹਉ।
ਗੁਰੂ ਕੇ ਸੰਗ ਰਹਉ।
ਸਾਧ ਕੇ ਸੰਗ ਰਹਉ।

ਨਿਸਚੈ ਅਭੰਗ ਰਹਉ।

ਗੁਰੂ ਜੀ ਨੇ ਪ੍ਰਸੰਨਤਾ ਵਿੱਚ ਆ ਕੇ ਕਿਹਾ, "ਬਿਧੀ ਚੰਦ! ਇਹ ਜੋ ਤੂੰ ਮੰਗਿਆ ਹੈ ਇਹ ਵੀ ਮਿਲੇਗਾ ਪਰ ਨਾਲ ਹੀ ਅਸੀਂ ਤੈਨੂੰ ਇਹ ਵੀ ਵਰ ਦੇਂਦੇ ਹਾਂ –

ਬਿਧੀ ਚੰਦ ਛੀਨਾ ਗੁਰੂ ਕਾ ਸੀਨਾ।
ਪ੍ਰੇਮ ਭਗਤ ਦੀਨਾ ਕਦੇ ਕਮੀ ਨਾਹ।

ਪ੍ਰਸ਼ਨ 4. ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਅਨੰਦਪੁਰ ਨਗਰ ਵਸਾ ਰਹੇ ਸੀ ਤਾਂ ਕਵੀ ਬੁੱਲ੍ਹੇ ਸ਼ਾਹ ਨੇ ਪ੍ਰਭਾਵਿਤ ਹੋ ਕੇ ਕਿਹੜੇ ਲਫਜ਼ ਵਰਤੇ ?

ਉੱਤਰ– ਬੁੱਲ੍ਹੇ ਸ਼ਾਹ ਨੇ ਕਿਹਾ –

"ਇੱਟ ਖੜਕਾ ਦੁਪੜ ਵਜੇ ਨਾਲੇ ਬਲੇ ਚੁੱਲ੍ਹਾ।
ਇਹਨੀ ਗੱਲੀਂ ਰੱਬ ਰਾਜ਼ੀ ਰਹਿੰਦਾ, ਨਾਲੇ ਰਹਿੰਦਾ ਬੁੱਲ੍ਹਾ।"

ਇੱਟ ਖੜਕਾ ਦਾ ਭਾਵ ਹੈ ਕਿ ਗੁਰੂ ਤੇਗ ਬਹਾਦਰ ਜੀ ਜੋ ਨਗਰ ਵਸਾ ਰਹੇ ਨੇ ਲੋਕਾਂ ਦੇ ਭਲੇ ਲਈ ਸਰਾਵਾਂ ਬਣ ਰਹੀਆਂ, ਇੱਟਾਂ ਲੱਗ ਰਹੀਆਂ ਸਨ ਤੇ ਸਵੇਰੇ ਸ਼ਾਮ ਦੁਪੜ ਵੱਜਦਾ ਹੈ ਭਾਵ ਤਬਲਾ ਵੱਜਦਾ ਹੈ ਭਾਵ ਕੀਰਤਨ ਦੇ ਦੀਵਾਨ ਸਜਦੇ ਹਨ ਜਿਸ ਨਾਲ ਆਤਮਾ ਨੂੰ ਤ੍ਰਿਪਤੀ ਹੁੰਦੀ ਹੈ, ਬਾਅਦ ਵਿੱਚ (ਚੁੱਲ੍ਹਾ) ਭਾਵ ਲੰਗਰ ਵੀ ਵਰਤਦਾ ਹੈ ਤੇ ਪੇਟ ਦੀ ਖ਼ੁਰਾਕ ਵੀ ਮਿਲਦੀ ਹੈ।

ਪ੍ਰਸ਼ਨ 5. ਬਾਬਾ ਅਟੱਲ ਰਾਇ ਜੀ ਕੌਣ ਸਨ ਤੇ ਇਹਨਾਂ ਨੇ ਆਪਣਾ ਸ਼ਰੀਰ ਕਿਉਂ ਤਿਆਗਿਆ ?

ਉੱਤਰ– ਬਾਬਾ ਅਟੱਲ ਰਾਇ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਸਨ। ਇੱਕ ਦਿਨ ਮਿੱਤਰਾਂ ਨਾਲ ਖੇਡਦੇ-ਖੇਡਦੇ ਸ਼ਾਮ ਹੋ ਗਈ ਅਤੇ ਉਸ ਸ਼ਾਮ ਦੀ ਮੀਟੀ ਇਨ੍ਹਾਂ ਦੇ ਮਿੱਤਰ ਮੋਹਨ ਦੇ ਸਿਰ ਰਹਿ ਗਈ। ਉਸ ਰਾਤ ਮੋਹਨ ਜੀ ਸੱਪ ਦੇ ਲੜਨ ਕਰਕੇ ਚੜ੍ਹਾਈ ਕਰ ਗਏ। ਅਗਲੇ ਦਿਨ ਬਾਬਾ ਅਟੱਲ ਰਾਇ ਜੀ ਪਤਾ ਲੱਗਣ ਤੇ ਮੋਹਨ ਜੀ ਦੇ ਘਰ ਗਏ ਤੇ ਸਰੀਰ ਨੂੰ ਸੋਟੀ ਲਾ ਕੇ ਕਿਹਾ, "ਉਠ ਮੋਹਨ ਸਾਡੀ ਮੀਟੀ ਦੇ," ਗੁਰੂ ਜੀ ਦੇ ਪੁੱਤਰ ਸਨ, ਤਾਕਤ ਸੀ ਰਸਨਾ ਵਿੱਚ, ਮੋਹਨ ਜੀ ਉਠ ਪਏ, ਭਾਵ ਜ਼ਿੰਦਾ ਹੋ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਟੱਲ ਰਾਇ ਜੀ ਨੂੰ ਬੁਲਾ ਕੇ ਕਿਹਾ," ਤੁਸੀਂ ਪ੍ਰਮੇਸ਼ਰ ਦੇ ਹੁਕਮ ਦੀ ਉਲੰਘਣਾ ਕਰ ਦਿੱਤੀ ਹੈ। ਹੁਣ ਲੋਕ ਮਿਰਤਕ ਜੀਵਾਂ ਨੂੰ ਲੈ ਕੇ ਆਣਗੇ ਇਨ੍ਹਾਂ ਨੂੰ ਵੀ ਜ਼ਿੰਦਾ ਕਰੋ।

ਮਹਾਰਾਜ ਨੇ ਕਿਹਾ, ਮੋਹਨ ਦੀ ਜਗ੍ਹਾ ਜਾਂ ਤੁਸੀਂ ਸਰੀਰ ਤਿਆਗੋ ਜਾਂ ਮੈਂ ਤਿਆਗਾਂਗਾ। ਬਾਬਾ ਅਟੱਲ ਰਾਇ ਜੀ ਨੇ 9 ਸਾਲ ਦੀ ਉਮਰ ਇਸ਼ਨਾਨ ਕਰਕੇ ਜਪੁਜੀ ਸਾਹਿਬ ਦਾ ਪਾਠ ਕਰਕੇ ਚੱਦਰ ਲੈ ਕੇ ਸਰੀਰ ਤਿਆਗ ਦਿੱਤਾ। ਇਤਨਾ ਤਕੜਾ ਪਿਤਾ ਗੁਰੂ ਦਾ ਹੁਕਮ ਮੰਨਿਆ।

ਹੁਣ 9 ਮੰਜ਼ਿਲਾ ਅਸਥਾਨ ਬਾਬਾ ਅਟੱਲ ਰਾਇ, ਦਰਬਾਰ ਸਾਹਿਬ ਕੋਲ ਸੁਸ਼ੋਭਿਤ ਹੈ, ਜਿੱਥੇ ਅਨੇਕਾਂ ਮਨੋਕਾਮਨਾਵਾਂ ਅੱਜ ਵੀ ਪੂਰੀਆਂ ਹੁੰਦੀਆਂ ਹਨ।

ਪ੍ਰਸ਼ਨ 6. ਅਨੰਦਪੁਰ ਸਾਹਿਬ ਵਿੱਚ ਇੱਕ ਨਗਰ ਦਾ ਨਾਮ ਗੁਰੂ ਕਾ ਲਾਹੌਰ ਕਿਵੇਂ ਪਿਆ ?

ਉੱਤਰ— ਗੁਰੂ ਗੋਬਿੰਦ ਸਿੰਘ ਜੀ ਦਾ ਰਿਸ਼ਤਾ ਮਾਤਾ ਜੀਤੋ ਜੀ ਨਾਲ ਤੈਅ ਹੋਇਆ ਜੋ ਕਿ ਲਾਹੌਰ ਦੇ ਨਿਵਾਸੀ ਸਨ। ਜਦੋਂ ਵਿਆਹ ਦੀ ਤਾਰੀਖ ਮਿਥੀ ਗਈ ਤੇ ਕਿਹਾ ਗਿਆ ਜੰਞ ਲੈ ਕੇ ਲਾਹੌਰ ਆਉ, ਤਾਂ ਗੁਰੂ ਜੀ ਕਹਿਣ ਲੱਗੇ ਜਿੱਥੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ ਦਿੱਤੀ ਹੋਵੇ ਮੈਂ ਉੱਥੇ ਜੰਞ ਨਹੀਂ ਲੈ ਕੇ ਜਾ ਸਕਦਾ, ਇਸ ਲਈ ਅਨੰਦਪੁਰ ਸਾਹਿਬ ਤੋਂ 7-8 ਮੀਲ ਦੂਰੀ 'ਤੇ ਨਵਾਂ ਨਗਰ ਗੁਰੂ ਕਾ ਲਾਹੌਰ ਵਸਾ ਕੇ ਮਾਤਾ ਜੀਤੋ ਜੀ ਦੇ ਪਰਿਵਾਰ ਨੂੰ ਕਿਹਾ ਕਿ ਇੱਥੇ ਆ ਕੇ ਵਿਆਹ ਕਰੋ। ਇਹ ਸ਼ਹਿਰ 'ਗੁਰੂ ਕਾ ਲਾਹੌਰ' ਨਾਮ ਨਾਲ ਪ੍ਰਸਿੱਧ ਹੋਇਆ।

ਪ੍ਰਸ਼ਨ 7. ਸਿੱਖ ਧਰਮ ਵਿੱਚ ਦੀਵਾਲੀ ਕਿਉਂ ਮਨਾਈ ਜਾਂਦੀ ਹੈ ?

ਉੱਤਰ— ਦੀਵਾਲੀ ਵਾਲੇ ਦਿਨ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਤੋਂ 52 ਰਾਜਿਆਂ ਨੂੰ ਆਜ਼ਾਦ ਕਰਵਾਉਣ ਤੋਂ ਬਾਅਦ ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ ਤਾਂ ਸਿੱਖਾਂ ਨੇ ਗੁਰੂ ਜੀ ਦੇ ਆਉਣ ਦੀ ਖ਼ੁਸ਼ੀ ਵਿੱਚ ਘਿਉ ਦੇ ਦੀਵੇ ਬਾਲੇ। ਉਸ ਦਿਨ ਤੋਂ ਸਿੱਖ ਧਰਮ ਵਿੱਚ ਦੀਵਾਲੀ "ਬੰਦੀ-ਛੋੜ" ਦਿਵਸ ਦੇ ਰੂਪ ਵਿੱਚ ਮਨਾਈ ਜਾਂਦੀ ਹੈ।

ਪ੍ਰਸ਼ਨ 8. ਮਹਾਰਾਜਾ ਰਣਜੀਤ ਸਿੰਘ ਜੀ ਦੀ ਸੁਪਤਨੀ ਮਹਾਰਾਣੀ ਜਿੰਦਾਂ ਦਾ 14 ਸਾਲ ਬਾਅਦ ਜਦੋਂ ਆਪਣੇ ਪੁੱਤਰ ਕੰਵਰ ਦਲੀਪ ਸਿੰਘ ਨਾਲ ਮੇਲ ਹੋਇਆ ਤਾਂ ਉਹਨਾਂ ਨੇ ਕੀ ਕਿਹਾ ?

ਉੱਤਰ— ਕੰਵਰ ਦਲੀਪ ਸਿੰਘ ਨੂੰ ਅੰਗਰੇਜ਼ ਸਰਕਾਰ ਇੰਗਲੈਂਡ ਲੈ ਗਈ ਸੀ ਜਿੱਥੇ ਅੰਗਰੇਜ਼ਾਂ ਨੇ ਇਸ ਉੱਤੇ ਈਸਾਈ ਧਰਮ ਦਾ ਪ੍ਰਭਾਵ ਪਾ ਕੇ ਇਸ ਨੂੰ ਸਿੱਖੀ ਤੋਂ ਦੂਰ ਕਰ ਦਿੱਤਾ। ਉਧਰ ਮਹਾਰਾਣੀ ਜਿੰਦਾਂ ਦੀ ਪਤੀ ਅਤੇ

ਪੁੱਤਰਾਂ ਦੇ ਵਿਯੋਗ ਵਿੱਚ ਅੱਖਾਂ ਦੀ ਜੋਤ ਵੀ ਚਲੀ ਗਈ ਸੀ। ਜਦੋਂ 14 ਸਾਲ ਬਾਅਦ ਕਲਕੱਤੇ ਮਹਾਰਾਣੀ ਜਿੰਦਾਂ ਆਪਣੇ ਪੁੱਤਰ ਕੰਵਰ ਦਲੀਪ ਸਿੰਘ ਨੂੰ ਮਿਲੀ ਤਾਂ ਪੁੱਤਰ ਨੂੰ ਗਲਵਕੜੀ ਵਿੱਚ ਲੈਂਦਿਆਂ ਜਦੋਂ ਉਸ ਨੇ ਸਿਰ 'ਤੇ ਪਿਆਰ ਕੀਤਾ ਤਾਂ ਮਹਾਰਾਣੀ ਜਿੰਦਾਂ ਦੀਆਂ ਭੁੱਬਾਂ ਨਿਕਲ ਆਈਆਂ, ਕਿਉਂਕਿ ਉਸ ਦੇ ਪੁੱਤਰ ਦੇ ਸਿਰ 'ਤੇ ਕੇਸ ਨਹੀਂ ਸਨ। ਰਾਣੀ ਜਿੰਦਾਂ ਨੇ ਕਿਹਾ, "ਪੁੱਤਰ ਤੇਰੇ ਪਿਤਾ ਮਹਾਰਾਜਾ ਰਣਜੀਤ ਸਿੰਘ ਦੁਨੀਆਂ ਤੋਂ ਚਲੇ ਗਏ ਦੁੱਖ ਤਾਂ ਹੋਇਆ ਪਰ ਸਹਾਰ ਗਈ। ਰਾਜ ਭਾਗ ਚਲਾ ਗਿਆ, ਵੱਡਾ ਪੁੱਤਰ ਕੰਵਰ ਨੌਨਿਹਾਲ ਸਿੰਘ ਦੁਨੀਆਂ ਤੋਂ ਚਲਾ ਗਿਆ, ਦੁੱਖ ਹੋਇਆ ਪਰ ਸਹਾਰ ਗਈ, ਪਰ ਅੱਜ ਇਹ ਦੁੱਖ ਨਹੀਂ ਸਹਾਰਿਆ ਜਾਂਦਾ ਕਿ ਤੂੰ ਕਲਗੀਧਰ ਦੀ ਸਿੱਖੀ ਤੋਂ ਦੂਰ ਹੋ ਕੇ ਕੇਸ ਕਤਲ ਕਰਵਾ ਲਏ ਹਨ।" ਇਹ ਸੁਣ ਕੇ ਦਲੀਪ ਸਿੰਘ ਨੇ ਸਿੱਖੀ ਵਿੱਚ ਵਾਪਸੀ ਕੀਤੀ।

ਪ੍ਰਸ਼ਨ 9. ਗੁਜਰਾਤ ਦੇ ਸ਼ਾਹ ਦਉਲਾ ਫ਼ਕੀਰ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀ ਸਮਝਾਇਆ ?

ਉੱਤਰ— ਗੁਰੂ ਜੀ ਨੇ ਸਮਝਾਇਆ-ਔਰਤ ਈਮਾਨ, ਪੁੱਤਰ ਨਿਸ਼ਾਨ, ਦੌਲਤ ਗੁਜ਼ਰਾਨ, ਫ਼ਕੀਰ ਨਾ ਹਿੰਦੂ ਨਾ ਮੁਸਲਮਾਨ। ਭਾਵ ਗ੍ਰਿਹਸਥੀ ਹੋਣਾ ਗੁਨਾਹ ਨਹੀਂ। ਔਰਤ ਈਮਾਨ (ਇੱਜ਼ਤ) ਲਈ ਜ਼ਰੂਰੀ ਹੈ। ਪੁੱਤਰ ਨਿਸ਼ਾਨ ਲਈ ਜ਼ਰੂਰੀ ਹੈ, ਦੌਲਤ ਗੁਜ਼ਾਰੇ ਲਈ ਜ਼ਰੂਰੀ ਹੈ, ਫ਼ਕੀਰ ਕੋਈ ਵੀ ਹੋ ਸਕਦਾ ਹੈ।

ਪ੍ਰਸ਼ਨ 10. ਭਾਰਤ ਦੀ ਆਜ਼ਾਦੀ ਵਿੱਚ ਬਾਕੀ ਕੌਮਾਂ ਦੇ ਮੁਕਾਬਲੇ ਸਿੱਖਾਂ ਦਾ ਕਿੰਨਾ ਯੋਗਦਾਨ ਸੀ ?

ਉੱਤਰ— ਭਾਰਤ ਦੀ ਆਜ਼ਾਦੀ ਸਮੇਂ ਹੋਰ ਕੌਮਾਂ ਦੇ ਮੁਕਾਬਲੇ ਸਿੱਖਾਂ ਦੀ ਆਬਾਦੀ 2% ਸੀ। ਪਰ ਕੁਰਬਾਨੀਆਂ 87% ਸਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ —

1. ਫਾਂਸੀ ਚੜ੍ਹੇ ਕੁਲ 121, ਜਿਨ੍ਹਾਂ ਵਿੱਚੋਂ 93 ਸਿੱਖ ਅਤੇ 28 ਹੋਰ।
2. ਉਮਰ ਕੈਦ ਹੋਏ ਕੁਲ 2646, ਜਿਨ੍ਹਾਂ ਵਿੱਚੋਂ 2147 ਸਿੱਖ ਅਤੇ 499 ਹੋਰ।
3. ਜਲ੍ਹਿਆਂ ਵਾਲਾ ਬਾਗ਼ ਦੇ ਸ਼ਹੀਦੀ ਸਾਕੇ ਵਿੱਚ ਸ਼ਹੀਦ ਹੋਏ 1326, ਜਿਨ੍ਹਾਂ ਵਿੱਚੋਂ 793 ਸਿੱਖ ਅਤੇ 533 ਹੋਰ।
4. ਬਜਬਜ ਘਾਟ 'ਤੇ ਸ਼ਹੀਦ ਹੋਏ ਕੁਲ 113 ਜਿਨ੍ਹਾਂ ਵਿੱਚੋਂ 67 ਸਿੱਖ ਅਤੇ

46 ਹੋਰ।

5. ਕੂਕਾ ਲਹਿਰ ਵਿੱਚ ਸ਼ਹੀਦ ਕੁਲ 91 ਦੇ 91 ਹੀ ਸਿੱਖ ਸਨ।

6. ਅਕਾਲੀ ਲਹਿਰ ਵਿੱਚ ਸ਼ਹੀਦ ਹੋਏ 500 ਤੇ 500 ਹੀ ਸਿੱਖ ਸਨ।

❖ ❖ ❖

ਆਪ ਜੀ ਦਾ ਸਿਲੇਬਸ ਇਥੇ ਸਮਾਪਤ ਹੁੰਦਾ ਹੈ। ਇਸ ਤੋਂ ਅੱਗੇ 15 ਹੋਰ ਸਾਖੀਆਂ ਦਿੱਤੀਆਂ ਗਈਆਂ ਹਨ, ਤੁਸੀਂ ਆਪਣੇ ਸਿਲੇਬਸ ਤੋਂ ਬਾਅਦ ਇਹਨਾਂ 15 ਸਾਖੀਆਂ ਵਿੱਚੋਂ ਜਿੰਨੀਆਂ ਸਾਖੀਆਂ ਵੀ ਜ਼ੁਬਾਨੀ ਯਾਦ ਕਰਕੇ ਸੁਣਾਉਗੇ ਉਨੇ ਹੀ ਵਾਈਟ ਕੂਪਨ ਆਪ ਜੀ ਨੂੰ ਪ੍ਰਾਪਤ ਹੋਣਗੇ।

ਜਿਨ੍ਹਾਂ ਦੇ ਅਲੱਗ ਇਨਾਮ ਕੱਢੇ ਜਾਣਗੇ।

# 15 ਸਾਖੀਆਂ

## ਸਾਖੀ ਪਹਿਲੀ — ਭਾਈ ਬਚਿੱਤਰ ਸਿੰਘ

ਜਿਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਤੁਰਕਾਂ ਨਾਲ ਵੱਡੀ ਜੰਗ ਹੋ ਰਹੀ ਸੀ ਤਾਂ ਕੇਸਰੀ ਚੰਦ ਨੇ ਮਸਤ ਹਾਥੀ ਨੂੰ ਸ਼ਰਾਬ ਪਿਲਾ ਕੇ, ਮੱਥੇ ਅੱਗੇ ਤਵੇ ਬੰਨ੍ਹ ਕੇ, ਸੁੰਡ ਵਿੱਚ ਦੋ ਗਜ਼ ਦੀ ਲੰਮੀ ਤਲਵਾਰ ਫੜਾ ਦਿੱਤੀ ਕਿ ਲੋਹਗੜ੍ਹ ਕਿਲ੍ਹੇ ਦੇ ਦਰਵਾਜੇ ਨੂੰ ਇਹ ਤੋੜੇਗਾ, ਤਾਂ ਪਿੱਛੋਂ ਤੇਜ਼ ਹਮਲਾ ਕਰਕੇ ਮੁਗ਼ਲ ਫੌਜ਼ ਕਿਲ੍ਹੇ ਤੇ ਕਬਜ਼ਾ ਕਰ ਲਵੇਗੀ। ਜਦ ਇਹ ਖ਼ਬਰ ਗੁਰੂ ਜੀ ਤੱਕ ਪਹੁੰਚੀ ਤਾਂ ਸਿੱਖਾਂ ਵਿੱਚ ਬਹੁਤ ਚਿੰਤਾ ਹੋਈ। ਕੁਦਰਤੀ ਇੱਕ ਸਿੱਖ ਜਿਸ ਦਾ ਨਾਂ ਦੁਨੀਚੰਦ ਸੀ, ਹਾਥੀ ਦੀ ਤਰ੍ਹਾਂ ਝੂਲਦਾ ਆ ਰਿਹਾ ਸੀ, ਜੋ ਬਹੁਤ ਵੱਡੇ ਕੱਦ ਵਾਲਾ ਸੀ, ਜਿਸ ਨੂੰ ਦੇਖ ਕੇ ਸਤਿਗੁਰੂ ਜੀ ਨੇ ਕਿਹਾ ਕਿ ਭਾਈ ਆਹ ਗੁਰੂ ਘਰ ਦਾ ਹਾਥੀ ਆ ਗਿਆ ਹੈ, ਹਾਥੀ ਨਾਲ ਹਾਥੀ ਮੁਕਾਬਲਾ ਕਰੇਗਾ। ਇਹ ਪੰਜ ਸੌ ਮਝੈਲ ਜਵਾਨਾਂ ਦਾ ਸਰਦਾਰ ਸੀ। ਖ਼ਾਲਸੇ ਦੇ ਦਲ ਵਿੱਚ ਇਹ ਧੁੰਮ ਪੈ ਗਈ ਕਿ ਮਸਤ ਹਾਥੀ ਦਾ ਮੁਕਾਬਲਾ ਕੱਲ੍ਹ ਨੂੰ ਦੁਨੀਚੰਦ ਕਰੇਗਾ। ਦੁਨੀਚੰਦ ਦੇ ਮੂੰਹ ’ਤੇ ਪਿਲੱਤਣ ਛਾ ਗਈ ਤੇ ਨੱਠਣ ਲਈ ਤਿਆਰ ਹੋ ਗਿਆ। ਭਾਈ ਦਇਆ ਸਿੰਘ ਕੋਲ ਜਾ ਕੇ ਕਹਿਣ ਲੱਗਾ ਕਿ ਗੁਰੂ ਜੀ ਨੂੰ ਸਮਝਾਵੋ, ਹਾਥੀਆਂ ਦੇ ਮੁਕਾਬਲੇ ਬੰਦੇ ਥੋੜ੍ਹਾ ਕਰਿਆ ਕਰਦੇ ਹਨ, ਇਹ ਕਿਧਰ ਦਾ ਨਿਆਂ ਹੈ ਕਿ ਮਸਤ ਹਾਥੀ ਨਾਲ ਬੰਦਾ ਲੜੇ। ਨਾ ਸੁਣਿਆ ਨਾ ਦੇਖਿਆ. ਪਤਾ ਨਹੀਂ ਕਿਹੜੇ ਸਿੱਖ ਨੇ ਗੁਰੂ ਜੀ ਦੇ ਕੰਨ ਭਰ ਦਿੱਤੇ ਹਨ ਕਿ ਹਾਥੀ ਨੂੰ ਇਸ ਨਾਲ ਲੜਾਵੋ। ਮੇਰੇ ਮਰਨ ਦੀ ਕੋਈ ਗੱਲ ਨਹੀਂ, ਭਾਈ ਦਇਆ ਸਿੰਘ ਕੱਲ੍ਹ ਨੂੰ ਵਾਰੀ ਤੁਹਾਡੀ ਵੀ ਆਵੇਗੀ। ਭਾਈ ਦਇਆ ਸਿੰਘ ਨੇ ਬੜਾ ਸਮਝਾਇਆ ਕਿ ਤੂੰ ਡਰ ਨਾ, ਜੇ ਗੁਰੂ ਜੀ ਹਾਥੀ ਦਾ ਮੁਕਾਬਲਾ ਕਰਾਉਣ ਲੱਗੇ ਹਨ ਤਾਂ ਤੈਨੂੰ ਬਲ ਵੀ ਸ਼ੇਰ ਦਾ ਦੇ ਕੇ ਭੇਜਣਗੇ। ਕਹਿਣ ਲੱਗਾ ਕਿ ਇਹ ਸ਼ੇਰ ਦਾ ਬਲ ਕਿਸੇ ਹੋਰ ਨੂੰ ਹੀ ਦੇਣ, ਮੈਂ ਅਜਾਈਂ ਮੌਤ ਨਹੀਂ ਮਰਨਾ। ਤੇ ਅਖ਼ੀਰ ਮਾਝੇ ਦੇ ਸਿੰਘਾਂ ਨੂੰ ਨਾਲ ਲੈ ਕੇ ਨੱਠਿਆ। ਅੱਧੀ ਰਾਤ ਕਿਲ੍ਹੇ ਦੀ ਕੰਧ ਨੂੰ ਰੱਸਾ ਬੰਨ੍ਹ ਕੇ ਸਾਥੀ ਉਤਰੇ, ਜਦੋਂ ਦੁਨੀ ਚੰਦ ਉਤਰਨ ਲੱਗਾ ਤਾਂ ਰੱਸਾ ਟੁੱਟ ਕੇ ਡਿੱਗ ਪਿਆ ਤੇ ਲੱਤ ਟੁੱਟ ਗਈ। ਸਾਥੀਆਂ ਨੇ ਮੰਜੇ ’ਤੇ ਪਾ ਕੇ ਮਜੀਠੇ ਪਿੰਡ ਮਾਝੇ

ਵਿੱਚ ਜਿਥੇ ਹੁਣ ਉਸਦੀ ਸਮਾਧ ਹੈ, ਜਾ ਠਹਿਰੇ। ਪਤਾ ਲੱਗਣ ਤੋਂ ਗੁਰੂ ਜੀ ਨੇ ਬਚਨ ਕੀਤਾ ਕਿ (ਮੂਸਾ ਭੱਜਾ ਮੌਤ ਤੋਂ ਅੱਗੇ ਮੌਤ ਖੜ੍ਹੀ) ਭਾਈ ਸਿੱਖੋ! ਜਿਸ ਮੌਤ ਤੋਂ ਡਰਦਾ ਦੁਨੀ ਚੰਦ ਨੱਠਾ ਹੈ, ਉਹ ਕਾਲ ਦਾ ਮੂੰਹ ਉੱਥੇ ਹੀ ਚਲਾ ਜਾਏਗਾ। ਅਖ਼ੀਰ ਦੁਨੀ ਚੰਦ ਨੂੰ ਇੱਕ ਦਿਨ ਸੱਪ ਲੜਿਆ ਤੇ ਉਹ ਮਰ ਗਿਆ। ਗੁਰੂ ਦੀ ਕਿਰਪਾ-ਦ੍ਰਿਸ਼ਟੀ ਤੋਂ ਬਾਹਰ ਜਾਣ ਕਰਕੇ ਕਦੇ ਕਿਸੇ ਨੂੰ ਮਾਣ ਨਹੀਂ ਮਿਲਦਾ, ਜਿਹੜਾ ਮਾਣ ਦੁਨੀ ਚੰਦ ਨੂੰ ਮਿਲਣਾ ਸੀ, ਉਹ ਨਦਰ ਤੋਂ ਬਾਹਰ ਹੋਣ ਕਰਕੇ ਨਹੀਂ ਮਿਲਿਆ।

ਫਿਰ ਸਤਿਗੁਰੂ ਜੀ ਨੇ ਭਾਈ ਬਚਿੱਤਰ ਸਿੰਘ ਜੀ ਨੂੰ ਇਸ਼ਾਰਾ ਕੀਤਾ, ਭਾਈ ਤੁਸੀਂ ਜਾਉਗੇ ਹਾਥੀ ਦੇ ਮੁਕਾਬਲੇ ਵਾਸਤੇ। ਭਾਈ ਜੀ ਨੇ ਸਤਿਬਚਨ ਕਿਹਾ। ਸਤਿਗੁਰੂ ਜੀ ਨੇ ਬਖਸ਼ਿਸ਼ ਰੂਪ ਵਿੱਚ ਆਪਣੇ ਕੋਲੋਂ ਨਾਗਨੀ ਬਰਛਾ ਦਿੱਤਾ ਤੇ ਭਾਈ ਬਚਿੱਤਰ ਸਿਘ ਨੇ ਦੁਸ਼ਮਣਾਂ ਦੇ ਆਹੂ ਲਾਉਂਦੇ ਹੋਏ ਨਾਗਨੀ ਬਰਛੇ ਨਾਲ ਜ਼ੋਰਦਾਰ ਹਾਥੀ ਦੇ ਮੱਥੇ ਤੇ ਬੰਨ੍ਹੇ ਤਵੇ ਨੂੰ ਨਿਸ਼ਾਨਾ ਬਣਾ ਕੇ ਵਾਰ ਕੀਤਾ ਤੇ ਹਾਥੀ ਢਹਿ-ਢੇਰੀ ਹੋ ਅੱਗੇ ਆਉਣ ਦੀ ਬਜਾਏ ਪਿੱਛੇ ਨੂੰ ਮੁਗ਼ਲ ਫੌਜਾਂ ਨੂੰ ਕੁਚਲਦਾ ਹੋਇਆ ਖ਼ਤਮ ਹੋ ਗਿਆ।

ਭਾਈ ਬਚਿੱਤਰ ਸਿੰਘ ਜੱਦ ਵਾਪਸ ਪਰਤੇ, ਸਤਿਗੁਰੂ ਜੀ ਦੇ ਦਰਬਾਰ ਪਹੁੰਚ ਅਸੀਸ ਪ੍ਰਾਪਤ ਕੀਤੀ ਸਤਿਗੁਰੂ ਜੀ ਨੇ ਸਿਰ ਤੇ ਹੱਥ ਰੱਖ ਨਿਹਾਲ ਨਿਹਾਲ ਕਰ ਦਿੱਤਾ। ਕੁਝ ਸਿੰਘਾਂ ਨੇ ਗੁਰੂ ਜੀ ਨੂੰ ਪੁੱਛਿਆ "ਸਤਿਗੁਰੂ ਜੀ ਦੁਨੀਚੰਦ ਇਤਨਾ ਪੁਰਾਣਾ ਤੇ ਸਰੀਰ ਪੱਖੋਂ ਭਾਰਾ ਸੀ ਪਰ ਉਹ ਡਰ ਕੇ ਭੱਜ ਗਿਆ ਪਰ ਬਚਿੱਤਰ ਸਿੰਘ ਛੋਟੀ ਉਮਰ, ਛੋਟਾ ਕੱਦ ਤੇ ਕੁਝ ਸਮਾਂ ਪਹਿਲਾਂ ਹੀ ਸਿੰਘ ਸਜਿਆ ਪਰ ਫਿਰ ਵੀ ਮੌਤ ਤੋਂ ਡਰਿਆ ਨਹੀਂ ਤੇ ਮੁਕਾਬਲਾ ਕੀਤਾ ਤੇ ਜਿੱਤ ਪ੍ਰਾਪਤ ਕਰ ਲਈ, ਐਸਾ ਕੀ ਹੈ ਭਾਈ ਬਚਿੱਤਰ ਸਿੰਘ ਅੰਦਰ ਕਿ ਇਸਨੂੰ ਡਰ ਨਹੀਂ ਲੱਗਾ।" ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ "ਬਚਿੱਤਰ ਸਿੰਘ ਅੰਮ੍ਰਿਤ ਵੇਲੇ ਉੱਠ, ਇਸ਼ਨਾਨ ਕਰਕੇ ਜਿਤਨੀ ਦੇਰ 21 ਪਾਠ ਜਪੁਜੀ ਸਾਹਿਬ ਇੱਕ ਚੌਂਕੜੇ ਤੇ ਬੈਠ ਕਰ ਨਾ ਲਵੇ ਉਤਨੀ ਦੇਰ ਅੰਨ ਜਲ ਨਹੀਂ ਛੱਕਦਾ। ਇਹ ਪ੍ਰੇਮ ਤੇ ਨੇਮ ਸਦਕਾ ਅਡੋਲ ਹੋ ਚੁੱਕਾ ਹੈ, ਇਸ ਨੂੰ ਕੋਈ ਕੰਮ ਕਹੋ ਇਹ ਡਰਦਾ ਨਹੀਂ, ਡੋਲਦਾ ਨਹੀਂ, ਬਾਣੀ ਦੇ ਪ੍ਰਤਾਪ ਸਦਕਾ ਅਡੋਲ ਰਹਿੰਦਾ ਹੈ।"

ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥ ਆਪਿ ਅਡੋਲੁ ਨ ਕਬਹੂ ਡੋਲੈ ॥

(ਅੰਗ ੨੯੪)

ਸਿੱਖਿਆ — ਬਾਣੀ ਪੜ੍ਹਨ ਵਾਲੇ ਨੂੰ ਅਡੋਲਤਾ ਦੀ ਅਵਸੱਥਾ ਮਿਲ ਜਾਂਦੀ ਹੈ। ਮੌਤ ਦਾ ਡਰ ਵੀ ਉਸ ਅੰਦਰੋਂ ਖ਼ਤਮ ਹੋ ਜਾਂਦਾ ਹੈ।

# ਸਾਖੀ ਦੂਸਰੀ – ਭਾਈ ਪੱਲਾ ਜੀ

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਵਿੱਚ ਭਿੱਜੀ ਹੋਈ ਇੱਕ ਬੀਬੀ ਸੰਤੀ ਬਾਬਾ ਬਕਾਲਾ ਦੇ ਕੋਲ ਪਿੰਡ ਬੁਤਾਲਾ ਵਿਖੇ ਵਿਆਹੀ ਗਈ। ਕਰਮਾਂ ਦੀ ਨੇਤ ਸਾਰਾ ਸਹੁਰਾ ਪ੍ਰਵਾਰ ਸਖੀ ਸਰਵਰਾਂ ਨੂੰ ਮੰਨਦਾ ਸੀ। ਮੁਗ਼ਲ ਰਾਜ ਹੋਣ ਕਾਰਨ ਉਸ ਸਮੇਂ ਸਖੀ ਸਰਵਰੀਆਂ ਦਾ ਬੜਾ ਜ਼ੋਰ ਸੀ। ਬੁਤਾਲਾ ਪਿੰਡ ਸਖੀ ਸਰਵਰੀਆਂ ਦਾ ਗੜ੍ਹ ਹੋਣ ਕਾਰਨ ਹਰ ਵੇਲੇ ਉਨ੍ਹਾਂ ਦਾ ਡੰਕਾ ਖੜਕਦਾ ਰਹਿੰਦਾ ਸੀ। ਪ੍ਰੰਤੂ ਪਿੰਡ ਵਾਸੀਆਂ ਵਿੱਚ ਸਖੀ ਸਰਵਰੀਆਂ ਦਾ ਜ਼ੋਰ ਹੋਣ ਕਾਰਨ ਉਸ ਦੀ ਕੋਈ ਪੇਸ਼ ਨਹੀਂ ਸੀ ਜਾਂਦੀ। ਬੀਬੀ ਸੰਤੀ ਭਾਵੇਂ ਸਖੀ ਸਰਵਰੀਆਂ ਘਰ ਵਿਆਹੀ ਗਈ ਸੀ ਪਰ ਉਸ ਨੇ ਗੁਰਬਾਣੀ ਦਾ ਨੇਮ ਨਹੀਂ ਛੱਡਿਆ। ਸਖੀ ਸਰਵਰ ਦੀ ਪੂਜਾ ਨਾ ਕੀਤੀ ਅਤੇ ਨਾ ਹੀ ਗੁਰਮਤਿ ਦੇ ਵਿਰੁੱਧ ਕੋਈ ਕਾਰਜ ਕੀਤਾ। ਸੁਹਰੇ ਪਰਿਵਾਰ ਨੇ ਸਖੀ ਸਰਵਰ ਨੂੰ ਨਾ ਮੰਨਣ ਕਾਰਨ ਘਰੋਂ ਬਾਹਰ ਕੱਢ ਦਿੱਤਾ। ਘਰ ਦੇ ਬਾਹਰ ਇੱਕ ਨਿੱਕੀ ਜਿਹੀ ਛਪਰੀ ਪਾ ਕੇ ਰਹਿਣਾ ਸ਼ੁਰੂ ਕਰ ਲਿਆ ਪਰ ਗੁਰਬਾਣੀ ਦਾ ਨੇਮ ਨਹੀਂ ਛੱਡਿਆ। ਕੁਝ ਚਿਰ ਬਾਅਦ ਸੰਤੀ ਦੀ ਕੁੱਖ ਤੋਂ ਇੱਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਮ "ਪੱਲਾ" ਰੱਖਿਆ, ਦੂਜੇ ਪਾਸੇ ਪਤੀ ਦੀ ਮੌਤ ਹੋ ਗਈ। ਲੋਕ ਪਿੰਡ ਵਾਸੀ ਤਾਹਨੇ ਮਾਰਨ ਲੱਗੇ ਪਰ ਸੰਤੀ ਨੇ ਗੁਰੂ ਚਰਨਾਂ ਨਾਲ ਹੀ ਨਾਤਾ ਜੋੜੀ ਰੱਖਿਆ। ਸੰਤੀ ਨੇ ਆਪਣੇ ਪਤੀ ਦੀ ਮੌਤ ਬਾਅਦ ਆਪਣੇ ਪੁੱਤਰ ਪੱਲੇ ਨੂੰ ਇਹੀ ਸਿੱਖਿਆ ਦਿੱਤੀ ਸੀ ਕਿ ਸਿਰਫ਼ ਤੇ ਸਿਰਫ਼ ਗੁਰੂ ਸਾਹਿਬ ਅਤੇ ਗੁਰਬਾਣੀ ਨਾਲ ਹੀ ਸੱਚੀ ਪ੍ਰੀਤ ਕਰਨੀ ਹੈ, ਹੋਰ ਕਿਸੇ ਨਾਲ ਨਹੀਂ। ਆਪਣੀ ਗੋਦੀ ਪਾ ਕੇ ਹਮੇਸ਼ਾਂ ਗੁਰੂ ਘਰ ਦੀਆਂ ਸਾਖੀਆਂ ਸੁਣਾਨੀਆਂ ਦੁੱਧ ਪਿਆਉਂਦੇ ਸਮੇਂ, ਰਾਤ ਨੂੰ ਸੌਣ ਸਮੇਂ ਗੁਰਬਾਣੀ ਜਾਂ ਕੋਈ ਇੱਕ ਸਾਖੀ ਗੁਰੂ ਪ੍ਰੇਮ ਵਿੱਚ ਸੁਣਾਉਣ ਦਾ ਯਤਨ ਕਰਨਾ।

ਪੱਲਾ ਜਦੋਂ ਵੀ ਆਪਣੀ ਮਾਤਾ ਤੋਂ ਗੁਰੂ ਘਰ ਸੰਬੰਧੀ ਇਤਿਹਾਸ ਸੁਣਦਾ ਤਾਂ ਸਵਾਲ ਕਰਦਾ ਤਾਂ ਮਾਂ ਸਮਝਾਉਂਦੀ, ਪੱਲਿਆ! ਉਹ ਸੱਚੇ ਪਾਤਸ਼ਾਹ ਹਨ। ਉਹ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਦੀ ਛੇਵੀਂ ਜੋਤ ਹਨ। ਉਹ ਆਪਣੇ ਪਿਆਰਿਆਂ ਨੂੰ ਬਹੁਤ ਪਿਆਰ ਕਰਦੇ ਹਨ। ਜੋ ਵੀ ਉਹਨਾਂ ਨੂੰ ਦਿਲੋਂ ਹਿਰਦੇ ਨਾਲ ਯਾਦ ਕਰੇ ਉਸ ਨੂੰ ਉਹ ਜ਼ਰੂਰ ਮਿਲਦੇ ਹਨ। ਉਹਨਾਂ ਨੂੰ ਯਾਦ ਕਰਿਆ ਕਰ, ਉਹ ਸਾਨੂੰ ਦਰਸ਼ਨ ਦੀਦਾਰੇ ਜ਼ਰੂਰ ਬਖਸ਼ਣਗੇ। ਤੂੰ ਉਹਨਾਂ ਦੇ ਦਰਸ਼ਨਾਂ ਦਾ ਧਿਆਨ ਧਰ ਕੇ ਆਪਣੇ ਪੱਲੇ ਵਿੱਚ ਗੁੜ ਦੀ ਰੋੜੀ ਬੰਨ੍ਹ ਲੈ, ਜਦੋਂ ਦਰਸ਼ਨ ਹੋਣ ਉਸੇ ਵੇਲੇ ਇਹ ਭੇਟਾ ਉਹਨਾਂ ਨੂੰ ਅਰਪਣ ਕਰ ਦੇਵੀਂ।

ਭਾਈ ਪੱਲਾ ਬੱਸ ਉਸੇ ਦਿਨ ਤੋਂ ਆਪਣੇ ਪੱਲੇ (ਭਾਵ ਗਲ ਦਾ ਪਰਨਾ) (ਕੱਪੜੇ) ਵਿੱਚ ਗੁੜ ਦੀ ਰੋੜੀ ਬੰਨ੍ਹ ਕੇ ਇਹੋ ਅਰਦਾਸ ਕਰਦਾ, "ਸੱਚੇ ਪਾਤਸ਼ਾਹ ਜੀ ਕ੍ਰਿਪਾ ਕਰੋ,

ਦਰਸ਼ਨ ਦੀਦਾਰੇ ਬਖ਼ਸ਼ੋ ਜੀ।" ਇੰਝ ਹਰ ਸਮੇਂ ਚਿੱਤ ਨੂੰ ਸਤਿਗੁਰਾਂ ਦੇ ਚਰਨਾਂ ਵਿੱਚ ਹੀ ਜੋੜੀ ਰੱਖਦਾ। ਇੱਕ ਦਿਨ ਅਰਦਾਸ ਕਰਦਿਆਂ ਲਿਵ ਲੱਗ ਗਈ ਤੇ ਉਧਰੋਂ ਤੇਜ਼ ਗਰਮੀ ਤੇ ਬੇਹੋਸ਼ ਹੋ ਡਿੱਗ ਗਿਆ। ਉਧਰ ਅੰਤਰਜਾਮੀ ਸਤਿਗੁਰੂ ਜੀ ਨੂੰ ਸਾਰੇ ਹਾਲਾਤ ਦਾ ਪਤਾ ਲੱਗਾ ਤੇ ਸਤਿਗੁਰੂ ਪ੍ਰੇਮ ਦੀ ਖਿੱਚ ਨਾਲ ਬਾਬਾ ਬਕਾਲੇ ਵੱਲ ਚੱਲ ਗਏ। ਭੋਲੇ-ਭਾਲੇ ਪੱਲੇ ਦੇ ਪਿਆਰ ਦੇ ਸੰਬੰਧ ਕਾਰਨ ਸਤਿਗੁਰੂ ਬੁਤਾਲੇ ਪਹੁੰਚ ਗਏ। ਪਿੰਡ ਵਾਸੀਆਂ ਨੇ ਸਤਿਗੁਰੂ ਦਾ ਕੋਈ ਆਦਰ ਸਤਿਕਾਰ ਨਾ ਕੀਤਾ। ਸਤਿਗੁਰੂ ਜੀ ਨੇ ਘੋੜਾ ਭਾਈ ਪੱਲੇ ਦੇ ਖੇਤਾਂ ਵੱਲ ਦੌੜਾਇਆ ਤੇ ਦੇਖਿਆ ਕਿ ਪੱਲਾ ਬੇਹੋਸ਼ ਹੋ ਡਿੱਗ ਪਿਆ ਤੇ ਉਹਨਾਂ ਦੇ ਚਰਨਾਂ ਦਾ ਧਿਆਨ ਧਰ ਕੇ ਵਾਹਿਗੁਰੂ ਵਾਹਿਗੁਰੂ ਜੱਪ ਰਿਹਾ ਹੈ। ਸਤਿਗੁਰੂ ਕੋਲ ਜਾ ਕੇ ਕਹਿਣ ਲੱਗੇ, "ਪੱਲਿਆ ! ਚੱਲ ਉੱਠ ਤੇਰੇ ਪ੍ਰੇਮ ਦੀ ਪਕੜ ਨੇ ਸਾਨੂੰ ਤੇਰੇ ਕੋਲ ਏਥੇ ਖਿੱਚ ਲਿਆਂਦਾ ਹੈ।" ਪੱਲੇ ਨੇ ਜਦੋਂ ਦਰਸ਼ਨ ਦੀਦਾਰ ਕੀਤੇ ਤੇ ਮੱਥਾ ਚਰਨਾਂ ਨਾਲ ਜੋੜ ਦਿੱਤਾ। ਵੈਰਾਗ ਕਰਕੇ ਅੱਖਾਂ ਜਲ ਨਾਲ ਭਰ ਗਈਆਂ। ਸੱਚੇ ਪਾਤਸ਼ਾਹ ਨੇ ਆਖਿਆ, "ਪੱਲਿਆ ਤੂੰ ਨਿਹਾਲ।" ਪੱਲਿਆ ਤੂੰ ਤੇ ਸਾਨੂੰ ਗੁੜ ਛਕਾਉਣਾ ਸੀ, ਜੱਦ ਇਹ ਸੁਣਾਇਆ ਹੋਰ ਪਿਆਰ ਜਾਗਿਆ। ਸੋਚਦਾ ਹੈ ਕਿ ਜੋ ਮਾਂ ਨੇ ਸੁਣਾਇਆ ਇਹ ਤਾਂ ਪ੍ਰਤੱਖ ਹੈ ਜਿਸ ਗੱਲ ਦੇ ਪੱਲੇ 'ਚ ਗੁੜ ਦੀ ਰੋੜੀ ਦੀ ਗੰਢ ਬੰਨ੍ਹ ਕੇ ਰੱਖੀ ਭੇਟਾ ਕਰਨ ਵਾਸਤੇ ਗੰਢ ਖੁਲ੍ਹਦੀ ਨਹੀਂ। ਸਤਿਗੁਰੂ ਜੀ ਨੇ ਕਿਹਾ, "ਲਿਆ ਪੱਲਿਆ ਤੇਰੀਆਂ ਗੰਢਾਂ ਮੈਂ ਖੋਲ੍ਹ ਦਿਆਂ।" ਹੁਣ ਸਤਿਗੁਰੂ ਜੀ ਇੱਕ-ਇੱਕ ਗੰਢ ਆਪਣੇ ਹੱਥੀ ਖੋਲ੍ਹ ਰਹੇ ਹਨ ਜਿਵੇਂ ਪੱਲੇ ਦੀ ਜਨਮਾਂ-ਜਨਮਾਂ ਦੀ ਗ਼ਰੀਬੀ ਦੇ ਦੁੱਖ ਦੂਰ ਕਰ ਰਹੇ ਹੋਣ। ਗੁੜ ਛੱਕ ਕੇ ਆਖਿਆ ਸਾਨੂੰ ਅਤੇ ਸਾਡੇ ਸਿੱਖਾਂ ਨੂੰ ਬੜੀ ਭੁੱਖ ਲੱਗੀ ਹੈ ਘਰ ਚੱਲ ਕੇ ਪ੍ਰਸ਼ਾਦਾ ਛਕਾ। ਪੱਲਾ ਹੋਰ ਕੀ ਮੰਗਦਾ ਸੀ। ਅੰਤਰਜਾਮੀ ਤਾਂ ਘਟ-ਘਟ ਦੀ ਜਾਨਣ ਵਾਲੇ ਸਨ। ਮੇਰੇ ਧੰਨ ਭਾਗ ਸੱਚੇ ਪਾਤਸ਼ਾਹ ਆਉ ਜੀ ਆਇਆਂ ਨੂੰ। ਪੱਲਾ ਘੋੜੇ ਦੇ ਨਾਲ-ਨਾਲ ਦੌੜਨ ਲੱਗ ਪਿਆ। ਮਾਂ ਨੂੰ ਉੱਚੀ-ਉੱਚੀ ਕਹਿਣ ਲੱਗਾ, "ਮਾਂ ਜਿਹਨੂੰ ਰੋਜ਼ ਯਾਦ ਕਰਦੀ ਸੈਂ ਉਹ ਸਤਿਗੁਰੂ ਆ ਗਏ ਨੇ। ਸਾਡੇ ਸਾਰੇ ਦੁੱਖ ਦੂਰ ਹੋ ਗਏ ਹਨ।" ਪੱਲੇ ਨੂੰ ਇੰਝ ਲੱਗ ਰਿਹਾ ਸੀ ਕਿ ਜਿਵੇਂ ਕੋਈ ਰਾਜ ਮਿਲ ਗਿਆ ਹੋਵੇ। ਬੜਾ ਖ਼ੁਸ਼ ਸੀ। ਮਾਂ ਨੇ ਜਦੋਂ ਸਤਿਗੁਰੂ ਨੂੰ ਦੇਖਿਆ ਉਹਨੂੰ ਤਾਂ ਯਕੀਨ ਹੀ ਨਾ ਹੋਵੇ ਕਿ ਅੱਜ ਦੀਨ ਦੁਨੀਆਂ ਦਾ ਮਾਲਕ ਉਸਦੇ ਵਿਹੜੇ ਆਇਆ ਹੋਇਆ ਹੈ। ਝੱਟ ਚਰਨਾਂ'ਤੇ ਢਹਿ ਪਈ। ਏਨੇ ਚਿਰ ਨੂੰ ਸਿੱਖ ਵੀ ਆ ਪਹੁੰਚੇ।

ਪੱਲਾ ਤੇ ਉਸ ਦੀ ਮਾਂ ਕੋਲ ਤਾਂ ਥੋੜਾ ਜਿਹਾ ਕੁ ਆਟਾ ਸੀ ਤੇ ਥੋੜੀ ਜਿਹੀ ਦਾਲ। ਪਿੰਡ ਵਾਲਿਆਂ ਨੇ ਆਪਸ ਵਿੱਚ ਮਤਾ ਪਕਾਇਆ ਕਿ ਇਹ ਇੰਨੇ ਸਿੱਖਾਂ ਨੂੰ ਲੰਗਰ ਕਿਵੇਂ ਛਕਾਉਣਗੇ। ਨਾ ਛਕਾ ਸਕਣ 'ਤੇ ਇਹਨਾਂ ਦਾ ਮਖੌਲ ਬਣਾਵਾਂਗੇ। ਪਰ ਅੱਜ ਰੱਬ ਆਪ ਸੱਚੇ ਪਾਤਸ਼ਾਹ ਦੇ ਰੂਪ ਵਿੱਚ ਆ ਬੈਠਾ ਸੀ। ਮਾਤਾ ਨੇ ਆਟਾ ਗੁੰਨ੍ਹਿਆ ਅਤੇ ਦਾਲ ਬਣਾਉਣੀ ਸ਼ੁਰੂ ਕਰ ਦਿੱਤੀ। ਧੰਨ ਨੇ ਸਤਿਗੁਰੂ ਸੱਚੇ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ

ਆਪਣੇ ਸੇਵਕਾਂ ਦੀ ਪੱਤ ਰੱਖਣ ਵਾਲੇ। ਗੁਰੂ ਸਾਹਿਬ ਜੀ ਨੇ ਭਾਈ ਪੱਲੇ ਨੂੰ ਇੱਕ ਰੁਮਾਲ ਦਿੱਤਾ ਤੇ ਕਿਹਾ, ਲੰਗਰ ਉਤੇ ਪਾ ਦੇ ਤੇ ਵੇਖਣਾ ਨਹੀਂ ਵਸਤੂ ਕਿੰਨੀ ਰਹਿ ਗਈ ਹੈ। ਸਾਰੇ ਪਿੰਡ ਨੂੰ ਆਖੋ ਲੰਗਰ ਪ੍ਰਸ਼ਾਦ ਛੱਕੋ। ਉਹਨਾਂ ਤੋਂ ਬਾਅਦ ਸਿੱਖਾਂ ਨੂੰ ਛਕਾਉਣਾ। ਅਸੀਂ ਫਿਰ ਬਾਅਦ ਵਿੱਚ ਛਕਾਂਗੇ। ਮਖੌਲ ਉਡਾਉਣ ਵਾਲੇ ਘਰ ਆ ਕੇ ਪੰਗਤਾਂ ਵਿੱਚ ਬੈਠ ਕੇ ਲੰਗਰ ਛਕਣ ਲੱਗ ਪਏ ਤੇ ਦੇਖਣ ਲੱਗੇ ਕਿ ਇਨ੍ਹਾਂ ਘਰ ਤਾਂ ਏਨਾ ਰਾਸ਼ਨ ਹੋਣਾ ਨਹੀਂ, ਜੇ ਨਾ ਖਵਾਇਆ ਤਾਂ ਇਨ੍ਹਾਂ ਦਾ ਨਿਰਾਦਰ ਕਰਾਂਗੇ। ਸਾਰਾ ਪਿੰਡ ਲੰਗਰ ਛੱਕ ਗਿਆ। ਸਤਿਗੁਰਾਂ ਦੀ ਕ੍ਰਿਪਾ ਸਦਕਾ ਐਸੀ ਬਰਕਤ ਪਈ ਸਿੱਖਾਂ ਅਤੇ ਸਤਿਗੁਰਾਂ ਨੇ ਲੰਗਰ ਛਕਿਆ। ਫਿਰ ਦੀਵਾਨ ਲਗਾਇਆ। ਸਤਿਗੁਰਾਂ ਨੇ ਆਪ ਅਰਦਾਸ ਕੀਤੀ। ਸੰਤੀ ਤੇ ਭਾਈ ਪੱਲੇ ਦੇ ਭਾਗ ਹੀ ਜਾਗ ਪਏ।

ਭਾਈ ਪੱਲੇ ਨੂੰ ਗੁਰਮਤਿ ਪ੍ਰਚਾਰ ਦੀ ਜ਼ਿੰਮੇਵਾਰੀ ਝੋਲੀ ਵਿੱਚ ਪਾਈ। ਭਾਈ ਪੱਲੇ ਦੇ ਘਰ ਨੂੰ ਧਰਮਸ਼ਾਲਾ ਦਾ ਰੂਪ ਦਿੰਦੇ ਹੋਏ ਨੇਮ ਨਾਲ ਕਥਾ-ਕੀਰਤਨ ਆਰੰਭ ਕਰਵਾ ਦਿੱਤਾ। ਜਿਸ ਕਾਰਨ ਸਖੀ ਸਰਵਰੀਆਂ ਦਾ ਡੰਕਾ ਵੱਜਣਾ ਬੰਦ ਹੋ ਗਿਆ। ਹਰ ਰੋਜ਼ ਸਵੇਰੇ ਸ਼ਾਮ ਸੇਵਾ ਸਿਮਰਨ ਸ਼ੁਰੂ ਹੋ ਗਿਆ। ਭਾਈ ਪੱਲਾ ਅਤੇ ਉਸ ਦੀ ਮਾਤਾ ਸੰਤੀ ਨੂੰ ਸਤਿਗੁਰਾਂ ਨੇ ਬੇਅੰਤ ਬਖ਼ਸ਼ਿਸ਼ਾਂ ਝੋਲੀ ਵਿੱਚ ਪਾਈਆਂ ਕਿ ਮਾਂ ਪੁੱਤ ਦੇ ਸਦਕੇ ਸਾਰਾ ਇਲਾਕਾ ਗੁਰਸਿੱਖੀ ਨਾਲ ਜੁੜਿਆ। ਅੱਜ ਇਹਨਾਂ ਦੇ ਨਾਮ ਤੇ ਬੁਤਾਲਾ ਪਿੰਡ ਵਿੱਚ ਭਾਈ ਪੱਲਾ ਜੀ ਦਾ ਗੁਰਦੁਆਰਾ ਸ਼ੁਸ਼ੋਭਿਤ ਹੈ।

ਸਿੱਖਿਆ— ਆਸ ਪਾਸ ਦੇ ਵਿਰੋਧ ਦੇ ਬਾਵਜੂਦ ਵੀ ਭਾਈ ਪੱਲੇ ਦੀ ਮਾਤਾ ਨੇ ਗੁਰੂ ਦਾ ਦਰ ਨਹੀਂ ਛੱਡਿਆ।

## ਸਾਖੀ ਤੀਸਰੀ — ਭਾਈ ਸੋਮਾ ਜੀ

ਭਾਈ ਸੋਮਾ ਉਮਰ 14 ਸਾਲ, ਪਿਤਾ ਦਾ ਸਾਇਆ ਨਹੀਂ। ਮਾਂ ਨੇ ਘਰ ਗ਼ਰੀਬੀ ਹੋਣ ਕਾਰਨ ਸਕੂਲ ਭੇਜਣਾ ਬੰਦ ਕਰਕੇ ਘਰ ਦੀ ਰੋਟੀ ਦਾ ਗੁਜ਼ਾਰਾ ਕਰਨ ਲਈ ਸੋਮੇ ਨੂੰ ਕਿਹਾ ਮੈਂ ਤੈਨੂੰ ਘੁੰਗਣੀਆਂ ਬਣਾ ਦਿਆ ਕਰਾਂਗੀ ਤੂੰ ਵੇਚ ਆਇਆ ਕਰ। ਪਹਿਲੇ ਦਿਨ ਘੁੰਗਣੀਆਂ ਬਣਾਈਆਂ, ਛਾਬਾ ਤਿਆਰ ਕੀਤਾ। ਸੋਮਾ ਮਾਂ ਨੂੰ ਪੁੱਛਦਾ ਹੈ, ਕਿੱਥੇ ਬੈਠ ਕੇ ਵੇਚਾਂ ? ਮਾਂ ਕਹਿੰਦੀ ਗੁਰੂ ਰਾਮਦਾਸ ਜੀ ਅੰਮ੍ਰਿਤਸਰ ਵਿਖੇ ਤਾਲ (ਸਰੋਵਰ) ਦੀ ਖੁਦਵਾਈ ਕਰਵਾ ਰਹੇ ਹਨ, ਉੱਥੇ ਬਹੁਤ ਸੰਗਤਾਂ ਆਉਂਦੀਆਂ ਹਨ, ਬਹੁਤ ਇਕੱਠ ਹੁੰਦਾ ਹੈ, ਉੱਥੇ ਤੇਰੀ ਛਾਬੜੀ ਜਲਦੀ ਵਿੱਕ ਜਾਵੇਗੀ। ਰੋਜ਼ ਛਾਬੜੀ ਲਗਾਉਣੀ ਤੇ ਵੇਚਣੀ। ਇੱਕ ਦਿਨ ਕਰਮਾਂ ਭਾਗਾਂ ਵਾਲਾ ਦਿਨ ਆ ਗਿਆ। ਸੋਮਾ ਜਿੱਥੇ ਘੁੰਗਣੀਆਂ ਵੇਚਦਾ ਹੈ ਅੱਜ ਗੁਰੂ ਰਾਮਦਾਸ ਜੀ ਉਸ ਰਸਤੇ ਤੋਂ ਲੰਘੇ। ਜਿਧਰ ਸੋਮੇ ਨੇ ਛਾਬਾ ਲਾਇਆ ਸੀ ਦੂਜੀ ਭਾਗਾਂ ਦੀ ਬਾਤ ਛਾਬੇ ਵੱਲ ਨਜ਼ਰ ਪੈ ਗਈ,ਤੀਜੀ ਬਾਤ ਛਾਬੇ ਵੱਲ ਵੇਖ ਗੁਰੂ

ਜੀ ਨੂੰ ਆਪਣਾ ਸਮਾਂ ਯਾਦ ਆ ਗਿਆ ਕਿ ਜੱਦ ਮੈਂ ਛੋਟਾ ਸੀ ਉਦੋਂ ਮੈਂ ਵੀ ਇਸੇ ਤਰ੍ਹਾਂ ਘੁੰਗਣੀਆਂ ਵੇਚਦਾ ਸੀ। ਚੌਥੀ ਗੱਲ ਗੁਰੂ ਸਾਹਿਬ ਸੋਮੇ ਦੀ ਛਾਬੜੀ ਦੇ ਕੋਲ ਆ ਗਏ। ਪੰਜਵੀਂ ਬਖਸ਼ਿਸ਼ ਪੁੱਛ ਲਿਆ ਕੀ ਨਾਂ ਹੈ, ਤੂੰ ਕੀ ਕਰਦਾ ਹੈਂ ? ਛੇਵੀਂ ਬਖਸ਼ਿਸ਼ ਤਲੀ ਅੱਡ ਕੇ ਕਹਿੰਦੇ ਜੇ ਅੱਜ ਦੀ ਵੱਟਕ ਸਾਨੂੰ ਦੇ ਦੇਵੇਂ। ਬੜਾ ਔਖਾ ਵੱਟਕ ਦੇਣੀ ਪਰ ਉਸ ਬੱਚੇ ਨੇ ਸਾਰੀ ਵੱਟਕ ਗੁਰੂ ਜੀ ਦੀ ਤਲੀ ਤੇ ਰੱਖ ਦਿੱਤੀ। ਜਦੋਂ ਘਰ ਗਿਆ। ਮਾਂ ਕਹਿੰਦੀ ਵਟਕ ਕਿੱਥੇ ਹੈ ? ਘਰ ਵਿੱਚ ਬੜੀ ਗ਼ਰੀਬੀ ਸੀ। ਸੋਮਾ ਕਹਿਣ ਲੱਗਾ, ਅੱਜ ਮੇਰੇ ਛਾਬੇ ਅੱਗੋਂ ਗੁਰੂ ਰਾਮਦਾਸ ਲੰਘੇ ਤੇ ਕਹਿੰਦੇ ਅੱਜ ਦੀ ਸਾਰੀ ਵੱਟਕ ਸਾਨੂੰ ਦੇ ਦੇ, ਮੈਂ ਦੇ ਦਿੱਤੀ। ਮਾਂ ਕਹਿੰਦੀ ਸ਼ੁਕਰ ਹੈ ਸਾਡੀ ਸਾਂਝ ਪੈ ਗਈ। ਜੇ ਕੱਲ੍ਹ ਵੀ ਲੰਘਣ ਤੇ ਕੱਲ੍ਹ ਵੀ ਵਟਕ ਦੇ ਦੇਵੀਂ। ਜੇ ਨਾ ਲੰਘਣ ਦੇਣ ਚਲਾ ਜਾਵੀਂ। ਅਗਲੇ ਦਿਨ ਫਿਰ ਗੁਰੂ ਜੀ ਉਧਰੋਂ ਲੰਘੇ ਤੇ ਸੋਮੇ ਨੇ ਵੱਟਕ ਦੇ ਦਿੱਤੀ। ਤੀਜੇ ਦਿਨ ਗੁਰੂ ਜੀ ਨਹੀਂ ਆਏ, ਸੋਮਾ ਆਪ ਵੱਟਕ ਦੇਣ ਚਲਾ ਗਿਆ। ਗੁਰੂ ਜੀ ਤਲੀ ਅੱਗੇ ਕਰਕੇ ਕਹਿੰਦੇ ਲਿਆ ਸੋਮਿਆ ਵੱਟਕ, ਜਿਸ ਵੇਲੇ ਦਿੱਤੀ ਤਾਂ ਗੁਰੂ ਜੀ ਕਹਿੰਦੇ ਸੋਮਿਆਂ ਤੇਰੀ ਵੱਟਕ ਘੱਟਦੀ ਕਿਉਂ ਜਾ ਰਹੀ ਹੈ ? ਪਹਿਲੇ ਦਿਨ ਸਵਾ ਰੁਪਿਆ, ਦੂਜੇ ਦਿਨ 70 ਪੈਸੇ, ਤੀਜੇ ਦਿਨ 40 ਪੈਸੇ। ਸੋਮਾ ਕਹਿੰਦਾ ਮੈਂ ਗ਼ਰੀਬ ਹਾਂ। ਗੁਰੂ ਸਾਹਿਬ ਦਇਆ ਦੇ ਘਰ ਵਿੱਚ ਆ ਗਏ, ਕਹਿੰਦੇ, "ਤੂੰ ਗ਼ਰੀਬ ਨਹੀਂ ਸ਼ਾਹ ਹੈਂ," ਸੋਮਾ ਕਹਿੰਦਾ, "ਮੈਂ ਸ਼ਾਹ ਨਹੀਂ, ਗ਼ਰੀਬ ਹਾਂ," ਸਤਿਗੁਰੂ ਫਿਰ ਕਹਿੰਦੇ ਤੂੰ ਗ਼ਰੀਬ ਨਹੀਂ ਸ਼ਾਹ ਹੈਂ। ਉਸ ਸਮੇਂ ਕਹਿਣਾ ਬੰਦ ਕੀਤਾ ਜਦੋਂ ਤੱਕ ਜਨਮਾਂ-ਜਨਮਾਂ ਦੀ ਗ਼ਰੀਬੀ ਕੱਟੀ ਗਈ। ਹੁਣ ਸਤਿਗੁਰੂ ਜੀ ਨੇ ਸੋਚਿਆ ਇਸ ਦੇ ਮੂੰਹ ਤੋਂ ਸੁਣਨਾ ਹੈ ਇਹ ਸ਼ਾਹ ਹੈ। ਗੁਰੂ ਜੀ ਕਹਿੰਦੇ ਦੱਸ ਸੋਮਿਆ ਮਾਇਆ ਦੇਣ ਵਾਲਾ ਸ਼ਾਹ ਹੁੰਦਾ ਹੈ ਜਾਂ ਲੈਣ ਵਾਲਾ ? ਤਾਂ ਭਾਈ ਸੋਮਾ ਆਖਣ ਲੱਗਾ, "ਮਹਾਰਾਜ ਦੇਣ ਵਾਲਾ।" ਗੁਰੂ ਰਾਮਦਾਸ ਜੀ ਕਹਿੰਦੇ ਤੂੰ ਸਾਨੂੰ ਮਾਇਆ ਦਿੱਤੀ ਹੈ ਕਿ ਅਸੀਂ ਤੈਨੂੰ ਦਿੱਤੀ ਹੈ ? ਭੋਲੇ ਭਾਅ ਕਹਿਣ ਲੱਗਾ ਜੀ ਮੈਂ ਤੁਹਾਨੂੰ ਦਿੱਤੀ ਹੈ। ਗੁਰੂ ਜੀ ਕਹਿਣ ਲੱਗੇ, "ਫਿਰ ਤੂੰ ਸ਼ਾਹ ਹੋਇਆ ਕਿ ਅਸੀਂ ?" ਭੋਲੇ ਭਾਅ ਕਹਿੰਦਾ, "ਜੀ ਮੈਂ ਸ਼ਾਹ ਹੋਇਆ।" ਗੱਲ ਨਾਲ ਲਗਾ ਕੇ ਗੁਰੂ ਰਾਮਦਾਸ ਜੀ ਨੇ ਬਖਸ਼ਿਸ਼ ਕੀਤੀ ਤੇ ਵਰ ਦਿੱਤਾ, "ਭਾਈ ਸੋਮਾ ਸ਼ਾਹ, ਸ਼ਾਹਾਂ ਦਾ ਸ਼ਾਹ, ਬੇਪਰਵਾਹ" ਤੇ ਨਾਲ ਬਚਨ ਕੀਤਾ, "ਇਹ ਵਰ (ਬਖਸ਼ਿਸ਼) ਤੇਰੀਆਂ ਕੁਲਾਂ ਤੱਕ ਚਲੇਗਾ।"

ਨੋਟ— ਸ਼ਰਧਾ ਸਹਿਤ ਗੁਰੂ ਨਾਲ ਨਾਤਾ ਜੋੜਿਆ। ਸੋਮਾਂ ਜੀ ਬਖਸ਼ਿਸ਼ਾਂ ਦੇ ਪਾਤਰ ਬਣ ਗਏ। ਵੱਡੀ ਗੱਲ ਅੱਜ ਤੱਕ ਉਹਨਾਂ ਦੀ ਕੁਲ ਚੱਲ ਰਹੀ ਹੈ ਤੇ ਨਿਰੰਤਰ ਉਸੇ ਤਰ੍ਹਾਂ ਬਖਸ਼ਿਸ਼ਾਂ ਵਰਤ ਰਹੀਆਂ ਹਨ। ਇਸ ਸਮੇਂ ਭਾਈ ਸੋਮਾ ਜੀ ਦੀ ਕੁਲ ਵਿੱਚੋਂ ਦਿੱਲੀ ਵਿਖੇ ਭਾਈ ਅਵਤਾਰ ਸਿੰਘ ਸ਼ਾਹ ਜੀ ਸੇਵਾ ਨਿਭਾ ਰਹੇ ਹਨ।

ਸਿੱਖਿਆ — ਗੁਰੂ ਜੀ ਦੀ ਨਦਰਿ ਪਲ ਵਿੱਚ ਕੁਲਾਂ ਤੱਕ ਬਾਦਸ਼ਾਹੀਆਂ ਬਖਸ਼ ਸਕਦੀ ਹੈ।

# ਚੌਥੀ ਸਾਖੀ—ਭਾਈ ਕੀਰਤੀਆ ਜੀ

ਧੰਨ ਸ੍ਰੀ ਗੁਰੂ ਗੋਬਿੰਦ ਜੀ ਦਾ ਦਰਬਾਰ ਲੱਗਾ ਸੀ ਤਾਂ ਉਸ ਸਮੇਂ ਇਕ ਰਿੱਛ ਵਾਲੇ ਨੇ ਆ ਕੇ ਨਮਸਕਾਰ ਕੀਤਾ ਤੇ ਕਿਹਾ, ਸਤਿਗੁਰੂ ਜੀ ਜੇਕਰ ਆਗਿਆ ਦੇਵੋ ਤਾਂ ਮੈਂ ਆਪਣੇ ਰਿੱਛ ਦੀ ਹਾਜ਼ਰੀ ਲਗਵਾ ਲਵਾਂ। ਮੇਰੇ ਰਿੱਛ ਨੇ ਨੱਚਣਾ ਹੈ। ਸਤਿਗੁਰੂ ਜੀ ਨੇ ਇਜਾਜ਼ਤ ਦੇ ਦਿੱਤੀ। ਗੁਰੂ ਸਾਹਿਬ ਜੀ ਸਿੰਘਾਸਣ 'ਤੇ ਬੈਠੇ ਸੀ। ਜਦੋਂ ਮਾਲਕ ਸੋਟੀ ਥੱਲੇ ਕਰੇ, ਰਿੱਛ ਨਮਸਕਾਰ ਕਰੇ। ਮਾਲਕ ਆਖੇ, ਵੱਡਾ ਘਰ ਹੈ, ਵੱਡੀ ਦਾਤ ਮਿਲੇਗੀ। ਕਰ ਨਮਸਕਾਰ। ਸਾਰੇ ਹੱਸਣ ਕਿ ਇਕ ਜਾਨਵਰ ਨੂੰ ਕਿਵੇਂ ਸਿਖਾਇਆ ਹੋਇਆ ਹੈ। ਜਦੋਂ ਭਾਈ ਕੀਰਤੀਆ ਚੌਰ ਸਾਹਿਬ ਕਰਨ ਵਾਲਾ ਵੀ ਹੱਸਿਆ ਤਾਂ ਗੁਰੂ ਸਾਹਿਬ ਕਹਿੰਦੇ, ਸਾਰੇ ਭਾਵੇਂ ਹੱਸਣ ਪਰ ਤੂੰ ਨਾ ਹੱਸ। ਉਹ ਕਹਿਣ ਲੱਗਾ, ਕਿ ਮੈਂ ਕਿਉਂ ਨਾ ਹੱਸਾਂ? ਸਤਿਗੁਰੂ ਜੀ ਕਹਿੰਦੇ, ਤੂੰ ਨਾ ਹੱਸ, ਕਿਉਂਕਿ ਇਹ ਰਿੱਛ ਜੋ ਨੱਚ ਰਿਹਾ ਹੈ, ਤੇਰਾ ਪਿਤਾ ਸੋਭਾ ਰਾਮ ਹੈ। ਉਹ ਕਹਿਣ ਲੱਗਾ, ਮੇਰਾ ਪਿਤਾ ਤਾਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਦਰਬਾਰ ਵਿਚ ਸੰਗਤ ਕਰਦਾ ਰਿਹਾ ਸੀ, ਸੇਵਾ ਕਰਦਾ ਰਿਹਾ ਸੀ। ਕੜਾਹ ਪ੍ਰਸ਼ਾਦ ਦੀ ਦੇਗ਼ ਵਰਤਾਉਣ ਦੀ ਡਿਊਟੀ ਸੀ ਉਸ ਦੀ। ਸਤਿਗੁਰੂ ਸੰਗਤ, ਸੇਵਾ ਕਰਨ ਵਾਲੇ ਨੂੰ ਰਿੱਛ ਦਾ ਜਨਮ ਜੇ ਇਸ ਘਰ ਤੋਂ ਮੇਰੇ ਪਿਤਾ ਨੂੰ ਇਹ ਕੁਝ ਮਿਲਿਆ ਤਾਂ ਮੈਨੂੰ ਕੀ ਲਾਭ ਹੈ ਗੁਰੂ ਘਰ ਦੀ ਸੇਵਾ ਕਰਨ ਦਾ। ਉਸਨੇ ਚੌਰ ਸਾਹਿਬ ਰੱਖ ਦਿੱਤਾ ਤੇ ਕਹਿੰਦਾ ਮੈਂ ਨਹੀਂ ਸੇਵਾ ਕਰਨੀ। ਤਾਂ ਸਤਿਗੁਰੂ ਜੀ ਨੇ ਆਖਿਆ ਭਾਈ ਕੀਰਤੀਆ ਗੁੱਸਾ ਨਾ ਕਰ ਤੇ ਆਰਾਮ ਨਾਲ ਬੈਠ ਕੇ ਸੁਣ, ਤੇਰੇ ਪਿਤਾ ਨੇ ਸੰਗਤ ਵੀ ਕੀਤੀ, ਸੇਵਾ ਵੀ ਕੀਤੀ ਪਰ ਸੰਗਤ ਦੀ ਪ੍ਰਸੰਨਤਾ ਨਾ ਲਈ। ਕਿਧਰੇ ਕੋਈ ਹੁੰਦਾ ਆਪਣੀ ਪਛਾਣ ਦਾ, ਤੇ ਉਸ ਨਾਲ ਪਿਆਰ ਨਾਲ ਬੋਲਣਾ। ਬਾਕੀ ਸਾਰੀ ਸੰਗਤ ਨੂੰ ਗ਼ੁੱਸੇ ਨਾਲ ਪੈਂਦਾ ਸੀ। ਇਕ ਦਿਨ ਐਸਾ ਹੋਇਆ ਕਿ ਇਕ ਗ਼ਰੀਬ ਸਿੱਖ ਗੱਡੇ ਤੇ ਗੁੜ ਲੱਦ ਕੇ ਜਾ ਰਿਹਾ ਸੀ, ਰਸਤੇ ਵਿਚ ਗੁਰੂ ਘਰ ਦੇ ਦਰਸ਼ਨ ਕੀਤੇ ਤੇ ਦੂਜੇ ਪਾਸੇ ਉਸਦੇ ਗੱਡੇ ਨੂੰ ਬਲਦ ਲਈ ਜਾ ਰਿਹਾ ਸੀ। ਸਿੱਖ ਕਾਹਲੀ ਹੋਣ ਕਰਕੇ ਅੱਗੇ ਹੋਇਆ, ਤੇਰੇ ਪਿਤਾ ਪਾਸੋਂ ਪ੍ਰਸ਼ਾਦ ਦੀ ਮੰਗ ਕੀਤੀ ਤੇ ਤੇਰੇ ਪਿਤਾ ਨੇ ਨਾਂਹ ਕਰ ਦਿੱਤੀ। ਸਿੱਖ ਨੇ ਫਿਰ ਜਾਚਨਾ ਕੀਤੀ, ਤੇਰਾ ਪਿਤਾ ਗ਼ੁੱਸੇ ਨਾਲ ਬੋਲਿਆ, ਕਿਉਂ ਰਿੱਛ ਵਾਂਗ ਉੱਤੇ ਚੜ੍ਹੀ ਜਾ ਰਿਹਾ ਹੈ ਤਾਂ ਹੱਥ ਤੋਂ ਥੋੜਾ ਜਿਹਾ ਪ੍ਰਸ਼ਾਦ ਜ਼ਮੀਨ 'ਤੇ ਡਿੱਗਾ। ਸਿੱਖ ਨੇ ਚੁੱਕ ਕੇ ਛਕ ਲਿਆ, ਨਾਲ ਹੀ ਬਚਨ ਕੀਤਾ, ਗੁਰੂ ਘਰ ਵਿਚ ਗੁੱਸਾ ਨਹੀਂ ਪ੍ਰੇਮ ਚਾਹੀਦਾ ਹੈ, ਜਿਹੜੇ ਤੇਰੇ ਵਰਗੇ ਗੁੱਸੇਖੋਰੀ ਸੇਵਾਦਾਰ ਸੰਗਤ ਨੂੰ ਰਿੱਛ ਬਣਾਉਣ ਉਹ ਗੁਰੂ ਘਰ ਵਿਚ ਨਹੀਂ ਹੋਣੇ ਚਾਹੀਦੇ, ਰੱਬ ਕਰੇ ਤੂੰ ਖੁਦ ਰਿੱਛ ਬਣੇਂ। ਉਸ ਦੀ ਬਦੌਲਤ ਗੁਰ ਸੰਗਤ ਕੋਲੋਂ ਅਸੀਸ ਲੈਣ ਬਦਲੇ ਬਦਅਸੀਸ ਮਿਲੀ ਤੇ ਤੇਰਾ ਪਿਤਾ ਰਿੱਛ ਦੀ ਜੂਨੀ ਭੋਗ ਰਿਹਾ ਹੈ। ਅੱਜ ਇਹ ਗੁਰੂ ਘਰ ਵਿਚ ਕਿਸੇ ਬਹਾਨੇ ਪੁੱਜਾ ਹੈ, ਹੁਣ ਇਸ ਦਾ ਉਧਾਰ ਹੋਵੇਗਾ। ਭਾਈ ਕੀਰਤੀਆ ਨੇ ਇਹ ਸੁਣ ਕੇ ਗੁਰੂ ਜੀ ਤੋਂ ਮੁਆਫੀ ਮੰਗੀ ਤੇ ਪਹਿਲੇ ਦੀ ਤਰ੍ਹਾਂ ਚੌਰ ਸਾਹਿਬ ਦੀ ਸੇਵਾ ਕਰਨ ਲੱਗਾ ਅਤੇ ਗੁਰੂ

ਸਾਹਿਬ ਜੀ ਦੀ ਅਸੀਸ ਦਾ ਪਾਤਰ ਬਣਿਆ।

ਨੋਟ :- ਕਈ ਸੰਗਤ ਵਿਚ ਆਉਂਦੇ ਨੇ, ਸੇਵਾ ਵੀ ਕਰਦੇ ਨੇ ਪਰ ਗ਼ੁੱਸਾ ਨਹੀਂ ਜਾਂਦਾ, ਕਰੋਧ ਨਹੀਂ ਜਾਂਦਾ, ਮਨ ਨੀਵਾਂ ਨਹੀਂ ਹੁੰਦਾ। ਜਿੰਨੀਆਂ ਵੀ ਪੁਰਾਤਨ ਸਾਖੀਆਂ ਸਾਂਝੀਆਂ ਕਰ ਲਈਏ, ਜਿਸ ਨੇ ਵੀ ਸੰਗਤ ਕੀਤੀ, ਸੇਵਾ ਕੀਤੀ, ਨਾਲ ਸੰਗਤ ਦੀ ਪ੍ਰਸੰਨਤਾ ਲਈ, ਉਸ ਦੀ ਭਗਤੀ ਸਿਰੇ ਲੱਗੀ।

ਸਿੱਖਿਆ :- ਸਾਨੂੰ ਕਰੋਧ ਵਿਚ ਗੁਰੂ ਘਰ ਸੇਵਾ ਨਹੀਂ ਕਰਨੀ ਚਾਹੀਦੀ। ਮਨ ਨੀਵਾਂ ਕਰਕੇ ਸੇਵਾ ਕਰਨ ਵਿਚ ਹੀ ਗੁਰੂ ਦੀ ਖ਼ੁਸ਼ੀ ਹੈ।

# ਸਾਖੀ ਪੰਜਵੀਂ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ੀਸ਼ਾ

ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਬੋ ਕੀ ਤਲਵੰਡੀ ਜਿਥੇ ਅੱਜ ਪੰਜਵਾਂ ਤਖ਼ਤ ਦਮਦਮਾ ਸਾਹਿਬ ਹੈ, ਬਿਰਾਜਮਾਨ ਸਨ। ਦੂਰ-ਦੂਰ ਤੋਂ ਸੰਗਤਾਂ ਪਹੁੰਚ ਗੁਰੂ ਜੀ ਦੇ ਦਰਸ਼ਨ ਕਰ ਕੇ ਨਿਹਾਲ ਹੋ ਰਹੀਆਂ ਸਨ। ਇਕ ਦਿਨ ਕਾਬਲ ਤੋਂ ਸੰਗਤਾਂ ਗੁਰੂ ਜੀ ਦੇ ਦਰਸ਼ਨ ਵਾਸਤੇ ਸਾਬੋ ਕੀ ਤਲਵੰਡੀ ਆਈਆਂ। ਡੂੰਘੀ ਸੋਚ ਮੁਤਾਬਿਕ ਗੁਰੂ ਜੀ ਨੂੰ ਭੇਟਾ ਵਜੋਂ ਕੁਝ ਅਰਪਣ ਕਰਨ ਵਾਸਤੇ ਜਿਸ ਨਾਲ ਸੰਗਤ ਦੀ ਹਾਜ਼ਰੀ ਗੁਰੂ ਚਰਨਾਂ ਵਿਚ ਰੋਜ਼ ਲੱਗ ਸਕੇ ਦਰਪਣ (ਸ਼ੀਸ਼ਾ) ਲੈ ਕੇ ਆਈਆਂ। ਭਾਵਨਾ ਜਦ ਗੁਰੂ ਜੀ ਇਸ ਸ਼ੀਸ਼ੇ ਅੱਗੇ ਖੜੇ ਹੋ ਕੇ ਰੋਜ਼ ਦਸਤਾਰ ਸਜਾਉਣਗੇ ਤਾਂ ਸ਼ੀਸ਼ੇ ਵੱਲ ਦੇਖ ਸਾਡੀ ਸੰਗਤਾਂ ਦੀ ਯਾਦ ਆਏਗੀ ਤੇ ਸਾਡੀ ਗੁਰੂ ਚਰਨਾਂ ਵਿਚ ਹਾਜ਼ਰੀ ਲੱਗੇਗੀ। ਜਦ ਦਰਸ਼ਨ ਕਰਨ ਉਪਰੰਤ ਸੰਗਤਾਂ ਨੇ ਦਰਪਣ (ਸ਼ੀਸ਼ਾ) ਭੇਟਾ ਕੀਤਾ, ਸਤਿਗੁਰੂ ਜੀ ਨੇ ਆਪਣੇ ਹੱਥੀ ਖੋਲ੍ਹ ਕੇ ਦੇਖਿਆ, ਬੜੇ ਪ੍ਰਸ਼ੰਨ ਹੋਏ ਤੇ ਸੰਗਤਾਂ ਦੀ ਭਾਵਨਾ ਦੇਖ ਅਤਿਅੰਤ ਖ਼ੁਸ਼ੀਆਂ ਬਖਸ਼ੀਆਂ। ਨਾਲ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਰਪਾ ਕੀਤੀ ਤੇ ਬਚਨ ਕੀਤਾ ਸੰਗਤ ਜੀ ਜਿੰਨੇ ਦਿਨ ਇਸ ਥਾਂ ਤੇ ਟਿਕਾਣਾ ਕਰਾਂਗੇ ਇਸ ਸ਼ੀਸ਼ੇ ਦੇ ਅੱਗੇ ਖੜੇ ਹੋ ਕੇ ਦਸਤਾਰ ਸਜਾਵਾਂਗੇ, ਪਰ ਤੁਸੀਂ ਪ੍ਰੇਮ ਸਹਿਤ ਸ਼ੀਸ਼ਾ ਲੈ ਕੇ ਆਏ ਹੋ ਇਸ ਕਰਕੇ ਇਸ ਸ਼ੀਸ਼ੇ ਦੀ ਹਾਜ਼ਰੀ ਸਦਾ-ਸਦਾ ਲਈ ਬਣੇ ਅਸੀਂ ਇਸ ਸ਼ੀਸ਼ੇ ਨੂੰ ਵਰ ਦੇਂਦੇ ਹਾਂ ਰਹਿੰਦੀ ਦੁਨੀਆਂ ਤਕ ਕਿਸੇ ਸਰੀਰ ਨੂੰ ਅਧਰੰਗ, ਲਕਵਾ ਭਾਵ ਸਰੀਰ ਦਾ ਇਕ ਪਾਸਾ ਮਰ ਜਾਵੇ, ਉਹ ਭਾਵਨਾ ਸਹਿਤ ਇਥੇ ਆ ਕੇ ਸ਼ੀਸ਼ੇ ਦੇ ਸਾਹਮਣੇ ਬੈਠ ਕੇ ਵਾਹਿਗੁਰੂ ਵਾਹਿਗੁਰੂ ਦਾ ਸਿਮਰਨ ਕਰੇਗਾ ਤਾਂ ਉਸ ਸਰੀਰ ਦਾ ਇਹ ਰੋਗ ਰਾਜ਼ੀ ਹੋਵੇਗਾ।

ਨੋਟ :–ਇਹ ਸ਼ੀਸ਼ਾ ਸਾਬੋ ਕੀ ਤਲਵੰਡੀ ਬਠਿੰਡਾ ਸ਼ਹਿਰ ਤੋਂ ਕੁਝ ਕੁ ਮੀਲ ਦੂਰੀ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸ਼ਸ਼ੋਬਿਤ ਹੈ। ਭਾਵਨਾ ਸਹਿਤ ਉਥੇ ਤਿੰਨ ਦਿਨ ਰਹਿ ਕੇ ਜੋ ਉਥੋਂ ਦੇ ਗ੍ਰੰਥੀ ਸਿੰਘ ਜੀ ਦੁਆਰਾ ਦੱਸੀ ਮਰਿਯਾਦਾ ਅਨੁਸਾਰ ਸ਼ੀਸ਼ੇ ਅੱਗੇ ਬੈਠਦਾ ਹੈ, ਐਸੇ ਰੋਗੀਆਂ ਦੇ ਰੋਗ ਦੂਰ ਹੁੰਦੇ ਹਨ।

ਸਿੱਖਿਆ :– ਤਾਕਤ ਸ਼ੀਸ਼ੇ ਵਿਚ ਨਹੀਂ ਗੁਰੂ ਦੇ ਬਚਨਾਂ ਵਿਚ ਹੈ। ਉਸ ਬਚਨ ਸਦਕਾ ਅੱਜ ਵੀ ਝੋਲੀਆਂ ਭਰ ਰਹੀਆਂ ਹਨ।

# ਸਾਖੀ ਛੇਵੀਂ—ਭਾਈ ਦਿਆਲਾ ਜੀ

ਭਾਈ ਦਿਆਲਾ ਜੀ ਉਨ੍ਹਾਂ ਤਿੰਨ ਵਿਦਵਾਨ ਸਿੱਖਾਂ ਵਿੱਚੋਂ ਹਨ ਜਿਨ੍ਹਾਂ ਨੂੰ ਗੁਰੂ ਤੇਗ਼ ਬਹਾਦਰ ਜੀ ਦੇ ਨਾਲ ਸ਼ਹੀਦ ਕਰ ਦਿੱਤਾ ਗਿਆ।

ਆਪ ਜੀ ਦਾ ਜਨਮ ਪਿੰਡ ਮਨੀਪੁਰ, ਜ਼ਿਲ੍ਹਾ ਮੁਜ਼ੱਫਰਗੜ੍ਹ ਵਿਖੇ ਭਾਈ ਮਾਈ ਦਾਸ ਜੀ ਦੇ ਗ੍ਰਿਹਿ ਵਿਖੇ ਹੋਇਆ। ਆਪ ਜੀ ਦੀ ਮਾਤਾ ਦਾ ਨਾਮ ਮਧੁਰ ਬਾਈ ਜੀ ਸੀ। ਆਪ ਜੀ ਦੇ ਹੋਰ 11 ਭਰਾ ਸਨ, ਜਿਨ੍ਹਾਂ ਵਿਚੋਂ ਕੇਵਲ ਅਮਰ ਚੰਦ ਨੂੰ ਛੱਡ ਕੇ ਬਾਕੀ ਸਾਰੇ ਸਿੱਖ ਧਰਮ ਲਈ ਸ਼ਹੀਦ ਹੋਏ।

ਜਦੋਂ ਗੁਰੂ ਤੇਗ਼ ਬਹਾਦਰ ਜੀ ਗੁਰ–ਗੱਦੀ ’ਤੇ ਬੈਠਣ ਮਗਰੋਂ ਪੂਰਬ ਵਾਲੇ ਪਾਸੇ ਪ੍ਰਚਾਰ ਦੌਰੇ ’ਤੇ ਨਿਕਲੇ ਤਾਂ ਭਾਈ ਦਿਆਲਾ ਜੀ ਆਪ ਦੇ ਨਾਲ ਸਨ। ਪਟਨਾ ਸਾਹਿਬ ਪਹੁੰਚ ਕੇ ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਪ੍ਰਵਾਰ ਨੂੰ ਇਥੇ ਹੀ ਰਹਿਣ ਦਾ ਹੁਕਮ ਦਿੱਤਾ ਤੇ ਆਸਾਮ ਲਈ ਅੱਗੇ ਚੱਲ ਪਏ। ਪਟਨੇ ਸਾਹਿਬ ਵਿਖੇ ਗੁਰੂ–ਪ੍ਰਵਾਰ ਦੀ ਸੇਵਾ ਦੀ ਜ਼ਿੰਮੇਵਾਰੀ ਆਪ ਜੀ ਨੂੰ ਹੀ ਸੌਂਪੀ ਗਈ। ਆਪ ਨਾਮ–ਬਾਣੀ ਦੇ ਰਸੀਏ, ਪੱਕੇ ਇਰਾਦੇ ਵਾਲੇ ਗੁਰਸਿੱਖ, ਨੇਕ ਤੇ ਇਮਾਨਦਾਰ ਮਹਾਂਪੁਰਸ਼ ਸਨ। ਗੁਰੂ ਤੇਗ਼ ਬਦਾਹਰ ਜੀ ਆਪ ਦੀ ਬੜੀ ਕਦਰ ਕਰਿਆ ਕਰਦੇ ਸਨ। ਇਸ ਗੱਲ ਦਾ ਸਬੂਤ ਗੁਰੂ ਤੇਗ਼ ਬਹਾਦਰ ਜੀ ਦੁਆਰਾ ਲਿਖੇ ਗਏ ਹੁਕਮਨਾਮਿਆਂ ਤੋਂ ਵੀ ਮਿਲਦਾ ਹੈ।

ਔਰੰਗਜ਼ੇਬ ਨੇ ਉੱਤਰੀ ਭਾਰਤ ਵਿਚ ਸਖ਼ਤੀ ਦਾ ਦੌਰ ਸ਼ੁਰੂ ਕੀਤਾ ਤੇ ਜ਼ਬਰਦਸਤੀ ਲੋਕਾਂ ਨੂੰ ਇਸਲਾਮ ਦਾ ਧਰਮ ਕਬੂਲ ਕਰਨ ਵਾਸਤੇ ਕਿਹਾ ਜਾਣ ਲੱਗਾ। ਇਹੋ ਜਿਹੇ ਸਮੇਂ ਵਿਚ, ਲੋੜ ਸੀ ਕਿ ਕੋਈ ਇਨ੍ਹਾਂ ਜ਼ਾਲਮਾਂ ਦਾ ਟਾਕਰਾ ਕਰ ਕੇ ਲੋਕਾਂ ਨੂੰ ਧੀਰਜ ਦੇ ਸਕੇ ਤੇ ਮਜ਼ਲੂਮਾਂ ਦੀ ਬਾਂਹ ਪਕੜ ਸਕੇ। ਸੋ ਸ੍ਰੀ ਗੁਰੂ ਤੇਗ਼ ਬਹਾਦਰ ਜੀ ਆਪਣਾ ਆਸਾਮ ਦਾ ਦੌਰਾ ਜਲਦੀ–ਜਲਦੀ ਮੁਕਾ ਕੇ ਪੰਜਾਬ ਪਹੁੰਚ ਗਏ। ਉਨ੍ਹਾਂ ਭਾਈ ਦਿਆਲਾ ਜੀ ਨੂੰ

ਹੁਕਮ ਭੇਜ ਦਿੱਤਾ ਕਿ ਉਹ ਬਾਲ ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਤੇ ਗੁਰੂ-ਪਰਿਵਾਰ ਨੂੰ ਨਾਲ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਜਾਣ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਉਪਦੇਸ਼ ਸੀ ਕਿ 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥' -ਭਾਵ ਅਸੀਂ ਕਿਸੇ ਨੂੰ ਭੈ ਦਿੰਦੇ ਨਹੀਂ ਤੇ ਨਾ ਹੀ ਕਿਸੇ ਦਾ ਭੈ ਮੰਨਣ ਲਈ ਤਿਆਰ ਹਾਂ।

ਪੰਜਾਬ ਪਹੁੰਚ ਕੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਪਿੰਡ-ਪਿੰਡ ਫਿਰ ਕੇ ਲੋਕਾਂ ਨੂੰ ਹੌਸਲਾ ਦਿੱਤਾ ਤੇ ਜ਼ੁਲਮ ਵਿਰੁੱਧ ਡੱਟ ਜਾਣ ਦੀ ਪ੍ਰੇਰਨਾ ਦਿੱਤੀ। ਜਦੋਂ ਆਪ ਜੀ ਦੇ ਦਰਬਾਰ ਵਿਚ ਕਸ਼ਮੀਰ ਦੇ ਪੰਡਿਤ ਪਹੁੰਚੇ ਤਾਂ ਆਪ ਨੇ ਉਨ੍ਹਾਂ ਨੂੰ ਵੀ ਕਿਹਾ ਕਿ ਕਾਇਰ ਬਣਨ ਦੀ ਲੋੜ ਨਹੀਂ, ਬਲਵਾਨ ਬਣੋ ਤੇ ਮੌਤ ਦਾ ਭੈ ਤਿਆਗ ਕੇ ਆਪਣੇ ਹੱਕਾਂ ਦੀ ਰਾਖੀ ਕਰੋ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਪ੍ਰਚਾਰ ਤੋਂ ਭੈ-ਭੀਤ ਹੋ ਕੇ ਔਰੰਗਜ਼ੇਬ ਨੇ ਆਪ ਜੀ ਨੂੰ ਗ੍ਰਿਫਤਾਰ ਕਰ ਕੇ ਦਿੱਲੀ ਭੇਜਿਆ ਤਾਂ ਭਾਈ ਦਿਆਲਾ ਜੀ ਵੀ ਆਪ ਜੀ ਦੇ ਨਾਲ ਸਨ। ਮੁਗ਼ਲ ਹਾਕਮ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਡਰ, ਭੈ ਜਾਂ ਲਾਲਚ ਦੇ ਕੇ ਗੁਰੂ ਜੀ ਨੂੰ ਇਸਲਾਮ ਦੇ ਦਾਇਰੇ ਵਿਚ ਲੈ ਆਈਏ। ਪਰ ਜਦੋਂ ਸਾਰੇ ਯਤਨ ਫੇਲ੍ਹ ਹੋ ਗਏ ਤਾਂ ਉਨ੍ਹਾਂ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨਾਲ ਗ੍ਰਿਫ਼ਤਾਰ ਕੀਤੇ ਗਏ ਸਿੱਖਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰਨਾ ਸ਼ੁਰੂ ਕਰ ਦਿੱਤਾ ਤੇ ਫਿਰ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕਰਨ ਦਿੱਤਾ ਗਿਆ ਤੇ ਫਿਰ ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਜਿਉਂਦੇ ਹੀ ਸਾੜ ਕੇ ਰਾਖ਼ ਕਰ ਦਿੱਤਾ। ਭਾਈ ਦਿਆਲਾ ਜੀ ਨੂੰ ਉਬਲਦੀ ਦੇਗ਼ ਵਿਚ ਬਿਠਾ ਕੇ ਸ਼ਹੀਦ ਕਰਨ ਦਾ ਹੁਕਮ ਦਿੱਤਾ ਗਿਆ। ਭਾਈ ਦਿਆਲਾ ਜੀ ਅੰਤਮ ਸੁਆਸਾਂ ਤਕ ਗੁਰਬਾਣੀ ਦਾ ਪਾਠ ਕਰਦੇ ਰਹੇ। ਆਪ ਹੱਸਦੇ-ਹੱਸਦੇ ਸ਼ਹੀਦ ਹੋ ਗਏ, ਪਰ ਸਿੱਖੀ ਨੂੰ ਲਾਜ ਨਹੀਂ ਲੱਗਣ ਦਿੱਤੀ।

ਸਿੱਖਿਆ :- ਸਿੱਖੀ ਨਾਲ ਪਿਆਰ ਕਿਤਨਾ ਕਿਧਰੇ ਪੜ੍ਹ ਕੇ ਸਾਨੂੰ ਵੀ ਰੰਗ ਲੱਗ ਜਾਵੇ।

# ਸਾਖੀ ਸਤਵੀਂ—ਭਾਈ ਮਤੀਦਾਸ ਜੀ

ਭਾਈ ਮਤੀਦਾਸ ਜੋ ਕਿ ਭਾਈ ਪਿਰਾਗਾ ਦੇ ਸਪੁੱਤਰ ਸਨ। ਭਾਈ ਪਿਰਾਗਾ ਛੇਵੇਂ ਪਾਤਸ਼ਾਹ ਦਾ ਸਿੱਖ ਕੜੀਆਲਾ ਪਿੰਡ, ਜ਼ਿਲ੍ਹਾ ਜਿਹਲਮ, ਜੋ ਅੱਜ-ਕੱਲ੍ਹ ਪਾਕਿਸਤਾਨ ਵਿਚ ਹੈ, ਦੇ ਰਹਿਣ ਵਾਲਾ ਸੀ। ਭਾਈ ਪਿਰਾਗਾ ਦੇ ਚਾਰ ਸਪੁੱਤਰ ਸਨ-ਭਾਈ ਮਤੀਦਾਸ, ਸਤੀਦਾਸ, ਜਤੀਦਾਸ, ਸਖੀਦਾਸ। ਭਾਈ ਮਤੀਦਾਸ ਜੀ ਨੂੰ ਸਤਿਗੁਰੂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਆਪਣਾ ਦੀਵਾਨ ਥਾਪਿਆ ਸੀ। ਭਾਈ ਮਤੀਦਾਸ ਤੇ ਸਤੀਦਾਸ ਦੀ

ਕੁਰਬਾਨੀ ਗੁਰੂ ਸਾਹਿਬ ਜੀ ਦੇ ਨਾਲ ਦਿੱਲੀ ਵਿਖੇ ਹੋਈ। ਜਦੋਂ ਗੁਰੂ ਸਾਹਿਬ ਜੀ ਲੋਹੇ ਦੇ ਪਿੰਜਰੇ ਵਿਚ ਕੈਦ ਸਨ ਤਾਂ ਭਾਈ ਮਤੀ ਦਾਸ ਜੀ ਨੂੰ ਕਾਜ਼ੀ ਨੇ ਆਖਿਆ ਸਿੱਖੀ ਛੱਡ ਕੇ ਮੁਸਲਮਾਨ ਹੋ ਜਾਉ, ਤੁਹਾਨੂੰ ਬਹੁਤ ਸੁੱਖ ਦਿੱਤੇ ਜਾਣਗੇ, ਪ੍ਰੰਤੂ ਭਾਈ ਜੀ ਨੇ ਸਾਰੇ ਦੁਨਿਆਵੀ ਸੁਖ ਤੇ ਲਾਲਚ ਠੁਕਰਾ ਦਿੱਤੇ ਤੇ ਕਿਹਾ, ਮੈਂ ਸਿੱਖੀ ਨਹੀਂ ਛੱਡ ਸਕਦਾ ਭਾਵੇਂ ਮੇਰੀ ਜਾਨ ਵੀ ਚਲੀ ਜਾਵੇ। ਕਾਜ਼ੀ ਨੇ ਫਿਰ ਕਿਹਾ ਗੁਰੂ ਸਾਹਿਬ ਦਾ ਸਾਥ ਛੱਡ ਦਿਉ। ਭਾਈ ਸਾਹਿਬ ਨੇ ਕਿਹਾ ਗੁਰੂ ਸਾਹਿਬ ਜੀ ਨੂੰ ਛੱਡ ਕੇ ਮੈਂ ਜ਼ਿੰਦਾ ਨਹੀਂ ਰਹਿ ਸਕਦਾ। ਮਰਨਾ ਤਾਂ ਹੈ ਹੀ, ਕਿਉਂ ਨਾ ਸਿੱਖੀ ਨਿਭਾ ਕੇ ਹੀ ਮਰਾਂ। ਸਰਕਾਰ ਨੇ ਕਾਜ਼ੀ ਤੋਂ ਆਰੇ ਨਾਲ ਚੀਰਨ ਦਾ ਫ਼ਤਵਾ ਦਿਵਾਇਆ, ਜਿਸ ਨੂੰ ਭਾਈ ਸਾਹਿਬ ਨੇ ਹੱਸ ਕੇ ਕਬੂਲ ਕੀਤਾ। ਜਦੋਂ ਜਲਾਦ ਆਰੇ ਨੂੰ ਤਿੱਖਾ ਕਰਨ ਲੱਗੇ ਤਾਂ ਭਾਈ ਸਾਹਿਬ ਨੇ ਕਿਹਾ ਕਿ ਤੁਸੀਂ ਆਪਣੇ ਆਰੇ ਨੂੰ ਤਿੱਖਾ ਕਰੋ, ਮੈਂ ਆਪਣੇ ਮਨ ਨੂੰ ਤਿੱਖਾ ਕਰਾਂਗਾ। ਜਲਾਦਾਂ ਨੇ ਪੁੱਛਿਆ ਕਿ ਅਸੀਂ ਤਾਂ ਰੇਤੀ ਨਾਲ ਆਰੇ ਨੂੰ ਤਿੱਖਾਂ ਕਰਾਂਗੇ, ਤੇਰੇ ਕੋਲ ਮਨ ਨੂੰ ਤਿੱਖਾ ਕਰਨ ਦਾ ਕੀ ਸਾਧਨ ਹੈ ? ਤਾਂ ਭਾਈ ਸਾਹਿਬ ਨੇ ਉੱਤਰ ਦਿੱਤਾ ਕਿ ਮੇਰੇ ਕੋਲ ਗੁਰੂ ਨਾਨਕ ਦਾ ਬਖਸ਼ਿਆ ਜਪੁਜੀ ਸਾਹਿਬ ਦਾ ਪਾਠ ਹੈ। ਜਿਸ ਜਪੁਜੀ ਦੇ ਰੰਗ ਨੂੰ ਮੇਰੇ ਗੁਰੂ ਤੇਗ਼ ਬਹਾਦਰ ਸਾਹਿਬ ਨੇ ਪ੍ਰਸੰਨ ਹੋ ਕੇ ਚਾੜ੍ਹਨਾ ਕੀਤਾ ਹੈ। ਜਲਾਦਾਂ ਨੇ ਮਤੀ ਦਾਸ ਜੀ ਨੂੰ ਪੁੱਛਿਆ ਤੈਨੂੰ ਆਰੇ ਨਾਲ ਅੱਜ ਚੀਰਿਆ ਜਾਣਾ ਹੈ, ਤੈਨੂੰ ਡਰ ਨਹੀਂ ਲੱਗ ਰਿਹਾ ? ਤੇਰਾ ਮਨ ਨਹੀਂ ਕੰਬ ਰਿਹਾ ? "ਮਤੀ ਦਾਸ ਜੀ ਆਖਣ ਲੱਗੇ," ਜਿਸ ਸਿੱਖ ਅੰਦਰ ਗੁਰੂ ਦੀ ਬਾਣੀ ਦਾ ਵਾਸਾ ਹੋਵੇ ਉਸਨੂੰ ਡਰ ਨਹੀਂ ਲੱਗਦਾ, ਨਾ ਮਨ ਕੰਬਦਾ ਹੈ, ਮੈਂ ਤਾਂ ਅੱਜ ਬਹੁਤ ਖ਼ੁਸ਼ ਹਾਂ ਜੋ ਗੁਰੂ ਸਾਹਿਬ ਜੀ ਦੇ ਸਾਹਮਣੇ ਮੈਨੂੰ ਪੰਥ ਦੀ ਖਾਤਰ ਸ਼ਹੀਦੀ ਪ੍ਰਾਪਤ ਹੋ ਰਹੀ ਹੈ। ਜ਼ਿੰਦਗੀ ਦੀ ਕੋਈ ਐਸੀ ਚੀਜ਼ ਨਹੀਂ ਹੋਈ ਜਿਸਦਾ ਮੈਂ ਗੁਰੂ ਕ੍ਰਿਪਾ ਸਦਕਾ ਸੁਆਦ (ਆਨੰਦ) ਨਾ ਪ੍ਰਾਪਤ ਕੀਤਾ ਹੋਵੇ। ਬੱਸ ਇਕ ਇਹ ਆਰਾ ਰਹਿ ਗਿਆ ਸੀ ਜਿਸ ਦੇ ਨਾਲ ਮੈਨੂੰ ਚੀਰ ਕੇ ਸ਼ਹੀਦ ਕੀਤਾ ਜਾਣਾ ਹੈ। ਮਤੀਦਾਸ ਜੀ ਨੂੰ ਆਖ਼ਰੀ ਇੱਛਾ ਪੁੱਛਣ ਤੇ ਭਾਈ ਸਾਹਿਬ ਨੇ ਜਲਾਦਾਂ ਨੂੰ ਕਿਹਾ ਕਿ ਅੰਤ ਸਮੇਂ ਮੇਰਾ ਮੁਖ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪਿੰਜਰੇ ਵੱਲ ਹੋਵੇ, ਤਾਂ ਜੋ ਮੈਂ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਦਿਆਂ ਦਰਗਾਹ ਨੂੰ ਜਾਵਾਂ। ਭਾਈ ਸਾਹਿਬ ਨੇ ਜਪੁਜੀ ਦਾ ਪਾਠ ਸ਼ੁਰੂ ਕੀਤਾ, ਨਾਲ ਹੀ ਜਲਾਦਾਂ ਨੇ ਆਰਾ ਚਲਾਉਣਾ ਸ਼ੁਰੂ ਕਰ ਦਿੱਤਾ ਸੁੱਚੇ ਲਹੂ ਦੀਆਂ ਧਾਰਾਂ ਦੂਰ-ਦੂਰ ਤਕ ਵੱਗਣ ਲੱਗੀਆਂ, ਖ਼ੂਨ ਦੇ ਪਰਨਾਲੇ ਛੁੱਟ ਪਏ। ਵੇਖਣ ਵਾਲੇ ਲੋਕ, ਆਰਾ ਚਲਾਉਣ ਵਾਲਾ ਜਲਾਦ, ਫਤਵਾ ਦੇਣ ਵਾਲਾ ਕਾਜ਼ੀ ਕੰਬ ਉਠੇ, ਇਹ ਦੇਖ ਦੰਗ ਰਹਿ ਗਏ ਪਰ ਭਾਈ ਸਾਹਿਬ ਜੀ ਨੂੰ ਜ਼ਰਾ ਵੀ ਘਬਰਾਹਟ ਨਹੀਂ ਸੀ। ਜਿਵੇਂ-ਜਿਵੇਂ ਆਰਾ ਚਲ ਰਿਹਾ ਸੀ ਚਿਹਰੇ ਤੇ ਜਲਾਲ ਵੱਧ ਰਿਹਾ ਸੀ। ਵੇਖਣ ਵਾਲਿਆਂ ਦੇ ਰੋਂਗਟੇ ਖੜੇ ਹੋ ਗਏ। ਇਸ ਤਰ੍ਹਾਂ ਦੀ ਸ਼ਹੀਦੀ ਉਨ੍ਹਾਂ ਪਹਿਲਾਂ ਕਦੇ ਨਹੀਂ ਸੀ ਦੇਖੀ। ਅਜੇ 'ਅਸੰਖ ਜਪੁ' ਵਾਲੀ ਪਉੜੀ 'ਤੇ ਹੀ ਪਹੁੰਚੇ ਸਨ ਕਿ ਜਲਾਦਾਂ ਨੇ ਸਰੀਰ ਨੂੰ ਚੀਰ ਕੇ ਦੋ ਹਿੱਸਿਆ ਵਿਚ ਵੰਡ ਦਿੱਤਾ। ਭਾਈ ਸਾਹਿਬ ਦੀ ਜਲਾਦਾਂ ਨੂੰ ਹਦਾਇਤ ਸੀ ਕਿ ਚੀਰ ਬਿਲਕੁਲ ਸਿੱਧਾ ਹੋਵੇ, ਜੇ ਤੁਹਾਡੀ

ਗ਼ਲਤੀ ਨਾਲ ਚੀਰ ਟੇਢਾ ਲੱਗ ਗਿਆ ਤਾਂ ਕਿਤੇ ਕੋਈ ਇਹ ਨਾ ਕਹੇ ਕਿ ਭਾਈ ਸਾਹਿਬ ਆਰੇ ਤੋਂ ਡਰਦਾ ਡੋਲ ਗਿਆ ਸੀ, ਜਦ ਕਿ ਮੈਂ ਅਡੋਲ ਖੜਾ ਹਾਂ। ਇਸ ਤੋਂ ਬਾਅਦ ਇਕ ਹੋਰ ਅਸਚਰਜ ਗੱਲ ਹੋਈ ਕਿ ਸਰੀਰ ਦੇ ਦੋ ਹਿੱਸੇ ਹੋਣ ਤੋਂ ਬਾਅਦ ਵੀ ਜਪੁਜੀ ਸਾਹਿਬ ਦੀ ਅਵਾਜ਼ ਬੰਦ ਨਹੀਂ ਹੋਈ, ਦੋ ਹਿੱਸਿਆਂ ਵਿਚੋਂ ਇਕ ਹੀ ਅਵਾਜ਼ ਆਉਂਦੀ ਰਹੀ। ਜੈਸਾ ਕਿ ਇਕ ਹਿੱਸਾ ਬੋਲਦਾ ਹੈ 'ਅੰਤੁ ਨ ਸਿਫਤੀ ਕਹਣਿ ਨ ਅੰਤੁ ॥' ਦੂਜਾ ਹਿੱਸਾ ਵਿੱਚੋਂ ਅਵਾਜ਼ ਆਉਂਦੀ ਹੈ 'ਅੰਤੁ ਨ ਕਰਣੈ ਦੇਣਿ ਨ ਅੰਤੁ ॥' ਇਉਂ ਜਪੁਜੀ ਸਾਹਿਬ ਜੀ ਦਾ ਸੰਪੂਰਨ ਪਾਠ ਸਮਾਪਤ ਹੋਇਆ ਤੇ ਭਾਈ ਸਾਹਿਬ ਸ਼ਹੀਦ ਹੋ ਗਏ। ਦੁਨੀਆਂ ਦੇ ਇਤਿਹਾਸ ਤੇ ਭਾਈ ਸਾਹਿਬ ਜੀ ਦੀ ਸ਼ਹਾਦਤ ਬੇ-ਮਿਸਾਲ ਹੈ।

ਅਰੋਧ ਅਰਧ ਚਿਰਾਇ ਸੁ ਡਾਰਾ ॥ ਪਰਯੋ ਪ੍ਰਿਥਵੀ ਪਰ ਹ੍ਵੈ ਦੋ ਫਾਰਾ ॥
ਦੋਨਹੁੰ ਤਨ ਤੇ ਜਪੁ ਜੀ ਪਢੈ ॥ ਹੇਰਤ ਸਭ ਕੇ ਅਚਰਜ ਬਢੈ ॥ ੪੬ ॥

(ਗੁਰ ਪ੍ਰਤਾਪ ਸੂਰਜ, ਰਾਸਿ ੧੨, ਅੰਸੂ ੫੪)

ਇਸ ਪ੍ਰਕਾਰ ਭਾਈ ਮਤੀਦਾਸ ਜੀ ਦਾ ਮਨ ਨਾਮ ਦੇ ਗੂੜ੍ਹੇ ਰੰਗ ਵਿਚ ਰੰਗਿਆ ਹੋਇਆ ਸੀ। ਜਿਵੇਂ ਮਜੀਠੇ ਦਾ ਰੰਗ ਕੱਪੜੇ ਨੂੰ ਹੰਢਾਉਣ-ਪਾਟਣ ਤੋਂ ਬਾਅਦ ਵੀ ਨਹੀਂ ਲਹਿੰਦਾ। ਇਸੇ ਤਰ੍ਹਾਂ ਸਰੀਰ ਨੂੰ ਚੀਰਨ ਤੋਂ ਬਾਅਦ ਵੀ ਉਹ ਰੰਗ ਉਤਰਿਆ ਨਹੀਂ।

ਸਤਸੰਗਤਿ ਪ੍ਰੀਤਿ ਸਾਧ ਅਤਿ ਗੂੜੀ ਜਿਉ ਰੰਗੁ ਮਜੀਠ ਬਹੁ ਲਾਗਾ ॥

(ਅੰਗ ੯੯੫)

ਸਿੱਖਿਆ :- ਧੰਨ ਹਨ ਗੁਰੂ ਦੇ ਪਿਆਰ ਵਾਲੇ ਸਿੱਖ, ਜਿਨ੍ਹਾਂ ਦੇ ਜੀਵਨ ਪੜ੍ਹ ਕੇ ਐਸਾ ਪਿਆਰ ਗੁਰੂ ਨਾਲ ਸਾਡਾ ਵੀ ਹੋ ਜਾਵੇ।

# ਸਾਖੀ ਅੱਠਵੀਂ—ਸਲਾਰਦੀਨ ਕਾਜ਼ੀ ਦੇ ਗੁਰੂ ਜੀ ਦੀ ਸ਼ਰਨ ਆਉਣ ਦੀ

ਸ੍ਰੀ ਅਨੰਦਪੁਰ ਸਾਹਿਬ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸ਼ਰਨ ਵਿਚ ਇਕ ਸਲਾਰਦੀਨ ਕਾਜ਼ੀ ਗੁਰਦੇਵ ਦੇ ਦਰਸ਼ਨ ਲਈ ਆਇਆ। ਉਸਨੇ ਵੇਖਿਆ ਕਿ ਸਭ ਦੇਸ਼ਾਂ-ਪ੍ਰਦੇਸ਼ਾਂ ਦੀਆਂ ਸੰਗਤਾਂ ਆ ਕੇ ਭੇਟਾਵਾਂ ਅੱਗੇ ਧਰ ਕੇ ਸਤਿਗੁਰੂ ਮਹਾਰਾਜ ਦੇ ਪਵਿੱਤਰ ਚਰਨ-ਕਮਲਾਂ 'ਤੇ ਨਮਸਕਾਰਾਂ ਕਰਦੀਆਂ ਹਨ ਅਤੇ ਸਤਿਗੁਰੂ ਜੀ ਸਭ ਦੀਆਂ ਮਨੋਂ-ਕਾਮਨਾਵਾਂ ਪੂਰਨ ਕਰਨ ਵਾਸਤੇ ਵਰ ਬਖ਼ਸ਼ਦੇ ਹਨ। ਸਲਾਰਦੀਨ ਕਾਜ਼ੀ ਨੇ ਸ਼ੰਕਾ ਕਰਦਿਆਂ ਕਿਹਾ, "ਇਤਨੀ ਸੰਗਤ ਤੁਹਾਡੇ ਕੋਲ ਆਉਂਦੀ ਹੈ, ਅਰਦਾਸ ਕਰਦੀ

ਹੈ, ਬੇਨਤੀ ਕਰਦੀ ਹੈ। ਤੁਸੀਂ ਉਨ੍ਹਾਂ ਨੂੰ ਅਸੀਸ ਦੇ ਕੇ ਕੀ ਕਰ ਦੇਂਦੇ ਹੋ ? ਮੈਂ ਇਸ ਗੱਲ ਦਾ ਮਨੋਰਥ ਨਹੀਂ ਸਮਝਿਆ ਕਿਉਂਕਿ ਖ਼ੁਦਾ ਨੇ ਜੋ ਕਰਮਾਂ ਵਿਚ ਲਿਖਣਾ ਹੈ, ਉਹ ਤਾਂ ਪਹਿਲਾਂ ਹੀ ਲਿਖ ਦਿੱਤਾ ਹੈ।" ਸਤਿਗੁਰੂ ਜੀ ਨੇ ਕਾਜ਼ੀ ਦੀ ਤਸੱਲੀ ਕਰਵਾਉਣ ਲਈ ਤੋਸ਼ੇਖ਼ਾਨੇ ਵਿੱਚੋਂ ਇਕ ਸਫ਼ੈਦ ਕਾਗਜ਼, ਮੋਹਰ ਅਤੇ ਸਿਆਹੀ ਮੰਗਵਾਈ ਤੇ ਕਾਜ਼ੀ ਨੂੰ ਕਿਹਾ, "ਇਸ ਮੋਹਰ ਦੇ ਅੱਖਰ ਪੜ੍ਹੋ।" ਤਾਂ ਕਾਜ਼ੀ ਨੇ ਕਿਹਾ, "ਜੀ ਪੁਠੇ ਹੋਣ ਕਰਕੇ ਪੜ੍ਹੇ ਨਹੀਂ ਜਾਂਦੇ।" ਗੁਰੂ ਜੀ ਨੇ ਮੋਹਰ ਨਾਲ ਸਿਆਹੀ ਲਾ ਕੇ ਕਾਗਜ਼ 'ਤੇ ਠੱਪਾ ਲਾਇਆ, ਤਾਂ ਕਾਜ਼ੀ ਨੇ ਝੱਟ ਪੜ੍ਹ ਦਿੱਤੇ :

"ਅਸੀਂ ਪ੍ਰਮੇਸ਼ਰ ਦੇ ਭਾਣੇ ਤੋਂ ਉਲਟ ਨਹੀਂ ਚਲਦੇ, ਇਹ ਗੁਰੂ ਨਾਨਕ ਦਾ ਘਰ ਹੈ ਜੋ ਆਪ ਨਿਰੰਕਾਰ ਦਾ ਰੂਪ ਧਾਰ ਕੇ ਜਗਤ ਨੂੰ ਤਾਰਨ ਵਾਸਤੇ ਜਗਤ ਵਿਚ ਆਏ। ਜਦ ਕੋਈ ਜੀਵ ਆਪਣੇ ਮੰਦ ਕਰਮਾਂ ਦੇ ਲਿਖੇ ਪੁੱਠੇ ਲੇਖ ਲੈ ਕੇ ਗੁਰੂ ਜੀ ਦੀ ਸ਼ਰਨ ਵਿਚ ਆਉਂਦਾ ਹੈ ਤਾਂ ਉਸਦੇ ਪੁੱਠੇ ਲੇਖ ਸਿੱਧੇ ਹੋ ਜਾਂਦੇ ਹਨ। ਜੋ ਸ਼ਰਧਾ ਨਾਲ ਚਰਨਾਂ 'ਤੇ ਮਥਾ ਰੱਖਦੇ ਹਨ, ਉਹਨਾਂ ਦੇ ਲੇਖ ਮੋਹਰ ਦੀ ਤਰ੍ਹਾਂ ਪੁੱਠਿਆਂ ਤੋਂ ਸਿੱਧੇ ਹੋ ਜਾਂਦੇ ਹਨ।

ਸਿੱਖਿਆ :- ਗੁਰੂ ਨਾਨਕ ਦਾ ਘਰ ਬਖਸ਼ੀਸ਼ਾਂ ਦੇਣ ਵਾਲਾ ਹੈ। ਇਥੇ ਕੋਈ ਪੁੱਠੇ ਲੇਖਾਂ ਵਾਲਾ ਭਾਵ ਮਾੜੇ ਕਰਮਾਂ ਵਾਲਾ ਵੀ ਅੰਦਰੋਂ ਢਹਿ ਕੇ ਸ਼ਰਧਾ ਨਾਲ ਸ਼ਰਨ ਵਿਚ ਆ ਜਾਵੇ ਤਾਂ ਉਸਦੇ ਵੀ ਪੁੱਠੇ ਲੇਖ ਵੀ ਇਥੇ ਸਿੱਧੇ ਹੋ ਜਾਂਦੇ ਹਨ।

# ਸਾਖੀ ਨੌਵੀਂ—ਧੰਨ ਧੰਨ ਭਾਈ ਸ਼ਾਲ੍ਹੋ ਜੀ

ਭਾਈ ਸ਼ਾਲ੍ਹੋ ਜੀ ਦਾ ਆਗਮਨ ਭਾਈ ਦਿਆਲ ਜੀ ਅਤੇ ਮਾਤਾ ਸੁਖਦੇਈ ਜੀ ਦੇ ਘਰ ਪਿੰਡ ਧੋਲਾ ਕਾਂਗੜ ਮਾਲਵੇ ਦੇਸ਼ ਵਿਚ ਹੋਇਆ। ਜਦੋਂ ਭਾਈ ਸਾਹਿਬ ਜੀ ਦਾ ਆਗਮਨ ਹੋਇਆ ਉਸ ਸਮੇਂ ਹਮਾਯੂੰ ਤੇ ਸ਼ੇਰ ਸ਼ਾਹ ਸੂਰੀ ਵਿਚ ਆਪਸੀ ਜੰਗ ਕਰਕੇ ਕਈ ਪਿੰਡ ਤਬਾਹ ਹੋ ਗਏ, ਜਿਨ੍ਹਾਂ ਵਿਚ ਪਿੰਡ ਧੌਲਾ ਕਾਂਗੜ ਵੀ ਸੀ। ਇਸ ਲਈ ਆਪ ਜੀ ਦੇ ਮਾਤਾ ਪਿਤਾ ਪਰਿਵਾਰ ਸਮੇਤ ਮਜੀਠੇ ਜੋ ਕਿ ਸ੍ਰੀ ਅੰਮ੍ਰਿਤਸਰ ਤੋਂ ਨੌਂ ਮੀਲ ਦੀ ਦੂਰੀ 'ਤੇ ਹੈ, ਉਥੇ ਆਣ ਵੱਸੇ।

ਭਾਈ ਸ਼ਾਲ੍ਹੋ ਜੀ ਦੇ ਮਾਤਾ ਪਿਤਾ ਸਖੀ ਸਰਵਰ ਦੇ ਉਪਾਸ਼ਕ ਸਨ। ਇਕ ਵਾਰੀ ਨਿਗਾਹੇ ਸਖੀ ਸਰਵਰ ਦੀ ਜ਼ਿਆਰਤ ਕਰਨ ਗਏ ਤੇ ਮਨ ਵਿਚ ਫੁਰਨਾ ਬਣਿਆ ਗੁਰੂ

ਰਾਮਦਾਸ ਜੀ ਗੁਰੂ ਕਾ ਚੱਕ ਵਿਖੇ ਸਰੋਵਰ ਦੀ ਰਚਨਾ ਕਰਵਾ ਰਹੇ ਸਨ, ਸੰਗਤਾਂ ਸੇਵਾ ਤੇ ਦਰਸ਼ਨ ਕਰਨ ਜਾਂਦੀਆਂ ਹਨ, ਅਸੀਂ ਵੀ ਦਰਸ਼ਨ ਕਰ ਲਈਏ। ਜਦੋਂ ਦਰਸ਼ਨ ਹਿੱਤ ਗੁਰੂ ਰਾਮਦਾਸ ਜੀ ਕੋਲ ਪਹੁੰਚੇ ਤਾਂ ਜਾਣੀ ਜਾਣ ਸਤਿਗੁਰੂ ਜੀ ਨੇ ਇਹਨਾਂ ਵੱਲ ਤੱਕ ਕੇ ਕਿਹਾ, "ਪੀਰ ਦੀ ਜ਼ਿਆਰਤ ਨਾਲੋਂ ਸੇਵਾ ਕਰਕੇ ਜਨਮ ਸਫਲਾ ਕਰੋ।" ਬੱਸ ਫਿਰ ਕੀ ਸੀ ਬਾਬਾ ਜੀ ਦੇ ਮਾਤਾ ਪਿਤਾ ਤੇ ਭਾਈ ਸ਼ਾਲ੍ਹੋ ਜੀ ਗੁਰੂ ਜੀ ਦੇ ਚਰਨੀਂ ਢਹਿ ਪਏ। ਸਤਿਗੁਰੂ ਜੀ ਨੇ ਥਾਪੜਾ ਦਿੱਤਾ ਤੇ ਨਿੱਕੇ ਬਾਲ ਭਾਈ ਸ਼ਾਲ੍ਹੋ ਜੀ ਨੂੰ ਕੋਲ ਰੱਖ ਲਿਆ ਤੇ ਮਾਤਾ ਪਿਤਾ 'ਗੁਰੂ ਸਾਹਿਬ ਜੀ' ਕੋਲੋਂ ਆਗਿਆ ਲੈ ਕੇ ਵਾਪਸ ਮਜੀਠੇ ਆ ਗਏ।

ਗੁਰੂ ਰਾਮਦਾਸ ਜੀ ਨੇ ਆਪ ਜੀ ਦਾ ਅਥਾਹ ਪਿਆਰ ਤੇ ਸੇਵਾ ਵੇਖ ਕੇ ਆਪ ਜੀ ਨੂੰ ਵਰ ਦਿੱਤਾ :

ਰਾਮਦਾਸ ਗੁਰ ਮੁਖਹੁੰ ਉਚਾਰਾ॥
ਅਨਿਨ ਭਗਤ ਸਾਲ੍ਹੋ ਮਮ ਪਿਆਰਾ॥
ਇਹ ਗੁਰਸਿੱਖੀ ਕੇ ਕੋਤਵਾਲ॥
ਖਰੇ ਖੋਟੇ ਕੀ ਕਰਹਿ ਸੰਭਾਲ॥

ਗੁਰੂ ਰਾਮਦਾਸ ਜੀ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਵੇਲੇ ਵੀ ਭਾਈ ਸਾਹਿਬ ਜੀ ਉਸੇ ਤਰ੍ਹਾਂ ਸੇਵਾ ਕਰਦੇ ਰਹੇ। ਸਰੋਵਰ ਦੀ ਸੇਵਾ ਤੋਂ ਵੇਹਲੇ ਹੋ ਕੇ ਆਪ ਜੀ ਆਪਣੇ ਨਿਵਾਸ ਅਸਥਾਨ (ਜਿਥੇ, ਟੋਬਾ ਭਾਈ ਸ਼ਾਲ੍ਹੋ ਜੀ) ਚਲੇ ਜਾਂਦੇ। ਰਿਹਾਇਸ਼ ਦੇ ਬਾਹਰ ਇਕ ਖੂਹ ਸੀ ਜਿਥੇ ਆਪ ਜੀ ਰਾਹ ਜਾਂਦੇ ਰਾਹੀਆਂ ਨੂੰ ਜਲ ਛਕਾਉਂਦੇ। ਇਕ ਵਾਰੀ ਆਪ ਜੀ ਦੀ ਸਿਹਤ ਢਿੱਲੀ ਸੀ ਤਾਂ ਗੁਰੂ ਅਰਜਨ ਦੇਵ ਜੀ ਆਪ ਜੀ ਦਾ ਪਤਾ ਕਰਨ ਆਏ। ਕੀਰਤਨ ਦੇ ਦੀਵਾਨ ਲੱਗੇ ਤੇ ਸਾਰੀ ਰਾਤ ਕੀਰਤਨ ਹੁੰਦਾ ਰਿਹਾ। ਭਾਈ ਸਾਹਿਬ ਜੀ ਸਾਰੀ ਰਾਤ ਚੌਰ ਸਾਹਿਬ ਕਰਦੇ ਰਹੇ। ਜਦੋਂ ਗੁਰੂ ਜੀ ਦੀ ਸਮਾਧੀ ਖੁੱਲ੍ਹੀ ਤਾਂ ਗੁਰੂ ਜੀ ਨੇ ਵੇਖਿਆ ਭਾਈ ਸ਼ਾਲ੍ਹੋ ਜੀ ਸੇਵਾ ਕਰ ਰਹੇ ਹਨ। ਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ ਕੁਝ ਮੰਗ ਲਵੋ ਤਾਂ ਭਾਈ ਸਾਹਿਬ ਜੀ ਕਹਿੰਦੇ "ਆਪ ਜੀ ਦੀ ਮਿਹਰ ਹੈ।" ਤਾਂ ਗੁਰੂ ਅਰਜਨ ਦੇਵ ਜੀ ਕਹਿਣ ਲੱਗੇ, ਨਹੀਂ, ਕੁਝ ਮੰਗ ਲਵੋ।" ਭਾਈ ਸਾਹਿਬ ਜੀ ਕਹਿਣ ਲੱਗੇ, "ਜੇ ਆਪ ਤੁੱਠੇ ਹੋ ਤਾਂ ਮੰਗਾਂ ਵਾਲਾ ਖ਼ਾਨਾ ਹੀ ਖ਼ਤਮ ਕਰ ਦਿਉ।" ਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ, "ਜੇ ਤੁਸੀਂ ਨਹੀਂ ਮੰਗਦੇ ਤਾਂ ਅਸੀਂ ਇਥੇ ਸਰੋਵਰ ਦੀ ਰਚਨਾ ਕਰਵਾ ਦੇਂਦੇ ਹਾਂ।" ਤਾਂ ਭਾਈ ਸਾਹਿਬ ਜੀ ਨੇ ਕਿਹਾ, ਸਰੋਵਰ ਗੁਰੂ ਘਰ ਹੀ ਸੋਭਦੇ ਹਨ। ਇਹ ਟੋਭਾ ਹੀ ਰਹਿਣ ਦਿਉ।" ਹਜ਼ੂਰ ਨੇ ਪ੍ਰਸੰਨ ਹੋ ਕੇ ਕਿਹਾ, "ਇਹ ਟੋਭਾ ਹੁਣ ਟੋਭਾ ਹੀ ਨਹੀਂ ਰਹੇਗਾ, ਜੋ ਮਾਈ ਭਾਈ ਸ਼ਰਧਾ ਨਾਲ ਆਪਣੇ ਸੁੱਕੇ ਬੱਚਿਆਂ ਨੂੰ ਇਸ਼ਨਾਨ ਕਰਵਾਉਣਗੇ, ਉਹ ਹਰੇ-ਭਰੇ ਹੋ ਜਾਣਗੇ।"

ਭਾਈ ਸਾਹਿਬ ਜੀ ਦੀ ਇਤਨੀ ਕਮਾਈ ਸੀ ਕਿ ਇਕ ਵਾਰੀ ਸਰੋਵਰ ਦੀ ਸੇਵਾ ਲਈ ਇੱਟਾਂ ਖ਼ਤਮ ਹੋ ਗਈਆਂ। ਉਤੋਂ ਮੀਂਹ ਦੀ ਝੜੀ ਲੱਗੀ ਹੋਈ ਸੀ, ਸਭ ਥਾਵਾਂ ਗਿੱਲੀਆਂ ਸਨ, ਇੱਟਾਂ ਦੇ ਆਵੇ ਲਈ ਸੁੱਕੇ ਬਾਲਣ ਦੀ ਲੋੜ ਪਈ। ਬਾਬਾ ਜੀ ਨੇ ਆਪਣੇ ਸਿਰ ’ਤੇ ਟੋਕਰੀ ਚੁੱਕ ਕੇ ਹੋਰਨਾਂ ਸੰਗਤਾਂ ਨੂੰ ਆਖਿਆ ਚੁੱਕੋ ਟੋਕਰੀਆਂ, ਨਗਰਾਂ ਵਿਚੋਂ ਬਾਲਣ ਲੈ ਆਈਏ, ਬਾਬਾ ਜੀ ਦਾ ਇਹ ਹੁਕਮ ਸੁਣ ਕੇ ਅਨੇਕਾਂ ਸੰਗਤਾਂ ਤਿਆਰ ਹੋ ਗਈਆਂ ਤੇ ਬਾਬਾ ਜੀ ਉਹਨਾਂ ਨੂੰ ਨਾਲ ਲੈ ਕੇ ਆਲੇ-ਦੁਆਲੇ ਦੇ ਪਿੰਡਾਂ ਵਿਚ ਗਏ ਤੇ ਆਪ ਨੇ ਹੋਕਾ ਦਿੱਤਾ ਜੋ ਸਰੋਵਰ ਲਈ ਇੱਟਾਂ ਪਕਾਣ ਵਾਸਤੇ ਇਕ ਪਾਥੀ ਵੀ ਦੇਵੇਗਾ ਉਸ ਨੂੰ ਪੁੱਤਰ ਦੀ ਦਾਤ ਪ੍ਰਾਪਤ ਹੋਵੇਗੀ। ਪਿੰਡਾਂ ਵਾਲਿਆਂ ਜਿਸ ਵਿਚ ਕਈ ਪੁੱਤਰਾਂ ਦੀ ਦਾਤ ਤੋਂ ਵਾਂਝੇ ਸਨ, ਇਕ-ਇਕ ਦੀ ਥਾਂ ਬਹੁਤੀਆਂ-ਬਹੁਤੀਆਂ ਪਾਥੀਆਂ ਦਿੱਤੀਆਂ ਤੇ ਟੋਕਰੀਆਂ ਭਰ ਦਿੱਤੀਆਂ। ਪਾਥੀਆਂ ਲੈ ਕੇ ਬਾਬਾ ਜੀ ਸੰਗਤਾਂ ਸਮੇਤ ਗੁਰੂ ਮਹਾਰਾਜ ਦੇ ਦਰਬਾਰ ਹਾਜ਼ਰ ਹੋਏ ਤਾਂ ਜਾਣੀ ਜਾਣ ਸਤਿਗੁਰੂ ਜੀ ਨੇ ਬਾਬਾ ਜੀ ਨੂੰ ਆਖਿਆ, ‘ਬੜਾ ਸਸਤਾ ਸੌਦਾ ਕਰ ਆਏ ਹੋ। ਇਕ ਪਾਥੀ ਪਿੱਛੇ ਇਕ ਪੁੱਤਰ।’

ਅੱਗੋਂ ਬਾਬਾ ਜੀ ਨੇ ਉੱਤਰ ਦਿੱਤਾ ਨਹੀਂ ਮਹਾਰਾਜ ‘ਇਹ ਤਾਂ ਤੁਹਾਡੀ ਰਮਜ਼ ਤੇ ਬਖ਼ਸ਼ਸ਼ ਦੁਆਰਾ ਸੱਖਣੀਆਂ ਝੋਲੀਆਂ ਭਰੀਆਂ ਜਾਣਗੀਆਂ, ਇਹ ਤੁਹਾਡੀ ਹੀ ਕਿਰਪਾ ਹੈ। ਆਪ ਦੇ ਸੇਵਕ ਤੋਂ ਭੁਲ ਹੋ ਗਈ ਹੈ।’ ਤਾਂ ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਵਰ ਦਿੱਤਾ, ‘ਜੋ ਮਾਈ ਭਾਈ ਸੱਚੇ ਦਿਲੋਂ ਤੁਹਾਡਾ ਧਿਆਨ ਕਰਕੇ ਗੁਰੂ ਘਰ ਦੀ ਸੇਵਾ ਕਰਿਆ ਕਰਨਗੇ, ਉਹਨਾਂ ਦੀ ਸੱਖਣੀ ਝੋਲੀ ਭਰ ਜਾਵੇਗੀ, ਉਹ ਪੁੱਤਰ ਦੀ ਦਾਤ ਆਪ ਦੇ ਅਸਥਾਨ ਤੋਂ ਪ੍ਰਾਪਤ ਕਰਨਗੇ।’ ਜਦੋਂ ਛੇਵੇਂ ਪਾਤਸ਼ਾਹ ਗਵਾਲੀਅਰ ਤੋਂ ਵਾਪਸ ਅੰਮ੍ਰਿਤਸਰ ਪੁੱਜੇ ਤਾਂ ਕੁਝ ਸਮੇਂ ਬਾਅਦ ਭਾਈ ਸਾਹਿਬ ਜੀ ਅਕਾਲ ਚਲਾਣਾ ਕਰ ਗਏ।

ਭਾਈ ਸ਼ਾਲ੍ਹੋ ਜੀ ਦਾ ਅੰਤਿਮ ਸੰਸਕਾਰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਹੱਥੀਂ ਕੀਤਾ।

ਸਿੱਖਿਆ :- ਜਿਹੜਾ ਸਿੱਖ ਨਿਸ਼ਕਾਮ ਅਤੇ ਨਿਸਵਾਰਥ ਹੋ ਕੇ ਗੁਰੂ ਘਰ ਸੇਵਾ ਕਰੇ ਸਤਿਗੁਰੂ ਜੀ ਉਸਨੂੰ ਬਹੁਤ ਪਿਆਰ ਕਰਦੇ ਹਨ ਤੇ ਅਗਾਂਹ ਝੋਲੀਆਂ ਭਰਨ ਵਾਲਾ ਬਣਾ ਦੇਂਦੇ ਹਨ।

# ਸਾਖੀ ਦੱਸਵੀਂ—ਭਾਈ ਲਾਲੋ ਜੀ ਦੀ ਸਾਖੀ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਅਤੇ ਬਾਲਾ ਜੀ ਸਮੇਤ ਸੁਲਤਾਨਪੁਰ ਲੋਧੀ ਤੋਂ ਵਿਦਾ ਹੋ ਕੇ ਪਹਿਲਾਂ ਪੜਾਅ ਸੈਦਪੁਰ (ਏਮਨਾਬਾਦ) ਵਿਚ ਕੀਤਾ। ਗੁਰੂ ਜੀ ਨੇ ਵੇਖਿਆ ਕਿ ਇਕ ਔਜ਼ਾਰ ਬਣਾਉਣ ਵਾਲਾ ਭਾਈ ਲਾਲੋ ਜੀ ਨਾਮ ਦਾ ਕਾਰੀਗਰ ਮਸਤੀ ਨਾਲ ਆਪਣੇ ਕੰਮ ਵਿਚ ਲੱਗਾ ਹੈ। ਗੁਰੂ ਜੀ ਕੁਝ ਸਮਾਂ ਉਸ ਵੱਲ ਵੇਖਦੇ ਰਹੇ ਤੇ ਭਾਈ ਮਰਦਾਨਾ ਜੀ ਨੂੰ ਕਿਹਾ ਅੱਜ ਸਾਨੂੰ ਪਹਿਲਾ ਸਿੱਖ ਮਿਲ ਗਿਆ ਹੈ। ਜਦੋਂ ਭਾਈ ਲਾਲੋ ਜੀ ਨੇ ਕੰਮ ਕਰਦੇ ਹੋਏ ਵੇਖਿਆ ਕਿ ਇਕ ਨਿਰੰਕਾਰੀ ਜੋਤ ਉਸਦੇ ਘਰ ਆਈ ਖੜੀ ਹੈ, ਤਾਂ ਉਸਦੇ ਮਨ ਵਿਚ ਅਗੰਮੀ ਖ਼ੁਸ਼ੀ ਦੀ ਲਹਿਰ ਚਲ ਪਈ। ਉਨ੍ਹਾਂ ਨੇ ਉਠ ਕੇ ਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਜੀ ਆਇਆਂ ਆਖਿਆ। ਗੁਰੂ ਜੀ ਲਈ ਪ੍ਰਸ਼ਾਦਾ ਤਿਆਰ ਕਰਵਾਇਆ ਤੇ ਗੁਰੂ ਜੀ ਦੀ ਸੇਵਾ ਕਰਨ ਲੱਗ ਪਏ। ਗੁਰੂ ਜੀ ਜਦੋਂ ਭਾਈ ਲਾਲੋ ਜੀ ਦੇ ਘਰ ਪ੍ਰਸ਼ਾਦਾ ਛੱਕਣ ਲੱਗੇ ਤਾਂ ਭਾਈ ਲਾਲੋ ਜੀ ਨੂੰ ਆਪਣੇ ਨਾਲ ਹੀ ਬਿਠਾ ਲਿਆ। ਇਹ ਵੇਖ ਕੇ ਆਸ-ਪਾਸ ਦੇ ਲੋਕ ਹੈਰਾਨ ਹੋਣ ਲੱਗ ਪਏ ਕਿ ਇਹ ਕਿਹੜੇ ਮਹਾਂਪੁਰਸ਼ ਹਨ ਜਿਹੜੇ ਊਚ-ਨੀਚ ਦਾ ਜ਼ਰਾ ਵੀ ਭੇਦ-ਭਾਵ ਨਹੀਂ ਰੱਖਦੇ।

ਦੂਜੇ ਪਾਸੇ ਮਲਕ ਭਾਗੋ ਜੋ ਇਲਾਕੇ ਦਾ ਵੱਡਾ ਜ਼ਿਮੀਦਾਰ ਸੀ, ਸੈਦਪੁਰ ਦੇ ਹਾਕਮ ਜ਼ਾਲਮ ਖ਼ਾਂ ਦਾ ਵੱਡਾ ਅਹਿਲਕਾਰ ਸੀ। ਉਹ ਗ਼ਰੀਬਾਂ ਤੇ ਕਮਜ਼ੋਰਾਂ ਦਾ ਲਹੂ ਚੂਸ ਕੇ ਧਨ ਇਕੱਠਾ ਕਰਦਾ ਸੀ। ਮਲਕ ਭਾਗੋ ਨੇ ਇਕ ਵੱਡੇ ਸਾਰੇ ਭੋਜਨ ਦਾ ਪ੍ਰਬੰਧ ਕੀਤਾ, ਇਸ ਭੋਜ ਵਿਚ ਬਹੁਤ ਸਾਰੇ ਪੰਡਿਤਾਂ, ਸਰੋਤਾਂ ਅਤੇ ਬਰਾਦਰੀ ਵਾਲਿਆਂ ਨੂੰ ਸੱਦਿਆ। ਉਥੇ ਇਲਾਕੇ ਵਿਚ ਆਏ ਰੱਬੀ ਪੈਗ਼ੰਬਰ ਗੁਰੂ ਨਾਨਕ ਦੇਵ ਜੀ ਨੂੰ ਵੀ ਸੱਦਿਆ, ਸਤਿਗੁਰੂ ਜੀ ਨੇ ਪਹਿਲਾਂ ਤਾਂ ਨਾਂਹ ਕਰ ਦਿੱਤੀ, ਫਿਰ ਬਹੁਤ ਜ਼ੋਰ ਪਾਉਣ ਤੇ ਵਿਚਾਰਾਂ ਦਾ ਪ੍ਰਗਟਾਵਾ ਕਰਨ ਦਾ ਚੰਗਾ ਮੌਕਾ ਸਮਝ ਮਲਕ ਭਾਗੋ ਦੇ ਘਰ ਚਲੇ ਗਏ।

ਮਲਕ ਨੇ ਬੜਾ ਆਦਰ ਮਾਣ ਕੀਤਾ ਅਤੇ ਭੋਜਨ ਛੱਕਣ ਲਈ ਥਾਲ ਪਰੋਸ ਕੇ ਦਿੱਤਾ। ਗੁਰੂ ਜੀ ਨੇ ਭੋਜਨ ਛਕਣ ਤੋਂ ਨਾਂਹ ਕਰ ਦਿੱਤੀ। ਸਭਾ ਵਿਚ ਹੈਰਾਨੀ ਵਰਤ ਗਈ। ਮਲਕ ਨੇ ਨਾਂਹ ਦਾ ਬੜੇ ਗੁੱਸੇ ਵਿਚ ਕਾਰਨ ਪੁੱਛਿਆ ਤਾਂ ਗੁਰੂ ਜੀ ਨੇ ਕਿਹਾ "ਤੁਹਾਡੀ ਕਮਾਈ ਨੇਕ ਨਹੀਂ ਹੈ, ਤੁਸੀਂ ਗ਼ਰੀਬਾਂ ਨਾਲ ਧੱਕਾ ਕਰਕੇ ਉਨ੍ਹਾਂ ਦਾ ਲਹੂ ਨਿਚੋੜ ਕੇ ਧਨ ਇਕੱਠਾ ਕੀਤਾ ਹੈ, ਸਾਨੂੰ ਤੁਹਾਡੇ ਭੋਜਨ ਵਿੱਚੋਂ ਗ਼ਰੀਬਾਂ ਦਾ ਲਹੂ ਨਜ਼ਰ ਆਉਂਦਾ ਹੈ। ਇਸ ਲਈ ਸਾਥੋਂ ਇਹ ਭੋਜਨ ਖਾਧਾ ਨਹੀਂ ਜਾਂਦਾ।"

ਤਦ ਗੁਰੂ ਜੀ ਨੇ ਆਪਣੇ ਝੋਲੇ ਵਿਚੋਂ ਭਾਈ ਲਾਲੋ ਦੇ ਘਰ ਦੀ ਸੁੱਕੀ ਕੋਧਰੇ ਦੀ

ਰੋਟੀ ਕੱਢੀ ਤੇ ਆਪਣੇ ਸੱਜੇ ਹੱਥ ਵਿਚ ਰੱਖਿਆ, ਦੂਜੇ ਪਾਸੇ ਮਲਕ ਭਾਗੋ ਦੇ ਭੋਜਨ ਵਿਚੋਂ ਇਕ ਰੋਟੀ ਚੁੱਕ ਕੇ ਖੱਬੇ ਹੱਥ ਵਿਚ ਰੱਖੀ, ਦੋਨਾਂ ਨੂੰ ਹੱਥਾਂ ਵਿਚ ਨਿਚੋੜਿਆ ਤਾਂ ਨੇਕ ਕਮਾਈ ਕਰਨ ਵਾਲੇ ਲਾਲੋ ਦੀ ਰੋਟੀ ਵਿਚੋਂ ਦੁੱਧ ਅਤੇ ਮਲਕ ਦੇ ਭੋਜਨ ਜੋ ਨੇਕ ਕਮਾਈ ਨਹੀਂ ਸੀ ਉਸਦੇ ਵਿਚੋਂ ਖ਼ੂਨ ਨਿਕਲਦਾ ਨਜ਼ਰ ਆਇਆ। ਇਹ ਵੇਖ ਕੇ ਮਲਕ ਦਾ ਹੰਕਾਰ ਟੁੱਟ ਗਿਆ ਤੇ ਗੁਰੂ ਜੀ ਦੇ ਚਰਨੀਂ ਪਿਆ। ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਸੱਚੀ-ਸੁੱਚੀ ਕਿਰਤ ਵਿਚ ਹੀ ਪਰਮਾਤਮਾ ਨੇ ਬਰਕਤ ਪਾਈ ਹੈ, ਸਾਨੂੰ ਗ਼ਰੀਬਾਂ ਤੇ ਅਤਿਆਚਾਰ ਤੇ ਧੋਖਾਧੜੀ ਨਾਲ ਕਮਾਈ ਹੋਈ ਕਿਰਤ ਨਹੀਂ ਕਰਨੀ ਚਾਹੀਦੀ।

ਸਿੱਖਿਆ :- ਸਾਨੂੰ ਹਮੇਸ਼ਾਂ ਦਸਾਂ ਨਹੁੰਆਂ ਦੀ ਸੱਚੀ ਸੁੱਚੀ ਕਿਰਤ ਹੀ ਕਰਨੀ ਚਾਹੀਦੀ ਹੈ। ਗ਼ਰੀਬ ਮਾਰ ਕਰਕੇ ਗ਼ਲਤ ਤਰੀਕੇ ਨਾਲ ਇਕੱਠੀ ਕੀਤੀ ਮਾਇਆ ਪਾਪਾਂ ਦਾ ਭਾਗੀ ਬਣਾਉਂਦੀ ਹੈ।

## ਸਾਖੀ ਗਿਆਰਵੀਂ—ਭਗਤ ਸੈਣਿ ਜੀ

ਭਗਤ ਸੈਣਿ ਜੀ ਜਾਤ ਦੇ ਨਾਈ ਸਨ। ਆਪ ਜੀ ਦੇ ਜਨਮ ਦੇ ਸੰਬੰਧ ਵਿਚ 2 ਤਰੀਕਾਂ ਵੱਖ-ਵੱਖ ਗ੍ਰੰਥਾਂਕਾਰਾਂ ਨੇ ਦਰਸਾਈਆਂ ਹਨ-ਇਕ ਸੰਨ 1390 ਈ., ਦੂਸਰੇ ਕਥਨ ਅਨੁਸਾਰ 1343 ਈ. ਮੰਨਿਆ ਹੈ। ਪਿਤਾ ਮੁਕੰਦ ਰਾਇ ਜੀ ਦੇ ਘਰ ਮਾਤਾ ਜੀਵਨੀ ਜੀ ਦੀ ਕੁੱਖੋਂ ਆਪ ਜੀ ਦਾ ਜਨਮ ਹੋਇਆ। ਸੈਣਿ ਜੀ ਬਾਂਧਵਗੜ੍ਹ, ਰਾਜਸਥਾਨ ਦੇ ਰਾਜਾ ਅਰੀਵਾ ਜੀ ਦੇ ਸ਼ਾਹੀ ਨਾਈ ਸਨ। ਆਪ ਜੀ ਰਾਜਾ ਅਰੀਵਾ ਜੀ ਦੀ ਮੁੱਠੀ-ਚਾਪੀ ਕਰਨ ਦਾ ਕੰਮ ਕਰਦੇ ਸਨ। ਜਿਥੇ ਆਪ ਜੀ ਇਹ ਕਿਰਤ ਕਰਦੇ ਸਨ, ਉਥੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਭਗਤ ਕਬੀਰ ਜੀ ਨੂੰ ਭਗਤੀ ਵਿਚ ਲੱਗਿਆ ਵੇਖਕੇ ਅਤੇ ਉਹਨਾਂ ਦਾ ਪ੍ਰਤਾਪ ਵੇਖ ਕੇ ਆਪ ਨੂੰ ਭਗਤੀ ਕਰਨ ਦਾ ਵੀ ਮਨ ਅੰਦਰ ਚਾਅ ਪੈਦਾ ਹੋ ਆਇਆ ਸੀ। ਇਕ ਕਥਨ ਅਨੁਸਾਰ ਸੈਣਿ ਜੀ ਨੇ ਸੁਆਮੀ ਰਾਮਾ ਨੰਦ ਜੀ ਤੋਂ ਗੁਰ-ਦੀਖਿਆ ਲਈ ਸੀ। ਰਾਮਾ ਨੰਦ ਜੀ ਦੇ ਪਾਸੋਂ ਉਪਦੇਸ਼ ਲੈ ਕੇ ਸੈਣਿ ਜੀ ਪ੍ਰੇਮ ਵਿਚ ਭਿੱਜੇ ਹੋਏ ਹਮੇਸ਼ਾ ਪ੍ਰਭੂ ਦੀ ਭਗਤੀ ਕਰਦੇ ਰਹਿੰਦੇ ਸਨ। ਗੁਰਮਤਿ ਦੇ ਸਿਧਾਂਤ ਅਨੁਸਾਰ ਆਪ ਜੀ ਦਿਨ ਸਮੇਂ ਰਾਜਾ ਅਰੀਵਾ ਦੀ ਸੇਵਾ ਵਿਚ ਹਾਜ਼ਰ ਹੋ ਜਾਂਦੇ ਸਨ। ਅੰਮ੍ਰਿਤ ਵੇਲੇ ਅਤੇ ਰਾਤ ਸਮੇਂ ਪ੍ਰਭੂ ਪਿਆਰਿਆਂ, ਸੰਤਾਂ ਭਗਤਾਂ ਨਾਲ ਮਿਲ ਕੇ ਪ੍ਰਭੂ-ਪ੍ਰਮਾਤਮਾ ਦੀ ਪ੍ਰੇਮਾ-ਭਗਤੀ ਕਰਦੇ ਸਨ। ਰਾਜਾ ਅਰੀਵਾ ਜੀ ਦੇ ਸਰੀਰ 'ਤੇ ਕੋਈ ਐਸਾ ਰੋਗ ਸੀ, ਜੋ ਉਸ ਨੂੰ ਮਾਲਿਸ਼ ਕਰਨ ਨਾਲ

ਕੁਝ ਅਰਾਮ ਮਿਲਦਾ ਸੀ। ਇਸ ਕਰਕੇ ਉਹ ਸੈਣਿ ਜੀ ਪਾਸੋਂ ਹਰ ਰੋਜ਼ ਆਪਣੇ ਸਰੀਰ ਉਪਰ ਮਾਲਿਸ਼ ਕਰਵਾਉਂਦਾ ਸੀ। ਭਗਤ ਸੈਣਿ ਜੀ ਨੇ ਬਹੁਤ ਲੰਮਾ ਸਮਾਂ ਰਾਜਾ ਅਰੀਵਾ ਜੀ ਦੀ ਸੇਵਾ ਮਾਲਿਸ਼ ਕਰਨ ਵਿਚ ਲਾਇਆ ਅਤੇ ਨਾਲ-ਨਾਲ ਪ੍ਰਮਾਤਮਾ ਦੀ ਪ੍ਰੇਮਾ-ਭਗਤੀ ਵਿਚ ਵੀ ਤੱਤਪਰ ਰਹਿੰਦੇ ਸਨ। ਪਰ ਹਰ ਰੋਜ਼ ਸੈਣਿ ਜੀ ਦੇ ਮਨ ਅੰਦਰ ਪ੍ਰਮਾਤਮਾ ਦਾ ਪ੍ਰੇਮ ਪ੍ਰਬਲ ਹੋਈ ਜਾ ਰਿਹਾ ਸੀ। ਇਕ ਦਿਨ ਐਸਾ ਹੋਇਆ ਕਿ ਰਾਤ ਸਮੇਂ ਨੂੰ ਭਗਤ ਜੀ ਦੇ ਪਾਸ ਸੰਤ ਲੋਕ ਆਏ। ਸੈਣਿ ਜੀ ਨੇ ਉਹਨਾਂ ਦੀ ਜਲ ਪਾਣੀ ਦੀ ਸੇਵਾ ਕੀਤੀ ਅਤੇ ਸੰਤਾਂ ਨਾਲ ਮਿਲਕੇ ਪ੍ਰਭੂ ਕੀਰਤਨ ਕਰਨ ਵਿਚ ਲੱਗ ਗਏ। ਉਸ ਦਿਨ ਸਾਰੇ ਸੰਤ ਜਨ ਅਤੇ ਭਗਤ ਜੀ ਐਸੇ ਪ੍ਰੇਮ ਭਗਤੀ ਵਿਚ ਮਗਨ ਹੋਏ ਕਿ ਭਗਤ ਜੀ ਨੂੰ ਸਮੇਂ ਦਾ ਚੇਤਾ ਹੀ ਭੁੱਲ ਗਿਆ। ਇਸ ਕਰਕੇ ਅੱਜ ਰਾਜਾ ਅਰੀਵਾ ਜੀ ਦੀ ਮਾਲਿਸ਼ ਨਹੀਂ ਕਰਨ ਜਾ ਸਕੇ। ਪਰ ਦੂਜੇ ਪਾਸੇ ਰਾਜੇ ਦੀ ਮਾਲਿਸ਼ ਲਈ ਸੈਣਿ ਜੀ ਦੇ ਭਗਤੀ ਵਿਚ ਲੀਨ ਹੋਣ ਸਦਕੇ ਪ੍ਰਮਾਤਮਾ ਖ਼ੁਦ ਸੈਣਿ ਦਾ ਰੂਪ ਧਾਰ ਕੇ ਰਾਜੇ ਦੀ ਮਾਲਿਸ਼ ਕਰਨ ਰਿਹਾ ਹੈ। ਹੁਣ ਜਿਸ ਸਮੇਂ ਸੰਤਾਂ ਭਗਤਾਂ ਨੂੰ ਵਿਦਾ ਕੀਤਾ ਤੇ ਫਿਰ ਯਾਦ ਆਇਆ ਕਿ ਅੱਜ ਰਾਜਾ ਮੈਨੂੰ ਕੀ ਆਖੇਗਾ। ਸੈਣਿ ਜੀ ਤੇਜ਼ੀ ਨਾਲ ਰਾਜ ਦੁਆਰੇ ਰਾਜੇ ਪਾਸ ਗਏ ਤਾਂ ਕੀ ਵੇਖਿਆ ਕਿ ਰਾਜਾ ਬਹੁਤ ਪ੍ਰਸੰਨ ਹੈ, ਕਿਉਂਕਿ ਪ੍ਰਮਾਤਮਾ ਨੇ ਸੈਣਿ ਰੂਪ ਧਾਰ ਕੇ ਰਾਜੇ ਦੀ ਮਾਲਿਸ਼ ਕਰਕੇ ਰਾਜੇ ਦਾ ਸਰੀਰਕ ਰੋਗ ਹੀ ਖ਼ਤਮ ਕਰ ਦਿੱਤਾ ਸੀ, ਇਸ ਕਰਕੇ ਰਾਜੇ ਨੂੰ ਮਨ ਵਿਚ ਇਹੀ ਪ੍ਰਤੀਤ ਹੋਇਆ ਹੈ ਕਿ ਮੇਰੀ ਮਾਲਿਸ਼ ਕਰਕੇ ਸੈਣਿ ਜੀ ਹੁਣੇ ਗਏ ਸਨ ਅਤੇ ਅੱਜ ਦੀ ਮਾਲਿਸ਼ ਨੇ ਮੇਰਾ ਰੋਗ ਮੇਟ ਦਿੱਤਾ ਹੈ। ਹੁਣ ਦੁਬਾਰਾ ਬੜੀ ਛੇਤੀ ਸੈਣਿ ਨੂੰ ਆਉਂਦਿਆਂ ਵੇਖ ਕੇ ਰਾਜੇ ਨੇ ਦੂਰੋਂ ਹੀ ਆਵਾਜ਼ ਦੇ ਕੇ ਆਪਣੀ ਸ਼ਾਹੀ-ਪੁਸ਼ਾਕ ਲਾਹ ਕੇ ਸੈਣਿ ਜੀ ਨੂੰ ਪਹਿਨਣ ਲਈ ਦੇ ਦਿੱਤੀ ਅਤੇ ਕਿਹਾ ਕਿ ਸੈਣਿ, "ਤੂੰ ਤਾਂ ਹੁਣੇ ਗਿਆ ਸੀ। ਫਿਰ ਆ ਗਿਆ ਹੈਂ, ਕੀ ਕੰਮ ? ਸੈਣਿ ਜੀ ਆਖਣ ਲੱਗੇ," "ਰਾਜਾ ਮੈਂ ਤਾਂ ਅੱਜ ਆਇਆ ਹੀ ਨਹੀਂ ਤੂੰ ਕਿਸ ਦੀ ਗੱਲ ਕਰਦਾ ਹੈ ? " ਰਾਜਾ ਕਹਿੰਦਾ "ਸੈਣਿ ਤੂੰ ਆਪ ਖ਼ੁਦ ਤਾਂ ਮੇਰੀ ਮਾਲਿਸ਼ ਕੀਤੀ ਅੱਜ ਦੀ ਤੇਰੀ ਮਾਲਿਸ਼ ਨੇ ਮੈਨੂੰ ਸਦਾ ਲਈ ਰਾਜ਼ੀ ਕਰ ਦਿੱਤਾ ਹੈ।" ਇਹ ਸੁਣ ਕੇ ਭਗਤ ਸੈਣਿ ਜੀ ਸਮਝ ਗਏ ਕਿ ਮੇਰੀ ਥਾਂ 'ਤੇ ਅੱਜ ਪ੍ਰਭੂ ਨੇ ਮੇਰਾ ਰੂਪ ਧਾਰ ਕੇ ਰਾਜੇ ਦੀ ਮਾਲਿਸ਼ ਕਰ ਦਿੱਤੀ ਹੈ।

ਭਗਤ ਸੈਣਿ ਜੀ ਪ੍ਰੇਮ ਵਿਚ ਭਿੱਜ ਗਏ ਤੇ ਮਨ ਵਿਚ ਫੈਸਲਾ ਕੀਤਾ ਕਿ ਮਨਾ! ਧੰਨ ਉਹ ਪਰਮੇਸ਼ਰ ਹੈ ਜਿਸ ਨੇ ਤੇਰੇ ਥਾਂ 'ਤੇ ਅੱਜ ਡਿਊਟੀ ਨਿਭਾਈ ਹੈ। ਅੱਜ ਤੋਂ ਪਿਛੋਂ ਸਦਾ ਹੀ ਉਸ ਪ੍ਰਭੂ ਦੀ ਪ੍ਰੇਮਾ-ਭਗਤੀ ਕਰਦੇ ਰਹਿਣਾ ਹੈ। ਇਸ ਸਾਰੇ ਪ੍ਰਸੰਗ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਇਸ ਤਰ੍ਹਾਂ ਨਿਰੂਪਣ ਕੀਤਾ :

ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ।
ਪ੍ਰੇਮ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ।
ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।

ਛਡਿ ਨਾ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।
ਸੈਣ ਰੂਪਿ ਹਰਿ ਜਾਇ ਕੈ ਆਇਆ ਰਾਣੈ ਨੋ ਰੀਝਾਈ।
ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸਰਮਾਈ।
ਰਾਣੈ ਦੂਰਹੁੰ ਸਦਿ ਕੈ ਗਲਹੁੰ ਕਵਾਇ ਖੋਲਿ ਪੈਨ੍ਹਾਈ॥
ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ।
ਪਰਗਟੁ ਕਰੈ ਭਗਤਿ ਵਡਿਆਈ॥ ੧੬॥

(ਵਾਰ ੧੦, ਪਉੜੀ ੧੬)

ਸਿੱਖਿਆ :– ਇਹ ਹੈ ਜੀ ਨਾਮ ਦੀ ਤਾਕਤ। ਜਦ ਨਾਮ ਬੰਦਗੀ ਕਰਦੇ ਹੋਏ ਜੀਵ ਦੀ ਬਿਰਤੀ ਜੁੜ ਜਾਏ, ਲਿਵ ਲੱਗ ਜਾਏ ਤਾਂ ਪ੍ਰਮੇਸ਼ਰ ਆਪ ਉਸਦਾ ਰੂਪ ਧਾਰ ਕੇ ਆਪਣੇ ਭਗਤਾਂ ਦੀਆਂ ਡਿਊਟੀਆਂ ਦੇਂਦਾ ਹੈ, ਕਾਰਜ ਸਵਾਰਦਾ ਹੈ।

## ਸਾਖੀ ਬਾਰ੍ਹਵੀਂ—ਸ਼ਹੀਦ ਭਾਈ ਮਨੀ ਸਿੰਘ ਜੀ

ਭਾਈ ਮਨੀ ਸਿੰਘ ਜੀ ਦਾ ਜਨਮ ਪਿੰਡ ਕੈਥੋਂਵਾਲ ਦੇ ਵਸਨੀਕ ਚੌਧਰੀ ਕਾਲੇ ਦੇ ਘਰ ਹੋਇਆ। ਭਾਈ ਸਾਹਿਬ ਦਾ ਨਾਂ ਮਾਪਿਆਂ ਨੇ 'ਮਨੀਆ' ਰੱਖਿਆ। ਉਹ ਸਵਾਂ ਪੰਜ ਵਰ੍ਹਿਆਂ ਦੇ ਸਨ ਕਿ ਉਹਨਾਂ ਦੇ ਪਿਤਾ ਚੌਧਰੀ ਕਾਲੇ ਨੇ ਉਹਨਾਂ ਨੂੰ ਗੁਰੂ ਤੇਗ਼ ਬਹਾਦਰ ਜੀ ਕੋਲ ਅਰਪਨ ਕਰ ਦਿੱਤਾ। ਉਹ ਛੋਟੀ ਉਮਰ ਤੋਂ ਹੀ ਸ੍ਰੀ ਦਸਮੇਸ਼ ਜੀ ਦੀ ਸੇਵਾ ਵਿਚ ਰਹੇ। ਉਨ੍ਹਾਂ ਨੇ ਸ੍ਰੀ ਕਲਗੀਧਰ ਜੀ ਪਾਸੋਂ ਅੰਮ੍ਰਿਤ ਛਕਿਆ ਤੇ ਉਨ੍ਹਾਂ ਦਾ ਨਾਂ ਮਨੀ ਸਿੰਘ ਹੋਇਆ। ਜਦ ਸੰਨ 1704 ਈ. ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਛੱਡਿਆ ਤਾਂ ਗੁਰੂ ਜੀ ਦੀ ਆਗਿਆ ਅਨੁਸਾਰ ਭਾਈ ਮਨੀ ਸਿੰਘ ਜੀ, ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਦੇ ਨਾਲ ਦਿੱਲੀ ਜਾ ਠਹਿਰੇ ਅਤੇ ਸੰਨ 1705 ਈ. ਵਿਚ ਸ੍ਰੀ ਦਸਮੇਸ਼ ਜੀ ਦੀ ਹਜ਼ੂਰੀ ਵਿਚ ਦਮਦਮਾ ਸਾਹਿਬ ਪੁੱਜੇ। ਦੱਖਣ ਦੀ ਧਰਤੀ ਨਾਂਦੇੜ ਜਾਣ ਸਮੇਂ ਭਾਈ ਮਨੀ ਸਿੰਘ ਜੀ ਗੁਰੂ ਜੀ ਦੇ ਨਾਲ ਗਏ। ਸੱਚਖੰਡ ਪਿਆਨਾ ਕਰਨ ਸਮੇਂ ਗੁਰੂ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ, ਮਾਤਾ ਸੁੰਦਰ ਕੌਰ ਜੀ ਪਾਸ ਦਿੱਲੀ ਰਹਿਣ ਲਈ ਭਾਈ ਮਨੀ ਸਿੰਘ ਜੀ ਦੇ ਨਾਲ ਭੇਜਿਆ।

ਇੱਥੋਂ ਹੀ ਮਾਤਾ ਸੁੰਦਰ ਕੌਰ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦਾ ਪ੍ਰਬੰਧ ਠੀਕ ਕਰਨ ਲਈ ਭਾਈ ਮਨੀ ਸਿੰਘ ਜੀ ਨੂੰ ਸੰਨ 1721 ਈ. ਦੇ ਸ਼ੁਰੂ ਵਿਚ ਸ੍ਰੀ ਦਰਬਾਰ ਸਾਹਿਬ ਜੀ ਦਾ ਗ੍ਰੰਥੀ ਬਣਾ ਕੇ ਭੇਜਿਆ। ਭਾਈ ਸਾਹਿਬ ਨੇ ਸ਼ਹਿਰ ਦੇ ਮੁੱਖੀ ਸਿੱਖਾਂ ਦੀ ਸਲਾਹ ਨਾਲ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਸੁਧਾਰਿਆ।

ਸ੍ਰੀ ਅੰਮ੍ਰਿਤਸਰ ਵਿਚ ਦੀਵਾਲੀ ਦਾ ਮੇਲਾ ਮੁਗ਼ਲ ਸਰਕਾਰ ਨੇ ਕਈ ਵਰ੍ਹਿਆਂ ਤੋਂ ਬੰਦ ਕੀਤਾ ਹੋਇਆ ਸੀ। ਸੰਨ 1716 ਈ. ਤੋਂ ਲੈ ਕੇ 1766 ਈ. ਤਕ ਖ਼ਾਲਸੇ ਦੇ ਇਮਤਿਹਾਨ ਦਾ ਸਮਾਂ ਸੀ। ਖ਼ਾਲਸੇ ਦੇ ਸਿਰਾਂ ਦੇ ਮੁੱਲ ਰੱਖੇ ਗਏ ਸਨ। ਦੁਸ਼ਮਣ ਦੀ ਤਾਕਤ ਨੂੰ ਤਬਾਹ ਕਰਨ ਲਈ ਅਤੇ ਚੰਗੇ ਦਿਨਾਂ ਲਈ ਤਿਆਰੀ ਕਰਨ ਖ਼ਾਲਸਾ ਲਈ ਖਿੰਡਿਆ-ਪੁੰਡਿਆ ਹੋਇਆ ਸੀ। ਖ਼ਾਲਸਾ ਜੰਗਲ ਬੇਲਿਆਂ ਪਹਾੜਾਂ, ਰੇਗਿਸਤਾਨ ਵਿਚ ਪਨਾਹ ਲਈ ਬੈਠਾ ਸੀ। ਖ਼ਾਲਸੇ ਦੀ ਤਾਕਤ ਨੂੰ ਇਕ-ਮੁੱਠ ਕਰਨ ਲਈ ਭਾਈ ਸਾਹਿਬ ਨੇ ਇਕ ਯੋਜਨਾ ਬਣਾਈ। ਸੰਮਤ 1795 ਈ. (ਸੰਨ 1738) ਵਿਚ ਭਾਈ ਸਾਹਿਬ ਨੇ ਲਾਹੌਰ ਦੇ ਸੂਬੇ ਪਾਸੋਂ ਦੀਵਾਲੀ ਦਾ ਮੇਲਾ ਲਾਉਣ ਦੀ ਆਗਿਆ ਮੰਗੀ। ਆਗਿਆ ਇਸ ਸ਼ਰਤ 'ਤੇ ਦਿੱਤੀ ਗਈ ਕਿ ਮੇਲੇ ਮਗਰੋਂ ਭਾਈ ਸਾਹਿਬ ਪੰਜ ਹਜ਼ਾਰ ਰੁਪਏ ਸਰਕਾਰ ਨੂੰ ਦੇਣ। ਮੇਲਾ ਦਸ ਦਿਨ ਰਹਿਣਾ ਸੀ। ਭਾਈ ਮਨੀ ਸਿੰਘ ਜੀ ਨੇ ਸੱਦੇ ਭੇਜੇ, ਪਰ ਉੱਧਰ ਸੂਬੇ ਨੇ ਦੀਵਾਨ ਲਖਪਤ ਰਾਏ ਦੀ ਮਦਦ ਵਾਸਤੇ ਬਹੁਤ ਸਾਰੀ ਫ਼ੌਜ ਭੇਜ ਦਿੱਤੀ, ਜਿਸ ਨੇ ਰਾਮ ਤੀਰਥ 'ਤੇ ਜਾ ਡੇਰਾ ਲਾਇਆ। ਇਹਨਾਂ ਦੀ ਚਾਲ ਸੀ ਕਿ ਮੇਲੇ 'ਤੇ ਜਦੋਂ ਖ਼ਾਲਸਾ ਇਕੱਠਾ ਹੋਵੇਗਾ ਤਾਂ ਹਮਲਾ ਕਰ ਕੇ ਖ਼ਾਲਸਾ ਤਬਾਹ ਕਰ ਦਿੱਤਾ ਜਾਵੇ। ਭਾਈ ਸਾਹਿਬ ਜੀ ਨੂੰ ਇਸ ਵਿਉਂਤ ਦਾ ਪਤਾ ਲੱਗ ਗਿਆ। ਭਾਈ ਸਾਹਿਬ ਨੇ ਦੁਬਾਰਾ ਹੁਕਮ ਕਰ ਭੇਜਿਆ ਕਿ ਖ਼ਾਲਸਾ ਇਕੱਤਰ ਨਾ ਹੋਵੇ। ਭਾਈ ਸਾਹਿਬ ਦੇ ਹੁਕਮ ਅਨੁਸਾਰ ਖ਼ਾਲਸਾ ਇਕੱਤਰ ਨਾ ਹੋਇਆ। ਦੀਵਾਲੀ ਤੋਂ ਬਾਅਦ ਜਦੋਂ ਲਾਹੌਰ ਦਰਬਾਰ ਨੇ ਪੈਸੇ ਮੰਗੇ ਤਾਂ ਭਾਈ ਸਾਹਿਬ ਨੇ ਸਪਸ਼ੱਟ ਕਹਿ ਦਿੱਤਾ ਕਿ ਤੁਹਾਡੀ ਚਾਲ ਵਿਚ ਖ਼ਾਲਸਾ ਨਹੀਂ ਆਵੇਗਾ। ਇਕ ਪਾਸੇ ਤੁਹਾਡੇ ਦਸਤੇ ਖ਼ਾਲਸੇ ਨੂੰ ਖ਼ਤਮ ਕਰਨ ਲਈ ਗਸ਼ਤ ਕਰਨ ਤੇ ਦੂਜੇ ਪਾਸੇ ਤੁਹਾਨੂੰ ਪੈਸੇ ਦੇਈਏ। ਤੁਹਾਡਾ ਇਹ ਵਾਇਦਾ ਸੀ ਕਿ ਅਸੀਂ ਖ਼ਾਲਸੇ ਨੂੰ ਕੁਝ ਨਹੀਂ ਕਹਾਂਗੇ। ਇਸ ਲਈ ਕਾਹਦੇ ਲਈ ਪੈਸੇ ਤਾਰੀਏ ? ਉਹਨਾਂ ਨੇ ਇਸ ਨੂੰ ਅਪਰਾਧ ਦਾ ਬਹਾਨਾ ਬਣਾ ਕੇ ਭਾਈ ਮਨੀ ਸਿੰਘ ਜੀ ਅਤੇ ਹੋਰ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਲਾਹੌਰ ਲੈ ਗਏ। ਉਥੇ ਉਹਨਾਂ ਨੂੰ ਕਿਹਾ ਗਿਆ, ਮੁਸਲਮਾਨ ਹੋ ਜਾਓ, ਨਹੀਂ ਤਾਂ ਤੁਹਾਡਾ ਬੰਦ-ਬੰਦ ਕੱਟ ਦਿੱਤਾ ਜਾਵੇਗਾ, ਪਰ ਭਾਈ ਮਨੀ ਸਿੰਘ ਜੀ ਨੇ ਮੁਸਲਮਾਨ ਬਣਨ ਤੋਂ ਸਾਫ ਇਨਕਾਰ ਕਰ ਦਿੱਤਾ। ਹੁਣ ਉਹ ਸਮਾਂ ਆ ਗਿਆ ਤੇ ਜੱਲਾਦ ਨੇ ਭਾਈ ਜੀ ਨੂੰ ਆਖਿਆ "ਅੱਖਾਂ ਤੇ ਪੱਟੀ ਬੰਨ੍ਹਣੀ ਜੇ ? " ਭਾਈ ਸਾਹਿਬ ਕਹਿੰਦੇ "ਲੋੜ ਨਹੀਂ ਤੂੰ ਆਪਣਾ ਕੰਮ ਕਰ।" ਜਦੋਂ ਜਲਾਦ ਗੁੱਟ ਤੋਂ ਫੜ ਕੇ ਵੱਢਣ ਲੱਗਾ ਤਾਂ ਭਾਈ ਸਾਹਿਬ ਨੇ ਰੋਕ ਦਿੱਤਾ ਤੇ ਕਿਹਾ,

"ਜੱਲਾਦ ਤੈਨੂੰ ਜਾਂ ਤਾਂ ਸਮਝ ਨਹੀਂ ਆਈ, ਜਾਂ ਤੂੰ ਆਪਣਾ ਕੰਮ ਭੁੱਲ ਗਿਆ ਹੈਂ, ਤੈਨੂੰ ਬੰਦ-ਬੰਦ ਕੱਟਣ ਲਈ ਕਿਹਾ ਗਿਆ ਹੈ। ਬੰਦ ਗੁਟ ਤੋਂ ਨਹੀਂ ਪੋਟੇ ਤੋਂ ਬਣਦਾ ਹੈ। ਇਸ ਬੰਦ ਤੋਂ ਪਹਿਲੇ ਕਿੰਨੇ ਹੀ ਬੰਦ ਬਣਦੇ ਹਨ, ਇਸ ਲਈ ਪੋਟਿਆਂ ਤੋਂ ਸ਼ੁਰੂ ਕਰ।"

ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ।

(ਅੰਗ ੯੫੫)

ਇਹ ਕਿਹੜੀ ਅਵੱਸਥਾ ਹੈ, "ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥" ਭਾਈ ਸਾਹਿਬ ਜੀ ਦਾ ਪੋਟਾ-ਪੋਟਾ, ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਜਾ ਰਿਹਾ ਹੈ ਪਰ ਭਾਈ ਮਨੀ ਸਿੰਘ ਜੀ ਨੇ ਗੁਰੂ ਦੀ ਕ੍ਰਿਪਾ, ਸਿਮਰਨ ਬਾਣੀ ਤੇ ਨਿਤਨੇਮ ਸਦਕਾ ਅਡੋਲ ਬੈਠ ਸ਼ਹੀਦੀ ਦਾ ਜਾਮ ਪੀਤਾ।

ਕਮਾਲ ਦੀ ਗੱਲ ਆਪ ਤਾਂ ਭਾਈ ਮਨੀ ਸਿੰਘ ਗੁਰੂ ਸਾਹਿਬ ਜੀ ਦੇ ਪਾਏ ਪੂਰਨਿਆਂ ਦੀ ਪਾਲਣਾ ਕਰਦੇ ਹੋਏ ਸ਼ਹੀਦ ਹੋਏ। ਪਰ ਪਰਿਵਾਰ ਵੀ ਪਿੱਛੇ ਨਹੀਂ ਰਿਹਾ। ਪੜ੍ਹੋ ਇਤਿਹਾਸ ਪਤਾ ਲੱਗਦਾ ਕਿੰਨਾ ਪਿਆਰ ਸੀ ਗੁਰੂ ਘਰ ਨਾਲ, ਭਾਈ ਸਾਹਿਬ ਜੀ ਦੇ 12 ਭਰਾ ਹੋਏ ਹਨ 12 ਦੇ 12 ਭਰਾਵਾਂ ਦੀ ਸ਼ਹੀਦੀ ਹੋਈ, 9 ਪੁੱਤਰ 9 ਦੇ 9 ਪੁੱਤਰ ਸ਼ਹੀਦ। ਇਨ੍ਹਾਂ ਪੁੱਤਰਾਂ ਵਿਚੋਂ ਹੀ ਇਕ ਪੁੱਤਰ ਹੋਏ ਬੱਚਿਤਰ ਸਿੰਘ ਜਿਸ ਨੇ ਨਾਗਨੀ ਬਰਛੇ ਨਾਲ ਹਾਥੀ ਦਾ ਮੁਕਾਬਲਾ ਕੀਤਾ। ਦੂਜਾ ਪੁੱਤਰ ਉਦੈ ਸਿੰਘ ਜਿਸਨੇ ਕੇਸਰੀ ਚੰਦ ਦਾ ਸਿਰ ਲਾਹ ਕੇ ਲਿਆਂਦਾ ਸੀ। 14 ਪੋਤਰੇ ਵੀ ਸ਼ਹੀਦ, ਭਾਈ ਮਨੀ ਸਿੰਘ ਜੀ ਦੇ 13 ਭਤੀਜੇ ਉਹ ਵੀ ਸ਼ਹੀਦ 9 ਚਾਚੇ ਵੀ ਸ਼ਹੀਦ, ਜਿਨ੍ਹਾਂ ਛੇਵੇਂ ਪਾਤਸ਼ਾਹ ਦੀ ਬੇਟੀ ਬੀਬੀ ਵੀਰੋ ਜੀ ਦੇ ਵਿਆਹ ਵੇਲੇ ਜਦ ਫ਼ੌਜਾਂ ਨੇ ਚੜ੍ਹਾਈ ਕੀਤੀ ਤਾਂ ਲੋਹਗੜ੍ਹ ਦੇ ਅਸਥਾਨ ਤੇ ਜਿਸ ਸਿੱਖ ਨੇ ਸ਼ਾਹੀ ਕਾਜ਼ੀ ਦਾ ਮੁਕਾਬਲਾ ਕਰਕੇ ਮੌਤ ਦੇ ਘਾਟ ਉਤਾਰਿਆਂ ਉਹ ਕੌਣ ਸੀ' ਉਹ ਭਾਈ ਮਨੀ ਸਿੰਘ ਜੀ ਦੇ ਦਾਦਾ ਜੀ ਸਨ। 5 ਦਾਦੇ ਭਰਾ ਵੀ ਸਨ, ਉਹ ਵੀ ਸ਼ਹੀਦ, ਸਹੁਰਾ ਲਖੀ ਸ਼ਾਹ ਵਣਜਾਰਾ ਜਿਸਨੇ ਗੁਰੂ ਤੇਗ਼ ਬਹਾਦਰ ਦੇ ਧੜ ਦਾ ਸੰਸਕਾਰ ਆਪਣੇ ਘਰ ਨੂੰ ਅੱਗ ਲਗਾ ਕੇ ਕੀਤਾ, ਉਹ ਵੀ ਸ਼ਹੀਦ ਹੋਏ। ਐਸੇ ਗੁਰੂ ਜੀ ਪਿਆਰੇ ਜੋ ਆਪ ਤੇ ਆਪਣੇ ਪਰਿਵਾਰ ਨੂੰ ਗੁਰੂ ਤੋਂ ਕੁਰਬਾਨ ਕਰ ਦੇਂਦੇ ਹਨ ਉਨ੍ਹਾਂ ਤੋਂ ਸੇਧ ਲੈ ਕੇ ਸਾਨੂੰ ਵੀ ਆਪਣਾ ਆਪ ਗੁਰੂ ਜੀ ਅੱਗੇ ਨਿਛਾਵਰ ਕਰਨਾ ਚਾਹੀਦਾ ਹੈ।

ਸਿੱਖਿਆ :- ਅਸੀਂ ਕਿਥੇ ਤੇ ਪਿਆਰ ਵਾਲੇ ਕਿਥੇ, ਐਸਾ ਪਿਆਰ ਗੁਰੂ ਨਾਲ ਸਾਨੂੰ ਵੀ ਪ੍ਰਾਪਤ ਹੋਵੇ।

# ਸਾਖੀ ਤੇਰ੍ਹਵੀਂ—ਬੀਬੀ ਭਾਨੀ ਜੀ

ਬੀਬੀ ਭਾਨੀ ਜੀ ਸਿੱਖ ਧਰਮ ਵਿੱਚ ਇਕ ਐਸੀ ਇਸਤਰੀ ਹੋਏ ਹਨ, ਜਿਸ ਦਾ ਸਾਨੀ ਸੰਸਾਰ ਵਿਚ ਕੋਈ ਨਹੀਂ ਹੈ। ਸਿੱਖ ਧਰਮ ਵਿਚ 10 ਗੁਰੂ ਸਾਹਿਬਾਨ ਹੋਏ ਹਨ। ਪਹਿਲੇ ਦੋ ਗੁਰੂ ਸਾਹਿਬਾਨ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਨੂੰ ਛੱਡ ਕੇ ਬਾਕੀ ਅੱਠ ਗੁਰੂ ਸਾਹਿਬਾਨ ਦਾ ਬੀਬੀ ਭਾਨੀ ਜੀ ਨਾਲ ਪ੍ਰਵਾਰਕ ਰਿਸ਼ਤਾ ਸੀ।

1. ਤੀਜੇ ਗੁਰੂ ਅਮਰਦਾਸ ਜੀ ਉਨ੍ਹਾਂ ਦੇ ਪਿਤਾ ਹਨ।

2. ਚੌਥੇ ਗੁਰੂ ਰਾਮਦਾਸ ਜੀ (ਜੇਠਾ ਜੀ) ਬੀਬੀ ਭਾਨੀ ਜੀ ਦੇ ਪਤੀ ਹਨ।

3. ਪੰਜਵੇਂ ਗੁਰੂ ਅਰਜਨ ਦੇਵ ਜੀ ਬੀਬੀ ਭਾਨੀ ਦੇ ਸਪੁੱਤਰ ਹਨ।

4. ਛੇਵੇਂ ਗੁਰੂ ਹਰਿਗੋਬਿੰਦ ਜੀ ਪੋਤੇ ਹਨ।

5. ਸਤਵੇਂ ਗੁਰੂ ਹਰਿਰਾਇ ਜੀ ਬੀਬੀ ਭਾਨੀ ਜੀ ਦੇ ਪੋਤੇ ਦੇ ਪੋਤੇ ਸਨ।

6. ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਬੀਬੀ ਭਾਨੀ ਜੀ ਦੇ ਪੋਤੇ ਦੇ ਪੋਤੇ ਦੇ ਪੁੱਤਰ ਸਨ।

7. ਨੌਵੇਂ ਗੁਰੂ ਤੇਗ ਬਹਾਦਰ ਜੀ ਬੀਬੀ ਭਾਨੀ ਜੀ ਦੇ ਪੋਤੇ ਦੇ ਸਪੁੱਤਰ ਸਨ।

8. ਦਸਵੇਂ ਗੁਰੂ ਗੋਬਿੰਦ ਸਿੰਘ ਜੀ ਬੀਬੀ ਭਾਨੀ ਜੀ ਦੇ ਪੋਤੇ ਹਰਿਗੋਬਿੰਦ ਦੇ ਪੋਤੇ ਸਨ।

ਚੂਨਾ ਮੰਡੀ ਲਾਹੌਰ ਵਿਚ ਠਾਕੁਰ ਹਰੀਦਾਸ ਮੱਲ ਸੋਢੀ ਦੇ ਘਰ 26 ਅੱਸੂ ਸੰਨ 1534 ਈ. ਨੂੰ ਵੀਰਵਾਰ ਮਾਤਾ ਦਿਆ ਕੌਰ ਜੀ ਦੀ ਕੁੱਖ ਤੋਂ ਬਾਲਕ ਪੈਦਾ ਹੋਇਆ, ਜਿਸ ਦਾ ਨਾਮ ਰਾਮਦਾਸ ਰੱਖਿਆ। ਪਰ ਪਲੇਠੀ ਦਾ ਬੱਚਾ ਹੋਣ ਕਰਕੇ ਸਾਰੇ ਜੇਠਾ ਜੀ ਆਖਦੇ ਸਨ। ਜਦ ਜੇਠਾ ਜੀ ਨੇ ਹੋਸ਼ ਸੰਭਾਲੀ ਤਾਂ ਉਨ੍ਹਾਂ ਦੇ ਪਿਤਾ ਹਰੀਦਾਸ ਦਾ ਦਿਹਾਂਤ ਹੋ ਗਿਆ। ਉਹ ਚੂਨਾ ਮੰਡੀ ਲਾਹੌਰ ਨੂੰ ਛੱਡ ਕੇ ਆਪਣੀ ਮਾਤਾ ਨਾਲ ਨਾਨੀ ਕੋਲ ਪਿੰਡ ਬਾਸਰਕੇ ਆ ਗਏ। ਨਾਨੀ ਨੇ ਅਤੇ ਮਾਤਾ ਨੇ ਜੇਠਾ ਜੀ ਨੂੰ ਛੋਲਿਆਂ ਦੀਆਂ ਘੁੰਗਣੀਆਂ ਬਣਾ ਕੇ ਦੇਣੀਆਂ ਤਾਂਕਿ ਵੇਚ ਕੇ ਕੁਛ ਪੈਸੇ ਕਮਾਵੇ ਅਤੇ ਨਾਲ ਧਿਆਨ ਲੱਗਾ ਰਹੇ। ਥੋੜ੍ਹੇ ਸਮੇਂ ਬਾਅਦ ਜੇਠਾ ਜੀ ਦੀ ਮਾਤਾ ਵੀ ਚੜ੍ਹਾਈ ਕਰ ਗਏ ਅਤੇ ਉਹ ਯਤੀਮ ਹੋ ਗਿਆ।

ਤੀਸਰੇ ਗੁਰੂ ਅਮਰਦਾਸ ਜੀ ਦਾ ਪਿੰਡ ਵੀ ਬਾਸਰਕੇ ਸੀ। ਉਹ ਜੇਠਾ, ਉਹਦੇ ਨਾਨਕੇ ਅਤੇ ਮਾਤਾ ਪਿਤਾ ਨੂੰ ਜਾਣਦੇ ਸਨ। ਜਦੋਂ ਗੁਰੂ ਅਮਰਦਾਸ ਜੀ ਨੂੰ ਗੁਰਿਆਈ

ਦੀ ਗੱਦੀ ਮਿਲੀ ਤਾਂ ਗੁਰੂ ਅੰਗਦ ਦੇਵ ਜੀ ਨੇ ਕਿਹਾ ਕਿ ਆਪ ਖਡੂਰ ਸਾਹਿਬ ਨੂੰ ਛੱਡ ਕੇ ਗੋਇੰਦਵਾਲ ਚਲੇ ਜਾਓ, ਜੋ ਬਿਆਸਾ ਨਦੀ ਕੰਢੇ ਉੱਪਰ ਹੈ। ਸੋ ਗੁਰੂ ਅਮਰਦਾਸ ਜੀ ਗੋਇੰਦਵਾਲ ਆ ਗਏ ਅਤੇ ਕੁਝ ਸਮੇਂ ਬਾਅਦ ਗੁਰੂ ਜੀ ਨੇ ਆਪਣੇ ਪਰਿਵਾਰ ਨੂੰ ਵੀ ਗੋਇੰਦਵਾਲ ਸੱਦ ਲਿਆ।

ਗੁਰੂ ਅਮਰਦਾਸ ਜੀ ਦੀਆਂ ਦੋ ਲੜਕੀਆਂ ਸਨ। ਵੱਡੀ ਸਪੁੱਤਰੀ ਬੀਬੀ ਦਾਨੀ ਜੀ ਭਾਈ ਰਾਮਾ ਜੀ ਨਾਲ ਵਿਆਹੀ ਹੋਈ ਸੀ ਅਤੇ ਛੋਟੀ ਬੀਬੀ ਭਾਨੀ ਸੀ ਜੋ ਵਰ ਯੋਗ ਸੀ।

ਇਕ ਦਿਨ ਬਾਸਰਕੇ ਦੀ ਸੰਗਤ ਜੁੜ ਕੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਗੋਇੰਦਵਾਲ ਨੂੰ ਚਲੀ ਤਾਂ ਜੇਠਾ ਜੀ ਵੀ ਸੰਗਤ ਨਾਲ ਗੋਇੰਦਵਾਲ ਆ ਗਏ। ਉਸ ਸਮੇਂ ਗੋਇੰਦਵਾਲ ਵਿਚ ਬਾਉਲੀ ਸਾਹਿਬ ਦੀ ਸੇਵਾ ਚੱਲ ਰਹੀ ਸੀ। ਜੇਠਾ ਜੀ ਬੜੇ ਪਿਆਰ ਨਾਲ ਦਿਨ ਰਾਤ ਸੇਵਾ ਕਰਦੇ। ਮਾਤਾ ਮਨਸਾ ਦੇਵੀ ਜੀ ਨੇ ਇਕ ਦਿਨ ਗੁਰੂ ਜੀ ਨੂੰ ਆਖਿਆ ਕਿ ਭਾਨੀ ਵਰ ਜੋਗ ਹੋ ਗਈ ਹੈ ਇਸ ਲਈ ਪ੍ਰੋਹਿਤ ਨੂੰ ਚੰਗੇ ਰਿਸ਼ਤੇ ਵਾਸਤੇ ਆਖੋ। ਤਿੰਨ ਦਿਨ ਉਪਰੰਤ ਜਦ ਮਾਤਾ ਜੀ ਗੁਰੂ ਜੀ ਪਾਸ ਬੈਠੇ ਸਨ ਤਾਂ ਗੁਰੂ ਅਮਰਦਾਸ ਜੀ ਨੇ ਪੁੱਛਿਆ ਲੜਕਾ ਕੈਸਾ ਹੋਵੇ। ਅਚਾਨਕ ਜੇਠਾ ਜੀ ਸੇਵਾ ਕਰਦੇ-ਕਰਦੇ ਏਧਰ ਆ ਨਿਕਲੇ ਤਾਂ ਮਾਤਾ ਜੀ ਨੇ ਵੇਖ ਕੇ, ਇਨ੍ਹਾਂ ਵੱਲ ਇਸ਼ਾਰਾ ਕੀਤਾ ਕਿ ਲੜਕਾ ਇਸ ਵਰਗਾ ਹੀ ਸੁੰਦਰ ਭੋਲਾ-ਭਾਲਾ ਏਡਾ ਕੁ ਹੋਵੇ। ਜੋ ਵੇਖਣ ਵਿਚ ਵੀ ਸੋਹਣਾ ਲੱਗੇ। ਤਾਂ ਗੁਰੂ ਜੀ ਨੇ ਜੇਠਾ ਜੀ ਨੂੰ ਪਾਸ ਬੁਲਾ ਕੇ ਉਸ ਦੇ ਮਾਂ ਬਾਪ ਦਾ ਨਾਮ ਅਤੇ ਨਾਨਕਿਆਂ ਬਾਬਤ ਪੁੱਛਿਆ। ਫਿਰ ਗੁਰੂ ਜੀ ਨੇ ਮਾਤਾ ਨੂੰ ਕਿਹਾ ਕਿ ਇਸ ਵਰਗਾ ਤਾਂ ਇਹ ਹੀ ਹੈ। ਇਹ ਸੰਜੋਗਾਂ ਦਾ ਭੇਜਿਆ ਹੋਇਆ ਹੀ ਇਥੇ ਆਇਆ ਹੈ। ਸੋ ਗੁਰੂ ਜੀ ਨੇ ਆਪਣੀ ਛੋਟੀ ਸਪੁੱਤਰੀ ਭਾਨੀ ਦੀ ਮੰਗਣੀ ਜੇਠਾ ਨਾਲ ਕਰ ਦਿੱਤੀ ਅਤੇ ਆਪ ਜੀ ਨੇ ਛੇਤੀ ਹੀ ਜੇਠਾ ਜੀ ਦੇ ਤਾਏ ਚਾਚਿਆਂ ਨੂੰ ਲਾਹੌਰ ਤੋਂ ਅਤੇ ਨਾਨਕਿਆਂ ਨੂੰ ਬਾਸਰਕੇ ਤੋਂ ਗੋਇੰਦਵਾਲ ਸੱਦ ਕੇ 22 ਫੱਗਣ ਸੰਨ 1553 ਈ. ਨੂੰ ਬੀਬੀ ਭਾਨੀ ਦਾ ਵਿਆਹ ਕਰ ਦਿੱਤਾ। ਗੁਰੂ ਅਮਰਦਾਸ ਜੀ ਨੇ ਜੇਠਾ ਜੀ ਨੂੰ ਆਖਿਆ ਜੋ ਮੰਗਣਾ ਹੈ ਮੰਗ ਲੈ, ਪਰ ਜੇਠਾ ਜੀ ਨੇ ਗੁਰੂ ਦੇ ਚਰਨਾਂ ਵਿਚ ਨਿਵਾਸ ਅਤੇ ਨਾਮ ਦਾ ਦਾਨ ਮੰਗਿਆ। ਵਿਆਹ ਪਿਛੋਂ ਜੇਠਾ ਜੀ ਦੇ ਰਿਸ਼ਤੇਦਾਰ ਤਾਂ ਵਾਪਸ ਚਲੇ ਗਏ ਪਰ ਜੇਠਾ ਜੀ ਤਾਂ ਗੋਇੰਦਵਾਲ ਹੀ ਸੇਵਾ ਵਿਚ ਲੀਨ ਹੋ ਗਏ।

ਉਧਰ ਬੀਬੀ ਭਾਨੀ ਜੀ, ਜੋ ਆਪਣੇ ਪਿਤਾ ਨੂੰ ਪਰਮਾਤਮਾ ਦਾ ਰੂਪ ਸਮਝ ਕੇ ਮਨੋਂ ਤਨੋਂ ਹੋ ਕੇ ਸੇਵਾ ਕਰ ਰਹੀ ਸੀ। ਸਵਾ ਪਹਿਰ ਸਵੇਰੇ ਉਠ ਕੇ ਪਾਣੀ ਗਰਮ ਕਰ ਕੇ ਗੁਰੂ ਜੀ ਨੂੰ ਰੋਜ਼ ਇਸ਼ਨਾਨ ਕਰਾਉਣਾ, ਉਹਨਾਂ ਦੇ ਜ਼ਿੰਮੇ ਸੀ। ਇਸ ਤਰ੍ਹਾਂ ਇਕ ਦਿਨ ਚੌਂਕੀ ਦਾ ਇਕ ਪਾਵਾ ਟੁੱਟ ਗਿਆ ਤਾਂ ਬੀਬੀ ਭਾਨੀ ਨੇ ਛੇਤੀ ਨਾਲ ਚੌਂਕੀ ਹੇਠਾਂ ਆਪਣਾ

ਪੈਰ ਰੱਖ ਦਿੱਤਾ। ਚੌਂਕੀ ਦੀ ਮੇਖ ਭਾਨੀ ਜੀ ਦੇ ਪੈਰ ਵਿਚ ਖੁੱਭ ਗਈ। ਪੈਰ ਵਿਚੋਂ ਲਹੂ ਵਗਣ ਲੱਗ ਪਿਆ। ਪਰ ਬੀਬੀ ਭਾਨੀ ਜੀ ਨੇ ਕੋਈ ਪ੍ਰਵਾਹ ਨਾ ਕੀਤੀ। ਜਦੋਂ ਗੁਰੂ ਜੀ ਨੇ ਵੇਖਿਆ ਕਿ ਲਾਲ ਰੰਗ ਦਾ ਪਾਣੀ ਕਿਥੋਂ ਆ ਗਿਆ ਹੈ, ਤਾਂ ਕੀ ਵੇਖਦੇ ਹਨ ਕਿ ਭਾਨੀ ਨੇ ਚੌਂਕੀ ਦੇ ਪਾਵੇ ਦੀ ਥਾਂ ਆਪਣਾ ਪੈਰ ਥੱਲੇ ਦਿੱਤਾ ਹੋਇਆ ਹੈ ਤੇ ਓਸ ਵਿਚੋਂ ਖ਼ੂਨ ਵਗ ਰਿਹਾ ਹੈ। ਗੁਰੂ ਜੀ ਬੀਬੀ ਭਾਨੀ ਜੀ 'ਤੇ ਦਿਆਲ ਹੋ ਗਏ ਅਤੇ ਆਖਣ ਲੱਗੇ ਮੰਗ ਲੈ ਜੋ ਮੰਗਣਾ ਹੈ। ਭਾਨੀ ਜੀ ਨੇ ਕਿਹਾ ਪਿਤਾ ਜੀ ! ਜੇ ਤੁੱਠੇ ਹੋ ਤਾਂ ਅੱਗੋਂ ਗੱਦੀ ਘਰ ਵਿਚ ਹੀ ਰਹੇ। ਤਾਂ ਗੁਰੂ ਜੀ ਨੇ ਅੰਤਰ-ਧਿਆਨ ਹੋ ਕੇ ਵੇਖਿਆ ਕਿ ਅੱਗੇ ਕਸ਼ਟ ਭੀ ਕਾਫੀ ਹਨ। ਜਦੋਂ ਕਸ਼ਟ ਬਾਰੇ ਦੱਸਿਆ ਤਾਂ ਬੀਬੀ ਭਾਨੀ ਜੀ ਕਹਿਣ ਲੱਗੇ ਮੇਰਾ ਨਾਮ ਭਾਨੀ ਆਪ ਜੀ ਨੇ ਹੀ ਰੱਖਿਆ ਹੈ, ਆਪੇ ਭਾਣਾ ਮੰਨਵਾ ਲੈਣਾ।

ਬੀਬੀ ਭਾਨੀ ਜੀ ਇਕ ਪਤੀਵਰਤਾ ਇਸਤਰੀ ਸੀ। ਉਹ ਹਰ ਵਕਤ ਆਪਣੇ ਪਤੀ ਰਾਮਦਾਸ ਜੀ ਦੀ ਸੁੱਖ-ਸਾਂਦ ਅਤੇ ਉਨ੍ਹਾਂ ਦੀ ਆਤਮਿਕ ਉੱਨਤੀ ਲਈ ਪ੍ਰਾਰਥਨਾ ਕਰਦੇ ਰਹਿੰਦੇ ਸਨ।

ਜਦੋਂ ਗੱਦੀ ਦੇਣ ਦੀ ਗੱਲ ਆਈ ਤਾਂ ਬੀਬੀ ਭਾਨੀ ਜੀ ਦੀ ਪਤੀਵਰਤਾ ਸ਼ਕਤੀ ਅਤੇ ਗੁਰੂ ਜੀ ਨਾਲ ਪ੍ਰੇਮ ਤੇ ਸੇਵਾ ਨੇ ਕੰਮ ਕੀਤਾ। ਗੁਰੂ ਅਮਰਦਾਸ ਜੀ ਨੇ ਥੜ੍ਹੇ ਵੀ ਬਣਵਾਏ, ਜਿਸ ਵਿਚੋਂ ਜੇਠਾ ਜੀ ਪਾਸ ਹੋਏ। ਆਖਰ ਗੁਰੂ ਅਮਰਦਾਸ ਜੀ ਨੇ ਜੇਠਾ ਜੀ ਨੂੰ ਗੱਦੀ ਦਿੱਤੀ ਤੇ ਨਾਲ ਹੀ ਆਪਣੀ ਉਮਰ (6 ਸਾਲ 11 ਮਹੀਨੇ 7 ਦਿਨ) ਵੀ ਦਿੱਤੀ। ਕਿਉਂਕਿ ਜੇਠਾ ਜੀ ਦੀ ਉਮਰ ਸਮਾਪਤ ਸੀ।

ਅੱਗੋਂ ਜਿੰਨੇ ਵੀ ਗੁਰੂ ਚੌਥੀ ਪਾਤਸ਼ਾਹੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਤਕ ਸਭ ਸੋਢੀ ਸਨ। ਇਹ ਵਰ ਬੀਬੀ ਭਾਨੀ ਜੀ ਨੇ ਹੀ ਮੰਗਿਆ ਸੀ ਜੋ ਗੁਰੂ ਅਮਰਦਾਸ ਜੀ ਨੇ ਪੂਰਾ ਕੀਤਾ।

ਸਿੱਖਿਆ :- ਗੁਰੂ ਦੀ ਪਿਆਰ ਨਾਲ ਕੀਤੀ ਸੇਵਾ ਕੁਲਾਂ ਤੱਕ ਝੋਲੀਆਂ ਭਰ ਦਿੰਦੀ ਹੈ।

# ਸਾਖੀ ਚੌਦਵੀਂ—ਪੈਂਦੇ ਖ਼ਾਂ

ਤੁਸੀਂ ਇਕ ਨਾਂ ਸੁਣਿਆ ਹੋਵੇਗਾ, ਪੈਂਦੇ ਖਾਂ। ਲਾਵਾਰਿਸ ਸੀ, ਛੇਵੇਂ ਪਾਤਸ਼ਾਹ ਨੇ ਪਾਲਿਆ, ਵੱਡਾ ਕੀਤਾ। ਮੱਤ ਤੇ ਪਰਦਾ ਪੈ ਗਿਆ, ਦੁਸ਼ਮਣਾਂ ਨਾਲ ਰਲ ਗਿਆ। ਉਹ ਮੁਗ਼ਲ ਫ਼ੌਜਾਂ ਨਾਲ ਰਲ ਕੇ ਛੇਵੇਂ ਪਾਤਸ਼ਾਹ ਦੇ ਸਨਮੁਖ ਜੰਗ ਕਰਨ ਆ ਗਿਆ। ਇਸ ਨੂੰ ਕਹਿੰਦੇ ਨੇ ਅਕ੍ਰਿਤਘਣ। ਜਿਥੇ ਵੱਡਾ ਹੋਇਆ, ਖਾਧਾ, ਉਨ੍ਹਾਂ ਦੇ ਹੀ ਸਾਹਮਣੇ ਆ ਗਿਆ ਲੜਨ। ਤੇ ਸਾਹਮਣੇ ਖੜਾ ਹੋ ਆਖਦਾ ਹੈ—ਤੁਸੀਂ ਮੈਨੂੰ ਸਾਰੇ ਦਾਅਪੇਚ ਸਿਖਾਏ ਨੇ, ਮੈਂ ਤੁਹਾਡੇ ਸਾਰੇ ਦਾਅ-ਪੇਚ ਜਾਣਦਾ ਹਾਂ, ਮੇਰੇ 'ਤੇ ਕਿਹੜਾ ਚਲਾਉਗੇ ? ਇਕ-ਦੋ ਵਾਰ ਹੋਏ, ਕੁਝ ਇਧਰੋਂ, ਕੁਝ ਓਧਰੋਂ। ਇਕ ਐਸਾ ਵਾਰ ਹੋਇਆ, ਪੈਂਦੇ ਖਾਂ ਲਹੂ ਨਾਲ ਲੱਥਪੱਥ ਧੜੱਮ ਕਰ ਕੇ ਜਦੋਂ ਧਰਤੀ 'ਤੇ ਡਿੱਗਾ, ਦੁਪਹਿਰ ਦਾ ਕੋਈ ਇਕ-ਡੇਢ ਵਜੇ ਦਾ ਸਮਾਂ ਸੀ, ਸੂਰਜ ਦੀਆਂ ਤੇਜ਼ ਕਿਰਨਾਂ ਪੈ ਰਹੀਆਂ ਸਨ, ਜਦੋਂ ਪੈਂਦੇ ਖਾਂ ਡਿੱਗਾ ਤੇ ਛੇਵੇਂ ਪਾਤਸ਼ਾਹ, ਇਕ ਗੋਡਾ ਥੱਲੇ ਤੇ ਇਕ ਉੱਤੇ ਕਰਕੇ, ਪੈਂਦੇ ਖਾਂ ਦੇ ਕੋਲ ਬੈਠ ਗਏ, ਪੈਂਦੇ ਖਾਂ ਨੂੰ ਆਪਣੀ ਗੋਦੀ ਵਿਚ ਲੈ ਲਿਆ, ਆਪਣੀ ਢਾਲ ਦੇ ਨਾਲ ਉਸ ਉੱਤੇ ਛਾਂ ਕੀਤੀ, ਕਿਉਂਕਿ ਧੁੱਪ ਬੜੀ ਤੇਜ਼ ਪੈ ਰਹੀ ਹੈ। ਜਦੋਂ ਕੋਲ ਹੋਏ ਤੇ ਮੱਥਾ ਪੜ੍ਹ ਲਿਆ। ਕਹਿੰਦੇ, "ਹੈ ਤੇ ਅਕ੍ਰਿਤਘਣ, ਗੁਰੂ-ਘਰ 'ਚ ਵੱਡਾ ਹੋਇਆ, ਪਲਿਆ ਤੇ ਗੁਰੂ-ਘਰ ਨਾਲ ਹੀ ਲੜਨ ਆ ਗਿਆ।" ਕਹਿੰਦੇ, ਪੈਂਦੇ ਖਾਂ! ਤੇਰਾ ਮੱਥਾ ਪੜ੍ਹਿਆ ਹੈ, ਤੇਰਾ ਸਮਾਂ ਥੋੜ੍ਹਾ ਰਹਿ ਗਿਆ ਹੈ, ਚੰਦ ਸੁਆਸ ਬਾਕੀ ਨੇ, ਕਲਮਾ ਪੜ੍ਹ, ਦਰਗਾਹ ਨੂੰ ਜਾਵੇਂ! ਪੈਂਦੇ ਖਾਂ ਨੂੰ ਮਹਿਸੂਸ ਹੋਇਆ ਮੈਂ ਗ਼ਲਤੀ ਕੀਤੀ ਹੈ। ਸ਼ਰਧਾ ਆ ਗਈ। ਜਦ ਸਤਿਗੁਰੂ ਜੀ ਨੂੰ ਦੇਖਿਆ ਕਿ ਮੈਨੂੰ ਗੋਦੀ ਵਿਚ ਲਿਆ ਤੇ ਕਲਮਾਂ ਪੜ੍ਹਨ ਵਾਸਤੇ ਕਹਿ ਰਹੇ ਹਨ। ਕਹਿੰਦਾ, ਸਤਿਗੁਰੂ! ਕਲਮਾਂ ਕਿਸ ਦਾ ਪੜ੍ਹਾਂ, ਤੇਰੇ ਦਰਸ਼ਨ ਹੀ ਮੇਰੀਆਂ ਕਲਮਾਂ ਨੇ, ਸ਼ਰਧਾ ਆ ਗਈ ਕਿ ਜਿਸ ਦਾ ਕਲਮਾਂ ਪੜ੍ਹਨਾ ਹੈ ਉਹ ਤੂੰ ਹੀ ਤੇ ਹੈਂ। ਕਿੰਨੇ ਕੁ ਸੁਆਸ ਬਾਕੀ ਹੋਣਗੇ ? ਸ਼ਰਧਾ ਆ ਗਈ, ਕਲਮਾਂ ਕਿਸ ਦਾ ਪੜ੍ਹਾਂ ? ਤੂੰ ਆਪ ਹੀ ਤੇ ਅੱਲ੍ਹਾ ਦਾ ਰੂਪ ਧਰਤੀ 'ਤੇ ਆਇਆ ਹੈਂ! ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਖੀਰਲੇ ਸੁਆਸਾਂ ਵਿਚ ਉਸ ਪੈਂਦੇ ਖਾਂ ਨੂੰ ਬਖਸ਼ਿਆ। ਸਤਿਗੁਰੂ ਕਹਿੰਦੇ, "ਅਖੀਰਲੇ ਸੁਆਸਾਂ ਵਿਚ ਸ਼ਰਧਾ ਆ ਗਈ, ਪਰਵਾਨ ਹੋ ਗਿਆ।"

ਸਿੱਖਿਆ :- ਵੱਡੇ ਤੋਂ ਵੱਡਾ ਅਕ੍ਰਿਤਘਣ ਵੀ ਜੇ ਗੁਰੂ ਚਰਨਾਂ ਵਿਚ ਢਹਿ ਪਵੇ ਤਾਂ ਉਹ ਵੀ ਬਖਸ਼ਿਆ ਜਾਂਦਾ ਹੈ। ਗੁਰੂ ਨਾਨਕ ਦੇ ਘਰ ਦਾ ਐਸਾ ਬਿਰਦ ਹੈ।

# ਸਾਖੀ ਪੰਦਰਵੀਂ—ਛੋਟੇ ਸਾਹਿਬਜ਼ਾਦੇ

ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਸਨ, ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਜੀ।

ਪਹਾੜੀ ਰਾਜੇ ਅਤੇ ਮੁਸਲਮਾਨ ਹਾਕਮ ਸਿੱਖਾਂ ਨੂੰ ਵੀ ਹੋਰਨਾਂ ਦੀ ਤਰ੍ਹਾਂ ਆਪਣਾ ਗੁਲਾਮ ਬਣਾਉਣਾ ਚਾਹੁੰਦੇ ਸਨ। ਪਰ ਸਿੱਖ ਉਨ੍ਹਾਂ ਦੀ ਈਨ ਨਹੀਂ ਸਨ ਮੰਨਦੇ। ਇਸ ਲਈ ਉਹ ਸਿੱਖਾਂ ਉੱਤੇ ਫੌਜ ਚਾੜ੍ਹ ਕੇ ਲੈ ਆਉਂਦੇ ਸਨ। ਇਕ ਵਾਰ ਪਹਾੜੀ ਹਿੰਦੂ ਰਾਜਿਆਂ ਤੇ ਮੁਗ਼ਲ ਹਾਕਮਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ।

ਇਹ ਘੇਰਾ ਲਗਭਗ ਸੱਤ ਮਹੀਨੇ ਤਕ ਰਿਹਾ, ਪਰ ਗੁਰੂ ਕੇ ਸਿੰਘ ਕਾਫੀ ਔਕੜਾਂ ਦਾ ਸਾਹਮਣਾ ਕਰਦੇ ਹੋਏ ਵੀ ਸ਼ੇਰਾਂ ਵਾਂਗ ਜੂਝਦੇ ਰਹੇ। ਆਖਿਰ ਖੁਰਾਕ ਦੀ ਘਾਟ ਨੇ ਸਰੀਰ ਲਿੱਸੇ ਕਰ ਦਿੱਤੇ ਅਗੇ ਰੋਗ ਵੀ ਆ ਪਏ ਤੇ ਸਿੰਘਾਂ ਦੇ ਮਨ ਡੋਲਣ ਲੱਗ ਪਏ। 40 ਸਿੰਘਾਂ ਨੇ ਬੇਦਾਵਾ ਲਿਖ ਕੇ ਦਿੱਤਾ, "ਤੁਸੀਂ ਸਾਡੇ ਗੁਰੂ ਨਹੀਂ, ਅਸੀਂ ਤੇਰੇ ਸਿੱਖ ਨਹੀਂ।" ਗੁਰੂ ਜੀ ਨੂੰ ਪਿੱਠ ਦਿਖਾ ਔਖੇ ਵੇਲੇ ਸਾਥ ਛੱਡ ਘਰਾਂ ਨੂੰ ਚਲੇ ਗਏ। ਉੱਧਰ ਦੂਜੇ ਪਾਸੇ ਪਹਾੜੀ ਰਾਜੇ ਤੇ ਮੁਗ਼ਲ ਫੌਜਾਂ ਨੇ ਆਟੇ ਦੀ ਗਊ ਬਣਾ ਕੇ, ਮੁਗ਼ਲਾਂ ਨੇ ਕੁਰਾਨ ਦੀ ਕਸਮ ਖਾ ਕੇ ਕਿਹਾ, ਤੁਸੀਂ ਕਿਲ੍ਹਾ ਛੱਡ ਦੇਵੋ ਅਸੀਂ ਤੁਹਾਡਾ ਕੋਈ ਨੁਕਸਾਨ ਨਹੀਂ ਕਰਾਂਗੇ। ਗੁਰੂ ਸਾਹਿਬ ਇਸ ਕਸਮ ਨੂੰ ਝੂਠੀ ਜਾਣਦੇ ਹੋਏ ਨਾ ਮੰਨੇ ਪਰ ਸਿੰਘਾਂ ਦੇ ਕਹਿਣ ਤੇ ਆਖਿਰ ਅਨੰਦਪੁਰ ਦਾ ਕਿਲ੍ਹਾ ਛੱਡ ਦਿੱਤਾ। 19-20 ਦਸੰਬਰ 1704 ਈ. (6-7 ਪੋਹ) ਦੀ ਰਾਤ ਨੂੰ ਅਨੰਦਪੁਰ ਦਾ ਕਿਲ੍ਹਾ ਛੱਡਿਆ। ਜਦ ਇਹ ਵਹੀਰ ਕੀਰਤਪੁਰ ਤੋਂ ਹੋ ਕੇ ਸਰਸਾ ਨਦੀ ਪਾਸ ਪੁੱਜਾ ਤਾਂ ਵੈਰੀ ਨਾਲ ਘਮਸਾਨ ਦਾ ਯੁੱਧ ਹੋਇਆ। ਗੁਰੂ ਜੀ ਨੇ ਸਰਸਾ ਨਦੀ ਪਾਰ ਕੀਤੀ। ਗੁਰੂ ਜੀ, ਵੱਡੇ ਸਾਹਿਬਜ਼ਾਦੇ ਤੇ ਕਈ ਸਿੰਘ ਚਮਕੌਰ ਵੱਲ ਚਲੇ ਗਏ। ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਤੇ ਮਾਤਾ ਗੁਜਰੀ ਜੀ ਨੂੰ ਵਜ਼ੀਰ ਖ਼ਾਂ ਦਾ ਸੂਹੀਆ ਗੰਗੂ ਬ੍ਰਾਹਮਣ ਆਪਣੇ ਪਿੰਡ ਖੇੜੀ ਲੈ ਗਿਆ। ਪਰਿਵਾਰ ਭਾਵੇਂ ਵਿੱਛੜ ਗਿਆ, ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ, ਕੀਮਤੀ ਸਮਾਨ ਤੂਫਾਨ ਤੇ ਭਾਰੀ ਬਾਰਸ਼ ਕਰਕੇ ਸਰਸਾ ਦੇ ਭੇਟ ਹੋ ਗਿਆ ਪਰ ਸਤਿਗੁਰੂ ਜੀ ਨੇ ਦਇਆ ਸਿੰਘ ਜੀ ਦੀ ਡਿਊਟੀ ਲਗਾ ਕੇ 250 ਸਿੰਘ ਵੈਰੀਆਂ ਦਾ ਮੁਕਾਬਲਾ ਕਰਨ ਲਈ ਪਹਿਰੇ ਤੇ ਲਗਾ ਦਿੱਤਾ ਤੇ ਆਪ 250 ਸਿੰਘਾਂ ਸਮੇਤ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਉਪਰੰਤ ਆਸਾ ਦੀ ਵਾਰ ਦੇ ਦੀਵਾਨ ਨੂੰ ਸਜਾਉਣਾ ਕੀਤਾ, ਪਹਿਰੇ ਤੇ ਲੱਗੇ 250 ਸਿੰਘ ਮੁਗ਼ਲ ਫ਼ੌਜ ਨੂੰ ਅੱਗੇ ਵੱਧਣ ਤੋਂ ਰੋਕਦਿਆਂ ਜੰਗ ਵਿਚ ਸ਼ਹੀਦ ਹੋ ਗਏ। ਦੀਵਾਨ ਦੀ ਸਮਾਪਤੀ ਤੇ ਭਾਈ

ਦਇਆ ਸਿਘ ਜੀ ਗੁਰੂ ਜੀ ਨੂੰ ਕਹਿਣ ਲੱਗੇ, "ਸਤਿਗੁਰੂ ਜੀ ਅੱਜ ਆਸਾ ਦੀ ਵਾਰ ਨਾ ਸੁਣਦੇ ਤਾਂ ਕੀ ਹੋ ਜਾਣਾ ਸੀ, 250 ਸਿੰਘ ਜੋ ਪਹਿਰੇ ਤੇ ਖਲੋਤੇ ਸਨ ਸਾਰੇ ਸ਼ਹੀਦ ਹੋ ਗਏ।" ਕਲਗੀਧਰ ਪਾਤਸ਼ਾਹ ਕਹਿਣ ਲੱਗੇ, "ਦਇਆ ਸਿੰਘ ਭਾਵੇਂ ਬਾਕੀ ਰਹਿੰਦੇ 250 ਸਿੰਘ ਵੀ ਸ਼ਹੀਦ ਹੋ ਜਾਂਦੇ, ਤੁਸੀਂ ਵੀ ਸ਼ਹੀਦ ਹੋ ਜਾਂਦੇ, ਮੈਂ ਵੀ ਲੇਖੇ ਲੱਗ ਜਾਂਦਾ ਇਹ ਆਸਾ ਦੀ ਵਾਰ ਸੁਣਨੀ ਸਾਨੂੰ ਤਾਂ ਵੀ ਮਹਿੰਗੀ ਨਹੀਂ ਪਈ।" ਇਉਂ ਮਹਾਰਾਜ ਨੇ ਆਉਣ ਵਾਲੇ ਸਮੇਂ ਵਿਚ ਸਿੱਖਾਂ ਨੂੰ ਆਪਣੇ ਨਿਤਨੇਮ ਵਿਚ ਪਰਪੱਕ ਰਹਿਣ ਦੀ ਪ੍ਰੇਰਨਾ ਦਿੱਤੀ। ਓਧਰ ਸਰਹੰਦ ਦੇ ਸੂਬੇਦਾਰ ਮੁਗ਼ਲ ਹਾਕਮ ਨੇ ਗੁਰੂ ਜੀ ਤੇ ਉਨ੍ਹਾਂ ਦੇ ਪਰਿਵਾਰ ਨੂੰ ਫੜ ਲਿਆਉਣ ਲਈ ਇਨਾਮ ਰੱਖੇ ਹੋਏ ਸਨ। ਇਨਾਮ ਦੇ ਲਾਲਚ ਵਿਚ ਆ ਕੇ ਗੰਗੂ ਬ੍ਰਾਹਮਣ ਨੇ ਗੱਦਾਰੀ ਕਰਦੇ ਹੋਏ ਸਰਹੰਦ ਦੇ ਸੂਬੇਦਾਰ ਵਜ਼ੀਰ ਖ਼ਾਂ ਨੂੰ ਖ਼ਬਰ ਭਿਜਵਾ ਕੇ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਕਿਲ੍ਹੇ ਦੇ ਬੁਰਜ ਵਿਚ ਕੈਦ ਕੀਤਾ ਗਿਆ। ਦਸੰਬਰ ਮਹੀਨੇ ਦੀ ਸਖ਼ਤ ਡਾਢੀ ਸਰਦੀ ਸੀ ਪਰ ਸਾਹਿਬਜ਼ਾਦੇ ਘਬਰਾਏ ਨਹੀਂ। ਮਾਤਾ ਗੁਜਰੀ ਜੀ ਉਹਨਾਂ ਨੂੰ ਜ਼ਾਲਮ ਦਾ ਦ੍ਰਿੜ੍ਹਤਾ ਨਾਲ ਟਾਕਰਾ ਕਰਨ ਦੀ ਸਿੱਖਿਆ ਦੇਂਦੇ ਰਹੇ।

ਦੂਸਰੇ ਦਿਨ ਸਾਹਿਬਜ਼ਾਦਿਆਂ ਨੂੰ ਕਚਿਹਰੀ ਵਿਚ ਪੇਸ਼ ਕੀਤਾ ਗਿਆ। ਸਾਹਿਬਜ਼ਾਦਿਆਂ (ਬਾਬਾ ਜ਼ੋਰਾਵਰ ਸਿੰਘ ਤੇ ਫਤਹਿ ਸਿੰਘ ਜੀ) ਦੇ ਚੇਹਰਿਆਂ 'ਤੇ ਕੋਈ ਉਦਾਸੀ ਜਾਂ ਡਰ ਨਹੀਂ ਸੀ। ਵਜ਼ੀਰ ਖ਼ਾਂ ਸਰਹਿੰਦ ਦੇ ਸੂਬੇਦਾਰ ਨੇ ਸਮਝਾਇਆ ਕਿ ਤੁਹਾਡੇ ਪਿਤਾ, ਭਰਾ ਅਤੇ ਹੋਰ ਸਿੰਘ ਸ਼ਹੀਦ ਹੋ ਚੁਕੇ ਹਨ, ਤੁਸੀਂ ਹੁਣ ਬਿਲਕੁਲ ਇਕੱਲੇ ਹੋ, ਤੁਹਾਡਾ ਕੋਈ ਆਸਰਾ ਨਹੀਂ, ਤੁਸੀਂ ਮੁਸਲਮਾਨ ਹੋ ਜਾਵੋ, ਤੁਹਾਨੂੰ ਹਰ ਤਰ੍ਹਾਂ ਦੇ ਸੁੱਖ ਮਿਲਣਗੇ। ਤੁਹਾਨੂੰ ਨਵਾਬ ਦੇ ਬੱਚਿਆਂ ਵਾਂਗ ਰੱਖਿਆ ਜਾਵੇਗਾ। ਸਾਹਿਬਜ਼ਾਦੇ ਨਾ ਤਾਂ ਸੁੱਖਾਂ ਦੇ ਲਾਲਚ ਵਿਚ ਆਏ ਅਤੇ ਨਾ ਹੀ ਡਰੇ। ਉਹਨਾਂ ਨੂੰ ਬਾਣੀ ਦਾ ਆਸਰਾ ਸੀ। ਭਾਵੇਂ ਉਹਨਾਂ ਦੀ ਉਮਰ ਕੇਵਲ 8 ਤੇ 6 ਸਾਲ ਸੀ ਪਰ ਬਾਣੀ ਦੇ ਪ੍ਰਭਾਵ ਅਤੇ ਗੁਰੂ ਪਿਤਾ ਜੀ ਦੀ ਅਸੀਸ ਕਰਕੇ ਉਹ ਬਿਲਕੁਲ ਨਿੱਡਰ ਹੋ ਗਏ ਸਨ। ਉਹਨਾਂ ਠੋਕ-ਵਜਾ ਕੇ ਕਿਹਾ ਕਿ ਅਸੀਂ ਧਰਮ ਨਹੀਂ ਛੱਡ ਸਕਦੇ। ਦਰਬਾਰੀ ਹੈਰਾਨ ਹੋਏ ਕਿ ਇਤਨੀ ਛੋਟੀ ਉਮਰ ਵਿਚ ਵੀ ਇਹ ਧਰਮ ਵਿਚ ਇਤਨੇ ਪੱਕੇ ਹਨ, ਇਤਨੇ ਨਿਡਰ ਹਨ। ਦਰਬਾਰੀਆਂ ਨੇ ਕਿਹਾ, "ਜੇ ਅਸੀਂ ਤੁਹਾਨੂੰ ਛੱਡ ਦੇਈਏ ਤਾਂ ਤੁਸੀਂ ਕੀ ਕਰੋਗੇ ? " ਸਾਹਿਬਜ਼ਾਦਿਆਂ ਨੇ ਜਵਾਬ ਦਿੱਤਾ, "ਅਸੀਂ ਜਾ ਕੇ ਸਿੰਘਾਂ ਨੂੰ ਇਕੱਤਰ ਕਰਾਂਗੇ ਅਤੇ ਤੁਹਾਡੇ ਜ਼ੁਲਮ ਦੇ ਖਾਤਮੇ ਵਾਸਤੇ ਜੰਗ ਕਰਾਂਗੇ।"

ਦਰਬਾਰੀਆਂ ਨੇ ਫਿਰ ਸੁਆਲ ਕੀਤਾ, "ਜੇ ਤੁਸੀਂ ਹਾਰ ਗਏ, ਫਿਰ ਕੀ ਕਰੋਗੇ।"

ਉਹਨਾਂ ਜਵਾਬ ਦਿੱਤਾ, "ਹਾਰ ਸਾਡੇ ਜੀਵਨ ਵਿਚ ਲਿਖੀ ਹੀ ਨਹੀਂ, ਅਸੀਂ ਫ਼ੌਜ

ਤਿਆਰ ਕਰਕੇ ਤੁਹਾਡੇ ਨਾਲ ਉਦੋਂ ਤਕ ਜੰਗ ਕਰਦੇ ਰਹਾਂਗੇ ਜਦੋਂ ਤਕ ਜ਼ੁਲਮ ਦੇ ਰਾਜ ਨੂੰ ਖ਼ਤਮ ਨਹੀਂ ਕਰ ਲੈਂਦੇ ਜਾਂ ਅਸੀਂ ਸ਼ਹੀਦ ਨਹੀਂ ਹੋ ਜਾਂਦੇ।" ਤੀਸਰੇ ਦਿਨ ਫਿਰ ਕਚਹਿਰੀ ਲੱਗੀ ਤੇ ਸਾਹਿਬਜ਼ਾਦਿਆਂ ਨੂੰ ਬੁਲਾਇਆ ਗਿਆ। ਅੱਜ ਮੁਗ਼ਲ ਫ਼ੌਜ ਨੇ ਵੱਡਾ ਦਰਵਾਜ਼ਾ ਨਾ ਖੋਲ੍ਹਿਆ, ਲੰਘਣ, ਵਾਸਤੇ ਛੋਟਾ ਦਰਵਾਜ਼ਾ ਹੀ ਖੋਲ੍ਹਿਆ ਤਾਂ ਜੋ ਜਦ ਝੁਕ ਕੇ ਦਰਵਾਜ਼ੇ ਤੋਂ ਲੰਘਣ ਅਸੀਂ ਕਹਾਂਗੇ ਇਨ੍ਹਾਂ ਮੁਗ਼ਲ ਰਾਜ ਅੱਗੇ ਸੀਸ ਨਿਵਾ ਦਿੱਤਾ ਹੈ, ਪਰ ਸਾਹਿਬਜ਼ਾਦਿਆਂ ਨੇ ਐਸਾ ਨਾ ਕੀਤਾ ਉਹਨਾਂ ਨੇ ਦਰਵਾਜ਼ੇ ਤੋਂ ਨਿਕਲਣ ਸਮੇਂ ਪਹਿਲਾਂ ਆਪਣੇ ਪੈਰਾਂ 'ਚ ਪਾਈ ਜੁੱਤੀ ਅੱਗੇ ਕੀਤੀ, ਇਹ ਵੇਖ ਸਭ ਹੈਰਾਨ ਹੋ ਗਏ।

ਵਜ਼ੀਰ ਖ਼ਾਂ ਨੂੰ ਬੜਾ ਗੁੱਸਾ ਆਇਆ। ਉਸ ਨੇ ਕਾਜ਼ੀ ਕੋਲੋਂ ਫਤਵਾ ਲਗਵਾ ਕੇ ਸਾਹਿਬਜ਼ਾਦਿਆਂ ਨੂੰ ਦੀਵਾਰਾਂ ਵਿਚ ਜ਼ਿੰਦਾ ਚਿਣ ਦੇਣ ਦਾ ਹੁਕਮ ਕੀਤਾ। ਮਲੇਰਕੋਟਲੇ ਦੇ ਨਵਾਬ ਨੇ ਗਿਲਾ ਕੀਤਾ ਕਿ ਬੱਚਿਆਂ ਨਾਲ ਵੈਰ ਨਹੀਂ ਕਮਾਉਣਾ ਚਾਹੀਦਾ, ਇਹ ਬੱਚੇ ਹਨ, ਸਾਡੀ ਲੜਾਈ ਇਨ੍ਹਾਂ ਦੇ ਪਿਤਾ ਨਾਲ ਹੈ। ਪਰ ਨਵਾਬ ਦੇ ਇਕ ਜ਼ਲੀਲ ਦੀਵਾਨ ਸੁੱਚਾ ਨੰਦ ਨੇ ਕਿਹਾ ਕਿ ਇਨ੍ਹਾਂ ਨੂੰ ਮਾਰ ਦਿੱਤਾ ਜਾਵੇ, ਕਿਉਂਕਿ ਸੱਪ ਦੇ ਬੱਚੇ ਸੱਪ ਹੀ ਹੁੰਦੇ ਹਨ। ਇਸ ਦੇ ਜ਼ੋਰ ਪਾਉਣ 'ਤੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਜ਼ਿੰਦਾ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਸਾਹਿਬਜ਼ਾਦੇ ਖ਼ੁਸ਼ੀ-ਖ਼ੁਸ਼ੀ ਸ਼ਹੀਦ ਹੋ ਗਏ, ਪਰ ਜ਼ਰਾ ਨਾ ਘਬਰਾਏ। ਉਹਨਾਂ ਨੇ ਵਾਹਿਗੁਰੂ ਵਿਚ ਹੀ ਧਿਆਨ ਜੋੜੀ ਰੱਖਿਆ।

ਬੰਦਾ ਸਿੰਘ ਬਹਾਦਰ ਨੇ ਜਦ ਪੰਜਾਬ 'ਤੇ ਹਮਲਾ ਕੀਤਾ ਤਾਂ ਵਜ਼ੀਰ ਖ਼ਾਂ ਤੋਂ ਗਿਣ-ਗਿਣ ਕੇ ਬਦਲੇ ਲਏ ਗਏ ਅਤੇ ਉਸ ਨੂੰ ਉਸ ਦੇ ਕੀਤੇ ਦੀ ਸਜ਼ਾ ਦਿੱਤੀ।

ਸਿੱਖਿਆ :- ਇਕ ਵਾਹਿਗੁਰੂ ਦੇ ਹੁਕਮ ਨੂੰ ਮੰਨ ਲੈਣ ਨਾਲ ਸਾਰੇ ਡਰ ਦੂਰ ਹੋ ਜਾਂਦੇ ਹਨ। ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਜਾਣ ਨਾਲ ਬੱਚੇ ਵੀ ਵੱਡੀ ਤੋਂ ਵੱਡੀ ਤਾਕਤ ਦਾ ਟਾਕਰਾ ਕਰ ਸਕਦੇ ਹਨ। ਲਾਲਚ, ਸੁੱਖ, ਐਸ਼, ਸਾਰੇ ਨਹੀਂ ਲਏ, ਧਰਮ ਵਿਚ ਕਿੰਨੀ ਪ੍ਰਪੱਕਤਾ ਹੈ ਛੋਟੇ ਸਾਹਿਬਜ਼ਾਦਿਆਂ ਦੀ।

❖❖❖

# ਬੇਨਤੀ

ਗੁਰੂ ਗੋਬਿੰਦ ਸਿੰਘ ਜੀ ਦੀ ਅਪਾਰ ਕ੍ਰਿਪਾ ਸਦਕਾ ਤਿੰਨ ਲਹਿਰਾਂ ਦੀ ਸੇਵਾ ਸਤਿਗੁਰੂ ਜੀ ਨੇ ਆਪ ਲਈ ਹੈ ਅਤੇ ਚੌਥੀ ਲਹਿਰ ਆਰੰਭ ਹੋਣ ਜਾ ਰਹੀ ਹੈ।

| | |
|---|---|
| ਪਹਿਲੀ ਲਹਿਰ : | 300 ਸਾਲ ਗੁਰਬਾਣੀ ਕੰਠ ਦੇ ਨਾਲ |
| ਦੂਸਰੀ ਲਹਿਰ : | 300 ਸਾਲ ਲਿਖਣ ਭਗਤੀ ਦੇ ਨਾਲ |
| ਤੀਸਰੀ ਲਹਿਰ : | 300 ਸਾਲ ਸਿੱਖੀ ਸਰੂਪ ਦੇ ਨਾਲ |
| ਚੌਥੀ ਲਹਿਰ : | 300 ਸਾਲ ਸਿੱਖ ਇਤਿਹਾਸ ਦੇ ਨਾਲ |

ਇਹਨਾਂ ਲਹਿਰਾਂ ਨਾਲ ਬੱਚਿਆਂ ਅਤੇ ਵੱਡਿਆਂ ਵਿਚ ਇਕ ਨਵੀਂ ਚੇਤਨਾ, ਪਿਆਰ ਅਤੇ ਉਤਸ਼ਾਹ ਪੈਦਾ ਹੋਇਆ ਹੈ।

ਇਹਨਾਂ ਲਹਿਰਾਂ ਤੇ ਬੇਅੰਤ ਖਰਚਾ ਵੀ ਹੈ, ਪਰ ਖ਼ੁਸ਼ੀ ਵੀ ਹੈ। 300 ਸਾਲ ਗੁਰਬਾਣੀ ਕੰਠ ਦੇ ਨਾਲ ਲਹਿਰ ਵਿਚ 11 ਲੱਖ 32 ਹਜ਼ਾਰ ਬੱਚਿਆਂ ਨੇ ਜਪੁ ਜੀ ਸਾਹਿਬ ਅਤੇ ਚੌਪਈ ਸਾਹਿਬ ਜ਼ੁਬਾਨੀ ਕੰਠ ਕੀਤੀ। ਇਹ ਸਭ ਸਤਿਗੁਰੂ ਜੀ ਦੀ ਕ੍ਰਿਪਾ ਹੀ ਵਰਤ ਰਹੀ ਹੈ।

ਦਸਵੰਧ ਦੇ ਸੰਬੰਧ ਵਿਚ ਹਰ ਪਲ ਆਪ ਜੀ ਦੇ ਸਹਿਯੋਗ ਦੀ ਲੋੜ ਹੈ। ਇਹ ਜੋ ਕਿਤਾਬ ਆਪ ਜੀ ਦੇ ਹੱਥ ਵਿਚ ਹੈ। ਇਸ ਕਿਤਾਬ ਦੀ ਛਪਾਈ ਅਤੇ ਗਿਣਤੀ ਤੇ ਹੀ ਤਕਰੀਬਨ ਪੌਣੇ ਦੋ ਕਰੋੜ ਰੁਪਏ ਦਾ ਖਰਚਾ ਆਇਆ ਹੈ ਅਤੇ ਇਹ ਸੰਗਤਾਂ ਵਿਚ ਬਿਲਕੁਲ ਮੁਫ਼ਤ ਦਿੱਤੀ ਜਾ ਰਹੀ ਹੈ।

ਤਕਰੀਬਨ ਹਰ ਸਿੱਖ ਦਸਵੰਧ ਕੱਢਦਾ ਹੈ। ਤੁਹਾਡਾ ਦਸਵੰਧ ਸਹੀ ਜਗ੍ਹਾ ਲੱਗੇ, ਬੱਚਾ-ਬੱਚਾ ਇਤਿਹਾਸ ਨਾਲ ਜੁੜੇ, ਗੁਰਬਾਣੀ ਨਾਲ ਜੁੜੇ ਅਤੇ ਸਿੱਖੀ ਨਾਲ ਜੁੜੇ ਇਸ ਲਈ ਆਪ ਜੀ ਵੱਲੋਂ ਪੂਰਨ ਸਹਿਯੋਗ ਅਤੇ ਅਸੀਸ ਦੀ ਲੋੜ ਹੈ।

ਇਹਨਾਂ ਚਾਰੇ ਲਹਿਰਾਂ ਲਈ ਅਗਰ ਆਪ ਜੀ ਆਪਣੇ ਦਸਵੰਧ ਵਿਚੋਂ ਕੋਈ ਚੈਕ

ਜਾਂ ਡਰਾਫਟ ਭੇਜਣਾ ਚਾਹੋ ਤਾਂ ਹੇਠ ਲਿਖੇ ਨਾਮ ਅਤੇ ਪਤੇ ਤੇ ਭੇਜਣਾ ਜੀ :

ਨਾਮ : ਮਾਤਾ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)

ਪਤਾ : ਮਾਤਾ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)

ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ।

ਤੁਸੀਂ ਆਪਣਾ ਪੂਰਾ ਪਤਾ ਸਾਫ਼-ਸਾਫ਼ ਅਖਰਾਂ ਵਿਚ ਲਿਖ ਕੇ ਨਾਲ ਜ਼ਰੂਰੀ ਭੇਜਣਾ ਜੀ ਤਾਂ ਕਿ ਰਸੀਦ ਅਤੇ ਸਤਿਕਾਰ ਆਪ ਜੀ ਦੇ ਦਿੱਤੇ ਪਤੇ 'ਤੇ ਪੋਸਟ ਕੀਤਾ ਜਾ ਸਕੇ। ਟਰੱਸਟ ਨੂੰ ਦਿੱਤੀ ਸੇਵਾ ਵਿਚ ਇੰਨਕਮ ਟੈਕਸ ਦੇ ਕਾਨੂੰਨ 80-G ਅਨੁਸਾਰ ਛੂਟ ਹੈ ਜੀ।

ਜੇਕਰ ਆਪ ਜੀ ਨੇ ਦਸਵੰਧ ਦੀ ਸੇਵਾ ਸਿੱਧੀ ਬੈਂਕ ਵਿਚ ਭੇਜਣੀ ਹੋਵੇ ਤਾਂ ਸਾਡਾ ਆਨ ਲਾਈਨ ਅਕਾਉਂਟ ਨੰਬਰ (ONLINE ACCOUNT NO.) ਹੇਠ ਲਿਖੇ ਅਨੁਸਾਰ ਹੈ ਜੀ :

ਨਾਮ : ਮਾਤਾ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)

ਨੰਬਰ : 3398000100114013

ਬੈਂਕ : ਪੰਜਾਬ ਨੈਸ਼ਨਲ ਬੈਂਕ, ਕੋਟ ਮਿਤ ਸਿੰਘ,
ਤਰਨ ਤਾਰਨ ਰੋਡ, ਅੰਮ੍ਰਿਤਸਰ ਹੈ ਜੀ।

ਜ਼ਰੂਰੀ ਬੇਨਤੀ : ਆਨ ਲਾਈਨ ਬੈਂਕ ਖਾਤੇ ਵਿਚ ਸੇਵਾ ਪਾ ਕੇ ਮੋਬਾਇਲ ਨੰ: 98765-25820 ਤੇ ਜ਼ਰੂਰ ਸੂਚਿਤ ਕਰੋ ਜੀ ਤਾਂ ਕਿ ਆਪ ਜੀ ਨੂੰ ਰਸੀਦ ਅਤੇ ਸਤਿਕਾਰ ਪੋਸਟ ਕੀਤਾ ਜਾ ਸਕੇ।

ਧੰਨਵਾਦ ਸਹਿਤ।

ਦਾਸ : ਭਾਈ ਗੁਰਇਕਬਾਲ ਸਿੰਘ ਅਤੇ ਸਹਿਯੋਗੀ